SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

12ਵਾਂ ਸਾਲ ਹਫਤਾਵਾਰੀ

# ਦੇਸ਼ ਦੁਆਬਾ

VOL -12 ISSUE - 22
September 6, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

## ਜਾਤ-ਪਾਤ ਵਿਤਕਰਾ ਰੋਕੂ ਬਿਲ SB 403 ਸੈਨੇਟ ਨੇ ਵੀ ਕੀਤਾ ਪਾਸ







ਤਸਵੀਰਾਂ- ਧੰਨਵਾਦ ਸਹਿਤ




**ਸੈਕਰਾਮੈਂਟੋ (ਕੈਲੇਫੋਰਨੀਆ)-** ਸੈਨੇਟਰ ਆਸ਼ਾ ਵਹਾਬ ਵੱਲੋਂ ਲਿਆਂਦਾ ਗਿਆ (ਜਾਤ-ਪਾਤ ਵਿਤਕਰਾ ਰੋਕੂ ਬਿਲ) SB 403, 5 ਸਤੰਬਰ 2023 ਨੂੰ ਸੈਨੇਟ ਵਿਚ ਵੀ ਪਾਸ ਹੋ ਚੁੱਕਾ ਹੈ। ਇਸ ਤੋਂ ਪਹਿਲਾਂ ਇਹ ਬਿਲ ਕੈਲੇਫੋਰਨੀਆ ਅਸੈਂਬਲੀ ਦੁਆਰਾ 28 ਅਗਸਤ 2023 ਨੂੰ ਪਾਸ ਕੀਤਾ ਗਿਆ ਸੀ। ਦੋਵੇਂ ਸਦਨਾਂ ਵੱਲੋਂ ਪਾਸ ਹੋਇਆ ਇਹ ਬਿਲ ਹੁਣ ਗਵਰਨਰ ਸਾਹਿਬ ਕੋਲ ਮਨਜੂਰੀ ਲਈ ਜਾਵੇਗਾ। ਉਹਨਾਂ ਦੁਆਰਾ ਪਾਸ ਹੋਣ ਉਪਰੰਤ ਇਹ ਬਿਲ ਕਾਨੂੰਨ ਬਣ ਜਾਵੇਗਾ। ਹੋਰ ਵਧੇਰੇ ਜਾਣਕਾਰੀ ਲਈ ਸਾਡੇ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਇਸ ਬਿਲ 'ਤੇ ਅਗਲੇਰੀ ਪ੍ਰਕਿਰਿਆ ਬਾਰੇ ਜਾਣਕਾਰੀ ਅਗਲੇ ਅੰਕਾਂ ਵਿਚ ਦਿੱਤੀ ਜਾਵੇਗੀ।

# ਰਾਜਧਾਨੀ ਦਿੱਲੀ ਵਿਚ ਜੀ-20 ਸੰਮੇਲਨ ਦੀਆਂ ਜੋਰਦਾਰ ਤਿਆਰੀਆਂ

## ਪ੍ਰੈਜ਼ੀਡੈਂਟ ਆਫ ਇੰਡੀਆ ਨਹੀਂ 'ਭਾਰਤ' ਦੇ ਨਾਂ ਨਾਲ ਭੇਜਿਆ ਗਿਆ ਵਿਦੇਸ਼ੀ ਮਹਿਮਾਨਾਂ ਨੂੰ ਸੱਦਾ



**ਨਵੀਂ ਦਿੱਲੀ (ਬਿਊਰੋ)-** ਜੀ-20 ਸਿਖਰ ਸੰਮੇਲਨ 9 ਤੇ 10 ਸਤੰਬਰ ਨੂੰ ਦਿੱਲੀ ਵਿਚ ਹੋਣ ਜਾ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਸਮੇਤ ਕਈ ਦੇਸ਼ਾਂ ਦੇ ਮੁਖੀ ਕੁਝ ਦਿਨਾਂ ਵਿਚ ਭਾਰਤ ਆਉਣ ਵਾਲੇ ਹਨ। ਭਾਰਤ ਦੀ ਕੋਸ਼ਿਸ਼ ਹੈ ਕਿ ਇਸ ਮੌਕੇ 'ਤੇ ਇਨ੍ਹਾਂ ਵਿਦੇਸ਼ੀ ਮਹਿਮਾਨਾਂ ਦੀ ਮਹਿਮਾਨ-ਨਿਵਾਜ਼ੀ ਵਿਸ਼ੇਸ਼ ਤਰੀਕੇ ਨਾਲ ਕੀਤੀ ਜਾਵੇ। ਇਸ ਦੌਰਾਨ ਕਾਂਗਰਸੀ ਆਗੂ ਜੈਰਾਮ ਰਮੇਸ਼ ਨੇ ਦਾਅਵਾ ਕੀਤਾ ਕਿ 9 ਸਤੰਬਰ ਨੂੰ ਰਾਸ਼ਟਰਪਤੀ ਭਵਨ ਵਿਚ ਹੋਣ ਵਾਲੇ ਜੀ-20 ਡਿਨਰ ਲਈ ਸੱਦਾ ਪੱਤਰ ਵਿਚ ਪ੍ਰੈਜ਼ੀਡੈਂਟ ਆਫ ਇੰਡੀਆ ਦੀ ਥਾਂ ਪ੍ਰੈਜ਼ੀਡੈਂਟ ਆਫ ਭਾਰਤ ਲਿਖਿਆ ਹੈ।

ਕੇਂਦਰ ਸਰਕਾਰ ਨੇ ਮੰਗਲਵਾਰ ਨੂੰ ਕਿਹਾ ਕਿ 9 ਤੇ 10 ਸਤੰਬਰ ਨੂੰ ਰਾਸ਼ਟਰੀ ਰਾਜਧਾਨੀ 'ਚ ਕਰਵਾਏ ਜਾਣ ਵਾਲੇ ਜੀ-20 ਸਿਖਰ ਸੰਮੇਲਨ ਦੇ ਮੱਦੇਨਜ਼ਰ ਕੁਝ ਸਰਕਾਰੀ ਦਫ਼ਤਰਾ ਨੂੰ ਸੁਰੱਖਿਆ ਜਾਂਚ ਲਈ ਬੰਦ ਕੀਤਾ ਜਾਵੇਗਾ। ਕਾਰਜ ਮੰਤਰਾਲੇ ਨੇ ਇਨ੍ਹਾਂ ਦਫ਼ਤਰਾ ਦੀ ਸੂਚੀ ਸਾਂਝੀ ਕੀਤੀ ਹੈ। ਜਿਨ੍ਹਾਂ ਨੂੰ ਬੰਦ ਰੱਖਿਆ ਜਾਵੇਗਾ। ਇਸ 'ਚ ਦੂਰਦਰਸ਼ਨ ਟਾਵਰ-1, ਦੂਰਦਰਸ਼ਨ ਟਾਵਰ-2, ਭਾਰਤ ਸੰਚਾਰ ਭਵਨ, ਚੋਣ ਕਮਿਸ਼ਨ ਦਫ਼ਤਰ, ਵਿਦੇਸ਼ ਮੰਤਰਾਲੇ ਦਫ਼ਤਰ, ਕੇਜੀ ਮਾਰਗ, ਕਰਾਫਟ ਮਿਊਜ਼ੀਅਮ, ਰਾਸ਼ਟਰੀ ਵਿਗਿਆਨ ਕੇਂਦਰ, ਇੰਡੀਆ ਗੇਟ ਤੇ ਪਟਿਆਲਾ ਹਾਊਸ ਕੋਰਟ ਸ਼ਾਮਿਲ ਹਨ। ਸੰਮੇਲਨ ਦੌਰਾਨ ਨਿਰਵਿਘਨ ਸੁਰੱਖਿਆ ਦੇ ਯਤਨਾ ਦੀ ਕੋਸ਼ਿਸ਼ ਕਾਰਨ ਇਨ੍ਹਾਂ ਇਮਾਰਤਾਂ ਨੂੰ 8 ਸਤੰਬਰ ਸਵੇਰੇ 9 ਵਜੇ ਖਾਲੀ ਕਰਨਾ ਜ਼ਰੂਰੀ ਹੈ ਤਾਂਕਿ ਜਾਂਚ ਪੂਰੀ ਕੀਤੀ ਜਾ ਸਕੇ। ਕਾਰਜ ਮੰਤਰਾਲੇ ਨੇ ਪਿਛਲੇ ਮਹੀਨੇ ਦੇ ਅੰਤ 'ਚ ਜਾਰੀ ਆਦੇਸ਼ 'ਚ ਕਿਹਾ ਕਿ ਘ20 ਸਿਖਰ ਸੰਮੇਲਨ ਦੇ ਮੱਦੇਨਜ਼ਰ ਰਾਸ਼ਟਰੀ ਰਾਜਧਾਨੀ 'ਚ ਸਾਰੇ ਕੇਂਦਰੀ ਸਰਕਾਰੀ ਦਫ਼ਤਰ 8 ਤੋਂ 10 ਸਤੰਬਰ ਤਕ ਬੰਦ ਰਹਿਣਗੇ।

ਜੀ-20 ਸਿਖਰ ਸੰਮੇਲਨ ਦੌਰਾਨ ਜਿਸ ਰੂਟ ਤੋਂ ਵੀਵੀਆਈਪੀ ਦਾ ਕਾਫ਼ਲਾ ਗੁਜ਼ਰੇਗਾ ਉਸ ਦੌਰਾਨ ਨੇੜੇ ਦੇ ਮੈਟਰੋ ਸ਼ਟੇਸਨ ਦੇ ਗੇਟ ਕਾਫ਼ਲਾ ਗੁਜ਼ਰਨ ਤਕ ਬੰਦ ਕੀਤੇ ਜਾ ਸਕਦੇ ਹਨ। ਐਤਵਾਰ ਨੂੰ ਦਿੱਲੀ ਪੁਲਿਸ ਨੇ ਦੱਸਿਆ ਸੀ ਕਿ ਸੰਮੇਲਨ ਦੌਰਾਨ 8 ਤੋਂ 10 ਸਤੰਬਰ ਤਕ 38 ਮੈਟਰੋ ਸ਼ਟੇਸ਼ਨ ਦੇ 67 ਗੇਟ ਬੰਦ ਕਰ ਦਿੱਤੇ ਜਾਣਗੇ।

ਸੋਮਵਾਰ ਨੂੰ ਆਵਾਜਾਈ ਪੁਲਿਸ ਅਧਿਕਾਰੀ ਸੁਰਿੰਦਰ ਸਿੰਘ ਯਾਦਵ ਨੇ ਦੱਸਿਆ ਕਿ ਤਿੰਨ ਦਿਨਾਂ ਤਕ ਕਿਸੇ ਵੀ ਮੈਟਰੋ ਸ਼ਟੇਸ਼ਨ ਦੇ ਗੇਟ ਬੰਦ ਨਹੀਂ ਕੀਤੇ ਜਾਣਗੇ। ਕੇਵਲ ਸੁਪਰੀਮ ਕੋਰਟ ਮੈਟਰੋ ਯਾਤਰੀਆ ਲਈ ਬੰਦ ਕੀਤਾ ਜਾਵੇਗਾ। ਹੋਰ ਕਿਸੇ ਵੀ ਮੈਟਰੋ ਸ਼ਟੇਸਨ 'ਤੇ ਆਵਾਜਾਈ ਬਾਕੀ ਦਿਨਾਂ ਦੀ ਤਰ੍ਹਾਂ ਜਾਰੀ ਰਹੇਗੀ।

### ਇੰਡੀਆ ਬਨਾਮ ਭਾਰਤ ਵਿਵਾਦ

ਕਾਂਗਰਸ ਦਾ ਕਹਿਣਾ ਹੈ ਕਿ ਰਾਸ਼ਟਰਪਤੀ ਭਵਨ ਮੇ 9 ਸਤੰਬਰ ਨੂੰ ਜੀ-20 ਡਿਨਰ ਲਈ ਆਮ ਪ੍ਰੋਟੋਕਾਲ ਪ੍ਰੈਜ਼ੀਡੈਂਟ ਆਫ ਇੰਡੀਆ ਦੀ ਜਗ੍ਹਾ ਪ੍ਰੈਜ਼ੀਡੈਂਟ ਆਫ ਭਾਰਤ ਦੇ ਨਾਂ ਨਾਲ ਸੱਦਾ ਭੇਜਿਆ ਹੈ। ਹੁਣ ਸੰਵਿਧਾਨ ਵਿਚ ਧਾਰਾ 1 ਹੋ ਸਕਦੀ ਹੈ: ਭਾਰਤ, ਜੋ ਇੰਡੀਆ ਸੀ, ਸੂਬਿਆਂ ਦਾ ਸੰਘ ਹੋਵੇਗਾ ਪਰ ਹੁਣ ਇਹ 'ਸੂਬਿਆਂ ਦੇ ਸੰਘ' 'ਤੇ ਵੀ ਹਮਲਾ ਹੋ ਰਿਹਾ ਹੈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਭਾਜਪਾ ਦੇ ਸੰਸਦ ਮੈਂਬਰ ਹਰਨਾਥ ਸਿੰਘ ਯਾਦਵ ਨੇ ਭਾਰਤੀ ਸੰਵਿਧਾਨ ਵਿਚ ਲਿਖੇ ਇੰਡੀਆ ਸ਼ਬਦ ਦਾ ਵਿਰੋਧ ਕੀਤਾ ਹੈ। ਉਨ੍ਹਾਂ ਕਿਹਾ ਕਿ "ਪੂਰਾ ਦੇਸ਼ ਮੰਗ ਕਰ ਰਿਹਾ ਹੈ ਕਿ ਸਾਨੂੰ 'ਇੰਡੀਆ' ਦੀ ਥਾਂ 'ਭਾਰਤ' ਸ਼ਬਦ ਵਰਤਣਾ ਚਾਹੀਦਾ ਹੈ... 'ਇੰਡੀਆ' ਸ਼ਬਦ ਅੰਗਰੇਜ਼ਾਂ ਵੱਲੋਂ ਦਿੱਤੀ ਗਈ ਇਕ ਗਾਲ ਹੈ, ਜਦੋਂਕਿ 'ਭਾਰਤ' ਸ਼ਬਦ... ਸਾਡੇ ਸੱਭਿਆਚਾਰ ਦਾ ਪ੍ਰਤੀਕ ਹੈ। ਮੈਂ ਚਾਹੁੰਦਾ ਹਾਂ ਕਿ ਸਾਡੇ ਸੰਵਿਧਾਨ 'ਚ ਬਦਲਾਅ ਹੋਵੇ ਤੇ ਇਸ ਵਿਚ 'ਭਾਰਤ' ਸ਼ਬਦ ਜੋੜਿਆ ਜਾਵੇ।

ਕੁਝ ਦਿਨ ਪਹਿਲਾਂ ਭਾਜਪਾ ਦੇ ਰਾਜ ਸਭਾ ਮੈਂਬਰ ਨਰੇਸ਼ ਬਾਂਸਲ ਨੇ ਵੀ ਸੰਵਿਧਾਨ ਵਿੱਚੋਂ ਇੰਡੀਆ ਸ਼ਬਦ ਨੂੰ ਹਟਾ ਕੇ ਭਾਰਤ ਸ਼ਬਦ ਦੀ ਵਰਤੋਂ ਕਰਨ ਦੀ ਮੰਗ ਕੀਤੀ ਹੈ। ਉਸ ਦਾ ਇੰਡੀਆ ਸ਼ਬਦ ਬਸਤੀਵਾਦੀ ਦਾਸਤਾਂ ਦਾ ਪ੍ਰਤੀਕ ਹੈ। ਕਿਆਸ ਅਰਾਈਆਂ ਇਹ ਵੀ ਹਨ ਕਿ ਸੰਸਦ ਦੇ ਆਗਾਮੀ ਵਿਸ਼ੇਸ਼ ਸੈਸ਼ਨ ਵਿਚ ਕੇਂਦਰ ਸਰਕਾਰ ਸੰਵਿਧਾਨ ਵਿੱਚੋਂ 'ਇੰਡੀਆ' ਸ਼ਬਦ ਨੂੰ ਹਟਾਉਣ ਲਈ ਬਿੱਲ ਲਿਆ ਸਕਦੀ ਹੈ। ਸੂਤਰਾਂ ਨੇ ਦਾਅਵਾ ਕੀਤਾ ਕਿ ਇਸ ਨਾਲ ਸਬੰਧਤ ਪ੍ਰਸਤਾਵ ਦੀ ਤਿਆਰੀ ਚੱਲ ਰਹੀ ਹੈ।

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਗੁਰੂ ਪਿਆਰੀ ਸਾਧ ਸੰਗਤ ਜੀਓ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

**ਸਤੰਬਰ 8-9-10, 2023**

ਸ੍ਰੀ ਅਖੰਡ ਪਾਠ ਸਾਹਿਬ ਜੀ 8 ਸਤੰਬਰ ਨੂੰ ਆਰੰਭ ਹੋਣਗੇ, ਜਿਹਨਾਂ ਦੇ ਭੋਗ 10 ਸਤੰਬਰ, 2023 ਦਿਨ ਐਤਵਾਰ ਨੂੰ ਪਾਏ ਜਾਣਗੇ।

ਪਾਠ ਦੀ ਸੇਵਾ ਕੁਲਦੀਪ ਸਿੰਘ ਸੈਣੀ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਲਈ ਗਈ ਹੈ ਜੀ।

Sangat Sewadars www.sriguru有ravidasstemple.com

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |



# HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।


EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



**ਸਾਡੀ ਸਪੈਸ਼ਲਟੀ**


ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

**KASH FABRICS**
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138




# ਇੰਡੀਆ, ਭਾਰਤ, ਹਿੰਦੁਸਤਾਨ, ਭਾਰਤ ਵਰਸ਼, ਸਪਤ ਸਿੰਧੂ, ਜੰਬੂਦੀਪ- ਅਲੱਗ-ਅਲੱਗ ਨਾਂ ਕਿਉਂ?

ਜੀ-20 ਸਿਖ਼ਰ ਸੰਮੇਲਨ ਮੌਕੇ ਭਾਰਤ ਦੇ ਰਾਸ਼ਟਰਪਤੀ ਵੱਲੋਂ ਦਿੱਤੇ ਜਾਣ ਵਾਲੇ ਡਿਨਰ ਦੇ ਸੱਦਾ ਪੱਤਰ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਗਿਆ ਹੈ। ਰਾਸ਼ਟਰਪਤੀ ਵੱਲੋਂ ਭੇਜੇ ਗਏ ਇਸ ਸੱਦਾ ਪੱਤਰ ਵਿੱਚ ਆਮ ਤੌਰ 'ਤੇ ਵਰਤੇ ਜਾਂਦੇ ਸ਼ਬਦ 'ਪ੍ਰੈਜ਼ੀਡੈਂਟ ਆਫ਼ ਇੰਡੀਆ' ਲਿਖਣ ਦੀ ਥਾਂ 'ਪ੍ਰੈਜ਼ੀਡੈਂਟ ਆਫ਼ ਭਾਰਤ' ਲਿਖਿਆ ਹੋਇਆ ਹੈ। ਸਾਰਾ ਵਿਵਾਦ ਇਸੇ ਨੂੰ ਲੈ ਕੇ ਪੈਦਾ ਹੋਇਆ ਹੈ। ਵਿਰੋਧੀ ਪਾਰਟੀਆਂ ਦਾ ਇਲਜ਼ਾਮ ਹੈ ਕਿ ਕੇਂਦਰ ਸਰਕਾਰ ਦੇਸ ਦੇ ਨਾਂ ਵਜੋਂ 'ਇੰਡੀਆ' ਸ਼ਬਦ ਦੀ ਵਰਤੋਂ ਬੰਦ ਕਰ ਰਹੀ ਹੈ ਅਤੇ ਹੁਣ ਸਿਰਫ਼ 'ਭਾਰਤ' ਕਹੇ ਜਾਣ ਦੀ ਯੋਜਨਾ ਬਣਾ ਰਹੀ ਹੈ। ਵਿਰੋਧੀ ਪਾਰਟੀਆਂ ਦੇ ਇਨ੍ਹਾਂ ਇਲਜ਼ਾਮਾਂ 'ਤੇ ਕੇਂਦਰ ਸਰਕਾਰ ਜਾਂ ਰਾਸ਼ਟਰਪਤੀ ਦਫ਼ਤਰ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਪ੍ਰਤੀਕਿਰਿਆ ਨਹੀਂ ਆਈ ਹੈ ਪਰ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਅਤੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਟਵਿੱਟਰ 'ਤੇ ਆਪਣਾ ਸੱਦਾ ਪੱਤਰ ਪੋਸਟ ਕੀਤਾ ਹੈ, ਜਿਸ 'ਚ 'ਪ੍ਰੈਜ਼ੀਡੈਂਟ ਆਫ਼ ਭਾਰਤ' ਲਿਖਿਆ ਹੋਇਆ ਹੈ। ਭਾਵੇਂ ਕਿ ਭਾਰਤੀ ਜਨਤਾ ਪਾਰਟੀ ਦੇ ਕਈ ਆਗੂ ਮੀਡੀਆ ਨਾਲ ਗੱਲਬਾਤ ਦੌਰਾਨ 'ਭਾਰਤ' ਸ਼ਬਦ ਦੀ ਵਰਤੋਂ ਨੂੰ ਜਾਇਜ਼ ਠਹਿਰਾ ਰਹੇ ਹਨ। ਇਸ ਦੀ ਆਲੋਚਨਾ ਕਰਦਿਆਂ ਕਾਂਗਰਸ ਪਾਰਟੀ ਨੇ ਕਿਹਾ, ''ਰਾਸ਼ਟਰਪਤੀ ਵੱਲੋਂ ਜੀ-20 ਸੰਮੇਲਨ ਲਈ ਮਹਿਮਾਨਾਂ ਨੂੰ ਭੇਜੇ ਗਏ ਸੱਦਾ ਪੱਤਰ 'ਚ ਪ੍ਰੈਜ਼ੀਡੈਂਟ ਆਫ਼ 'ਇੰਡੀਆ' ਦੀ ਥਾਂ ਪ੍ਰੈਜ਼ੀਡੈਂਟ ਆਫ਼ 'ਭਾਰਤ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। 'ਇੰਡੀਆ' ਗੱਠਜੋੜ ਤੋਂ ਇੰਨਾ ਡਰ? ਕੀ ਇਹ ਮੋਦੀ ਸਰਕਾਰ ਦੀ ਵਿਰੋਧੀ ਧਿਰ ਲਈ ਨਫ਼ਰਤ ਹੈ ਜਾਂ ਇੱਕ ਡਰੇ ਹੋਏ ਅਤੇ ਸਹਿਮੇ ਹੋਏ ਤਾਨਾਸ਼ਾਹ ਦੀ ਸਨਕ? ਇਹ ਸੱਦਾ ਪੱਤਰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਕ ਪਾਸੇ ਵਿਰੋਧੀ ਪਾਰਟੀਆਂ ਇਲਜ਼ਾਮ ਲਾਉਂਦੀਆਂ ਹਨ ਕਿ ਭਾਜਪਾ 'ਭਾਰਤ' ਗੱਠਜੋੜ ਤੋਂ ਡਰੀ ਹੋਈ ਹੈ, ਜਦਕਿ ਦੂਜੇ ਪਾਸੇ ਸੱਤਾਧਾਰੀ ਪਾਰਟੀ ਦੇ ਆਗੂਆਂ ਦਾ ਕਹਿਣਾ ਹੈ ਕਿ 'ਭਾਰਤ' ਨਾਂ ਵਰਤਣ ਵਿੱਚ ਕੁਝ ਵੀ ਗਲਤ ਨਹੀਂ ਹੈ ਕਿਉਂਕਿ ਇਹ ਸੰਵਿਧਾਨ ਦਾ ਹਿੱਸਾ ਹੈ।

### ਭਾਰਤ ਦੇ ਕਿੰਨੇ ਨਾਮ ਤੇ ਕੀ ਹਨ ਉਨ੍ਹਾਂ ਦੀਆਂ ਕਹਾਣੀਆਂ

ਦੇਸ ਦਾ ਨਾਂ ਬਦਲਣ 'ਤੇ ਬਹਿਸ ਛਿੜ ਗਈ ਹੈ, ਸੰਵਿਧਾਨ 'ਚ ਦਰਜ 'ਇੰਡੀਆ ਦੈਟ ਇਜ਼ ਭਾਰਤ' ਨੂੰ ਬਦਲ ਕੇ ਸਿਰਫ਼ ਭਾਰਤ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਆਓ ਜਾਣਦੇ ਹਾਂ ਭਾਰਤ ਨੂੰ ਕਿੰਨੇ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਪਿੱਛੇ ਦੀ ਕੀ ਕਹਾਣੀ ਹੈ। ਪ੍ਰਾਚੀਨ ਕਾਲ ਤੋਂ, ਭਾਰਤ ਦੇ ਵੱਖ-ਵੱਖ ਨਾਮ ਹਨ ਜਿਵੇਂ ਕਿ ਜੰਬੂਦੀਪ, ਭਰਤਖੰਡ, ਹਿਮਵਰਸ਼, ਅਜਨਾਭਵਰਸ਼, ਭਾਰਤਵਰਸ਼, ਆਰੀਆਵਰਤ, ਹਿੰਦ, ਹਿੰਦੁਸਤਾਨ ਅਤੇ ਭਾਰਤ। ਪਰ ਇਨ੍ਹਾਂ ਵਿੱਚੋਂ ਭਾਰਤ ਸਭ ਤੋਂ ਵੱਧ ਪ੍ਰਸਿੱਧ ਅਤੇ ਪ੍ਰਚਲਿਤ ਰਿਹਾ ਹੈ। ਨਾਮਕਰਨ ਸਬੰਧੀ ਬਹੁਤੀਆਂ ਧਾਰਨਾਵਾਂ ਅਤੇ ਮੱਤਭੇਦ ਭਾਰਤ ਨਾਮ ਨੂੰ ਲੈ ਕੇ ਹੀ ਹਨ। ਭਾਰਤ ਦੇ ਵੰਨ-ਸੁਵੰਨੇ ਸੱਭਿਆਚਾਰ




ਵਾਂਗ ਵੱਖੋ-ਵੱਖਰੋ ਸਮੇਂ ਵਿੱਚ ਇਸ ਦੇ ਵੱਖ-ਵੱਖ ਨਾਮ ਮਿਲਦੇ ਹਨ। ਇਨ੍ਹਾਂ ਨਾਵਾਂ ਵਿੱਚ ਕਦੇ ਭੂਗੋਲ ਉੱਭਰ ਕੇ ਸਾਹਮਣੇ ਆਉਂਦਾ ਹੈ, ਕਦੇ ਜਾਤੀ ਚੇਤਨਾ ਅਤੇ ਕਦੇ ਸੰਸਕਾਰ। ਹਿੰਦ, ਹਿੰਦੁਸਤਾਨ, ਇੰਡੀਆ ਵਰਗੇ ਨਾਵਾਂ ਵਿੱਚੋਂ ਭੂਗੋਲ ਉੱਭਰ ਰਿਹਾ ਹੈ। ਇਨ੍ਹਾਂ ਨਾਵਾਂ ਦੇ ਮੂਲ ਵਿੱਚ ਉਂਝ ਤਾਂ ਸਿੰਧੂ ਨਦੀ ਪ੍ਰਮੁੱਖ ਰੂਪ ਵਿੱਚ ਦਿਖਾਈ ਦਿੰਦੀ ਹੈ, ਸਿੰਧੂ ਮਹਿਜ਼ ਕਿਸੇ ਖਾਸ ਖੇਤਰ ਦੀ ਨਦੀ ਨਹੀਂ ਹੈ। ਸਿੰਧੂ ਦਾ ਅਰਥ ਨਦੀ ਵੀ ਹੈ, ਸਮੁੰਦਰ ਵੀ। ਉਸ ਰੂਪ ਵਿੱਚ, ਦੇਸ ਦੇ ਉੱਤਰ-ਪੱਛਮੀ ਖੇਤਰ ਨੂੰ ਕਿਸੇ ਸਮੇਂ ਵਿੱਚ ਸਪਤਸਿੰਧੂ ਜਾਂ ਪੰਜਾਬ ਕਿਹਾ ਜਾਂਦਾ ਸੀ, ਇਸ ਲਈ ਇੱਥੇ ਵਗਦੀਆਂ ਸੱਤ ਜਾਂ ਪੰਜ ਮੁੱਖ ਧਾਰਾਵਾਂ ਦੇ ਨਾਲ ਇੱਕ ਵਿਸ਼ਾਲ ਉਪਜਾਊ ਖੇਤਰ ਦੀ ਪਛਾਣ ਕਰਨ ਦੀ ਗੱਲ ਹੈ। ਇਸੇ ਤਰ੍ਹਾਂ, ਭਾਰਤ ਨਾਮ ਦੇ ਪਿੱਛੇ ਸਪਤਸੰਧਵ ਖੇਤਰ ਵਿੱਚ ਪ੍ਰਫੁੱਲਿਤ ਅਗਨੀਹੋਤਰ ਸੰਸਕ੍ਰਿਤੀ (ਅੱਗ ਵਿੱਚ ਆਹੁਤੀ ਦੇਣਾ) ਦੀ ਪਛਾਣ ਹੈ।

### ਭਾਰਤ ਦੇ ਦਾਅਵੇਦਾਰ ਕਈ 'ਭਰਤ'

ਪੁਰਾਣਿਕ ਯੁੱਗ ਵਿੱਚ ਭਰਤ ਨਾਮ ਦੇ ਕਈ ਵਿਅਕਤੀ ਹੋਏ ਹਨ। ਦੁਸ਼ਯੰਤ ਪੁੱਤਰ ਤੋਂ ਇਲਾਵਾ ਦਸ਼ਰਥ ਦੇ ਪੁੱਤਰ ਭਰਤ ਵੀ ਮਸ਼ਹੂਰ ਹਨ, ਜਿਨ੍ਹਾਂ ਨੇ ਆਪਣੇ ਭਰਾ ਰਾਮ ਦੀਆਂ ਖੜਾਵਾਂ ਤਖ਼ਤ ਉੱਤੇ ਰੱਖ ਕੇ ਅਯੁੱਧਿਆ ਉੱਤੇ 14 ਸਾਲ ਰਾਜ ਕੀਤਾ। ਨਾਟਯ ਸ਼ਾਸਤਰ ਵਾਲੇ ਭਰਤਮੁਨੀ ਵੀ ਹੋਏ ਹਨ। ਇੱਕ ਰਾਜਰਿਸ਼ੀ ਭਰਤ ਦਾ ਵੀ ਜ਼ਿਕਰ ਮਿਲਦਾ ਹੈ, ਜਿਨ੍ਹਾਂ ਦੇ ਨਾਂ 'ਤੇ ਜੜਭਾਰਤ ਮੁਹਾਵਰਾ ਵੀ ਪ੍ਰਸਿੱਧ ਹੋਇਆ। ਮਗਧਰਾਜ ਇੰਦਰਦਿਊਮਨ ਦੇ ਦਰਬਾਰ ਵਿੱਚ ਵੀ ਇੱਕ ਰਿਸ਼ੀ ਭਰਤ ਸਨ। ਇੱਕ ਯੋਗੀ ਭਰਤ ਹੋਏ ਹਨ। ਪਦਮਪੁਰਾਣ ਵਿੱਚ ਇੱਕ ਦੁਸ਼ਟ ਬ੍ਰਾਹਮਣ ਭਰਤ ਦਾ ਜ਼ਿਕਰ ਹੈ। ਐਤਰੇਯ ਬ੍ਰਾਹਮਣ ਵਿੱਚ ਵੀ ਦੁਸ਼ਯੰਤ ਦੇ ਪੁੱਤਰ ਭਰਤ ਹੀ ਭਾਰਤ ਦੇ ਨਾਮਕਰਨ ਕਰਨ ਪਿੱਛੇ ਖੜ੍ਹੇ ਨਜ਼ਰ ਆਉਂਦੇ ਹਨ। ਗ੍ਰੰਥਾਂ ਅਨੁਸਾਰ, ਭਰਤ ਇੱਕ ਚੱਕਰਵਰਤੀ ਸਮਰਾਟ ਸਨ, ਭਾਵ ਜਿਨ੍ਹਾਂ ਨੇ ਚਾਰੇ ਦਿਸ਼ਾਵਾਂ 'ਚ ਜਿੱਤ ਪ੍ਰਾਪਤ ਕਰਕੇ ਇੱਕ ਵਿਸ਼ਾਲ ਸਾਮਰਾਜ ਬਣਾਇਆ ਸੀ ਅਤੇ ਉਸ ਤੋਂ ਬਾਅਦ, ਉਨ੍ਹਾਂ ਨੇ ਅਸ਼ਵਮੇਧ ਯੱਗ ਕੀਤਾ, ਜਿਸ ਕਾਰਨ ਉਨ੍ਹਾਂ ਦੇ ਰਾਜ ਨੂੰ ਭਾਰਤਵਰਸ਼ ਨਾਮ ਮਿਲਿਆ। ਇਸੇ ਤਰ੍ਹਾਂ ਮਤਸਯ ਪੁਰਾਣ ਵਿਚ ਜ਼ਿਕਰ ਹੈ ਕਿ ਮਨੂੰ ਨੂੰ ਭਰਤ ਕਿਹਾ ਗਿਆ ਕਿਉਂਕਿ ਉਹ ਲੋਕਾਂ ਨੂੰ ਜਨਮ ਦੇਣ ਵਾਲੇ ਸਨ ਅਤੇ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨ ਵਾਲੇ ਸਨ। ਜਿਸ ਭੂ-ਭਾਗ ਉੱਤੇ ਉਨ੍ਹਾਂ ਨੇ ਰਾਜ ਕੀਤਾ, ਉਸ ਨੂੰ ਭਾਰਤਵਰਸ਼ ਕਿਹਾ ਗਿਆ। ਨਾਮਕਰਨ ਦੇ ਸਰੋਤ ਜੈਨ ਪਰੰਪਰਾ ਵਿੱਚ ਵੀ ਮਿਲਦੇ ਹਨ। ਭਗਵਾਨ ਰਿਸ਼ਭਦੇਵ ਦੇ ਵੱਡੇ ਪੁੱਤਰ ਮਹਾਯੋਗੀ ਭਰਤ ਦੇ ਨਾਂ 'ਤੇ ਇਸ ਦੇਸ ਦਾ ਨਾਮ ਭਾਰਤਵਰਸ਼ ਪਿਆ। ਸੰਸਕ੍ਰਿਤ ਵਿੱਚ ਸਾਲ ਦੇ ਕੁਝ ਅਰਥ ਇਲਾਕਾ, ਵੰਡ, ਹਿੱਸਾ ਆਦਿ ਵੀ ਹੁੰਦੇ ਹਨ।

### ਦੁਸ਼ਯੰਤ-ਸ਼ਕੁੰਤਲਾ ਦੇ ਪੁੱਤਰ ਭਰਤ

ਆਮ ਤੌਰ 'ਤੇ, ਭਾਰਤ ਨਾਮ ਦੇ ਪਿੱਛੇ ਮਹਾਭਾਰਤ ਦੇ ਆਦਿਪਰਵ ਵਿੱਚ ਆਈ ਇੱਕ ਕਹਾਣੀ ਹੈ। ਮਹਾਰਿਸ਼ੀ ਵਿਸ਼ਵਾਮਿੱਤਰ ਅਤੇ ਅਪਸਰਾ ਮੇਨਕਾ ਦੀ ਧੀ ਸ਼ਕੁੰਤਲਾ ਅਤੇ ਪੁਰੂਵੰਸ਼ੀ ਰਾਜਾ ਦੁਸ਼ਯੰਤ ਵਿਚਕਾਰ ਗੰਧਰਵ ਵਿਆਹ ਹੋਇਆ। ਇਨ੍ਹਾਂ ਦੋਹਾਂ ਦੇ ਪੁੱਤਰ ਦਾ ਨਾਂ ਹੋਇਆ ਭਰਤ। ਕਨਵ ਰਿਸ਼ੀ ਨੇ ਅਸ਼ੀਰਵਾਦ ਦਿੱਤਾ ਕਿ ਭਰਤ ਅੱਗੇ ਚੱਲ ਕੇ ਇੱਕ ਚੱਕਰਵਰਤੀ ਸਮਰਾਟ ਬਣੇਗਾ ਅਤੇ ਉਨ੍ਹਾਂ ਦੇ ਨਾਮ 'ਤੇ ਇਸ ਭੂਮੀ ਦਾ ਨਾਮ ਭਾਰਤ ਵਜੋਂ ਮਸ਼ਹੂਰ ਹੋਵੇਗਾ। ਜ਼ਿਆਦਾਤਰ ਲੋਕਾਂ ਦੇ ਦਿਮਾਗ 'ਚ ਭਾਰਤ ਨਾਮ ਦੀ ਉਤਪਤੀ ਦੀ ਇਹੀ ਪ੍ਰੇਮ ਕਹਾਣੀ ਪ੍ਰਸਿੱਧ ਹੈ। ਆਦਿਪਰਵ ਵਿੱਚ ਆਏ ਇਸ ਪ੍ਰਸੰਗ 'ਤੇ ਕਾਲੀਦਾਸ ਨੇ ਅਭਿਗਿਆਨ-ਸ਼ਕੁੰਤਲਮ ਨਾਮਕ ਇੱਕ ਮਹਾਂਕਾਵਿ ਦੀ ਰਚਨਾ ਕੀਤੀ। ਅਸਲ ਵਿੱਚ ਇਹ ਇੱਕ ਪ੍ਰੇਮ ਕਥਾ ਹੈ ਅਤੇ ਮੰਨਿਆ ਜਾਂਦਾ ਹੈ ਕਿ ਇਹੀ ਕਾਰਨ ਹੈ ਕਿ ਇਹ ਕਹਾਣੀ ਪ੍ਰਸਿੱਧ ਹੋਈ। ਦੋ ਪ੍ਰੇਮੀਆਂ ਦੇ ਅਮਰ ਪਿਆਰ ਦੀ ਕਹਾਣੀ ਇੰਨੀ ਮਹੱਤਵਪੂਰਨ ਬਣ ਗਈ ਕਿ ਸ਼ਕੁੰਤਲਾ-ਦੁਸ਼ਯੰਤਪੁਤਰ ਅਰਥਾਤ ਭਰਤ ਬਾਰੇ ਹੋਰ ਗੱਲਾਂ ਜਾਣਨ ਨੂੰ ਹੀ ਨਹੀਂ ਮਿਲਦੀਆਂ। ਇਤਿਹਾਸ ਦਾ ਅਧਿਐਨ ਕਰਨ ਵਾਲੇ ਆਮ ਤੌਰ 'ਤੇ ਮੰਨਦੇ ਹਨ ਕਿ ਭਰਤ ਤੋਂ ਪਹਿਲਾਂ ਵੀ ਇਸ ਦੇਸ ਵਿੱਚ ਭਰਤਜਨ ਸਨ। ਇਸ ਲਈ ਇਹ ਤਰਕਸੰਗਤ ਹੈ ਕਿ ਭਾਰਤ ਦਾ ਨਾਂ ਜਾਤੀ-ਸਮੂਹ ਦੇ ਨਾਂ 'ਤੇ ਪ੍ਰਸਿੱਧ ਹੋਇਆ ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਦੇ ਨਾਂ 'ਤੇ।

### ਭਾਰਤ ਗਣ ਨਾਲ ਭਾਰਤ

ਭਰਤ ਜਨ ਅਗਨੀ-ਪੂਜਕ, ਅਗਨੀ-ਹੋਤਰਾ ਅਤੇ ਯੱਗ ਪ੍ਰੇਮੀ ਸਨ। ਵੈਦਿਕ ਸਾਹਿਤ ਵਿੱਚ, ਭਰਤ/ਭਰਥ ਦਾ ਅਰਥ ਹੈ ਅੱਗ, ਲੋਕਪਾਲ ਜਾਂ ਸੰਸਾਰ ਦਾ ਰੱਖਿਅਕ (ਮੋਨੀਅਰ ਵਿਲੀਅਮਜ਼) ਅਤੇ ਇੱਕ ਰਾਜੇ ਦਾ ਨਾਮ ਹੈ। ਇਹ ਰਾਜਾ ਉਹੀ 'ਭਰਤ' ਹੈ ਜੋ ਸਰਸਵਤੀ, ਘੱਗਰ ਦੇ ਕੰਢੇ ਰਾਜ ਕਰਦਾ ਸੀ। ਸੰਸਕ੍ਰਿਤ ਵਿਚ 'ਭਰ' ਸ਼ਬਦ ਦਾ ਇੱਕ ਅਰਥ ਹੈ - ਯੁੱਧ। ਦੂਜਾ ਅਰਥ ਹੈ 'ਸਮੂਹ' ਜਾਂ 'ਜਨ-ਗਣ' ਅਤੇ ਤੀਜਾ ਅਰਥ ਹੈ 'ਪਾਲਣ-ਪੋਸ਼ਣ'।

(ਬਾਕੀ ਅਗਲੇ ਸਫੇ 'ਤੇ)

SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ
WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਇੰਡੀਆ, ਭਾਰਤ, ਹਿੰਦੁਸਤਾਨ, ਭਾਰਤ ਵਰਸ਼, ਸਪਤ ਸਿੰਧੂ, ਜੰਬੂਦੀਪ- ਅਲੱਗ-ਅਲੱਗ ਨਾਂ ਕਿਉਂ?

(ਸਫਾ 3 ਦੀ ਬਾਕੀ)

ਪ੍ਰਸਿੱਧ ਭਾਸ਼ਾ-ਵਿਗਿਆਨੀ ਡਾਕਟਰ ਰਾਮਵਿਲਾਸ ਸ਼ਰਮਾ ਕਹਿੰਦੇ ਹਨ, "ਇਹ ਅਰਥ ਇੱਕ ਦੂਜੇ ਦੇ ਵੱਖੋ-ਵੱਖਰੇ ਅਤੇ ਵਿਰੋਧੀ ਜਾਪਦੇ ਹਨ। ਇਸ ਲਈ ਜੇਕਰ 'ਭਾਰਤ' ਦਾ ਅਰਥ ਯੁੱਧ ਅਤੇ ਪਾਲਣ-ਪੋਸ਼ਣ ਦੋਵੇਂ ਹਨ, ਤਾਂ ਇਸ ਸ਼ਬਦ ਦੀ ਆਪਣੀ ਵਿਸ਼ੇਸ਼ਤਾ ਹੀ ਨਹੀਂ ਹੈ। 'ਭਰ' ਦਾ ਮੂਲ ਅਰਥ ਹੈ- ਗਣ, ਭਾਵ ਇਹ ਜਨ ਹੀ ਸੀ। ਗਣ ਵਾਂਗ, ਇਹ ਕਿਸੇ ਵੀ ਜਨ ਲਈ ਵਰਤਿਆ ਜਾ ਸਕਦਾ ਸੀ। ਨਾਲ ਹੀ ਇਹ ਉਸ ਗਣ ਵਿਸ਼ੇਸ਼ ਦਾ ਵੀ ਸੂਚਕ ਸੀ, ਜੋ 'ਭਰਤ' ਦੇ ਨਾਮ ਨਾਲ ਮਸ਼ਹੂਰ ਹੋਇਆ।"

### ਇਸ ਦਾ ਕੀ ਮਤਲਬ ਹੈ?

ਅਸਲ ਵਿੱਚ, ਆਰੀਆ ਇਤਿਹਾਸ ਵਿੱਚ ਭਰਤਾਂ ਦੀ ਕਹਾਣੀ ਇੰਨੀ ਪਿੱਛੇ ਚਲੀ ਜਾਂਦੀ ਹੈ ਕਿ ਕਈ ਵਾਰ ਯੁੱਧ, ਅੱਗ, ਮਿਲਾਪ ਨਾਲ ਜੁੜੇ 'ਭਰਤ' ਦੇ ਅਰਥਾਂ ਨੂੰ ਮਹਿਜ਼ ਇੱਕ ਵਿਅਕਤੀ ਵਿਸ਼ੇਸ਼ ਨਾਲ ਜੋੜ ਕੇ ਦੇਖ ਲਿਆ ਜਾਂਦਾ ਹੈ। ਜਿਵੇਂ ਕਦੇ ਇਸ ਨੂੰ 'ਦਾਸ਼ਰਥੇਯ ਭਰਤ' ਅਤੇ ਕਦੇ ਦੁਸ਼ਯੰਤ ਦੇ ਪੁੱਤਰ ਭਰਤ ਨੂੰ ਭਾਰਤ ਦੇ ਮੂਲ ਦੇ ਸੰਦਰਭ ਵਿੱਚ ਯਾਦ ਕੀਤਾ ਜਾਂਦਾ ਹੈ।

### 'ਭਾਰਤੀ' ਅਤੇ 'ਸਰਸਵਤੀ' ਦਾ ਭਰਤਾਂ ਨਾਲ ਸਬੰਧ

ਪਰ ਹਜ਼ਾਰਾਂ ਸਾਲ ਪਹਿਲਾਂ ਅਗਨੀ-ਪ੍ਰੇਮੀ ਭਰਤਾਂ ਦਾ ਸਦਾਚਾਰ ਇਸ ਤਰ੍ਹਾਂ ਵੱਧ ਗਿਆ ਸੀ ਕਿ ਲਗਾਤਾਰ ਯੱਗ ਕਰਨ ਨਾਲ ਭਰਤ ਅਤੇ ਅਗਨੀ ਸ਼ਬਦ ਇੱਕ-ਦੂਜੇ ਨਾਲ ਜੁੜ ਗਏ ਸਨ। ਭਰਤ, ਭਾਰਤ ਸ਼ਬਦ ਤਾਂ ਜਿਵੇਂ ਅੱਗ ਦਾ ਹੀ ਵਿਸ਼ੇਸ਼ਣ ਬਣ ਗਏ। ਹਵਾਲੇ ਦੱਸਦੇ ਹਨ ਕਿ ਦੇਵਸ਼ਰਵਾ ਅਤੇ ਦੇਵਵਾਤ ਇਨ੍ਹਾਂ ਦੋ ਭਰਤਾਂ ਭਾਵ ਭਰਤਜਨ ਦੇ ਦੋ ਰਿਸ਼ੀਆਂ ਨੇ ਮੰਥਨ ਰਾਹੀਂ ਅੱਗ ਜਲਾਉਣ ਦੀ ਤਕਨੀਕ ਦੀ ਖੋਜ ਕੀਤੀ ਸੀ। ਡਾਕਟਰ ਰਾਮ ਵਿਲਾਸ ਸ਼ਰਮਾ ਅਨੁਸਾਰ, ਰਿਗਵੇਦ ਦੇ ਕਵੀ ਅੱਗ ਨਾਲ ਭਰਤਾਂ ਦੇ ਸਬੰਧ ਦੀ ਇਤਿਹਾਸਕ ਪਰੰਪਰਾ ਬਾਰੇ ਜਾਣੂ ਸਨ। ਭਰਤਾਂ ਨਾਲ ਨਿਰੰਤਰ ਸੰਬੰਧ ਕਾਰਨ ਅਗਨੀ ਨੂੰ ਭਾਰਤ ਕਿਹਾ ਗਿਆ।

ਇਸੇ ਤਰ੍ਹਾਂ, ਯੱਗ ਵਿੱਚ ਕਵਿਤਾ ਦੇ ਨਿਰੰਤਰ ਪਾਠ ਹੋਣ ਕਾਰਨ ਕਵੀਆਂ ਦੀ ਬਾਣੀ ਨੂੰ ਭਾਰਤੀ ਕਿਹਾ ਗਿਆ। ਇਹ ਕਾਵਿ ਪਾਠ ਸਰਸਵਤੀ ਕੰਢੇ ਹੁੰਦਾ ਸੀ, ਇਸ ਲਈ ਇਹ ਨਾਮ ਕਵੀਆਂ ਦੀ ਬੋਲੀ ਨਾਲ ਵੀ ਜੁੜਿਆ। ਕਈ ਵੈਦਿਕ ਮੰਤਰਾਂ ਵਿੱਚ ਭਾਰਤੀ ਅਤੇ ਸਰਸਵਤੀ ਦਾ ਜ਼ਿਕਰ ਮਿਲਦਾ ਹੈ।

### ਦਸ ਰਾਜਿਆਂ ਦੀ ਲੜਾਈ

ਪ੍ਰਾਚੀਨ ਗ੍ਰੰਥਾਂ ਵਿੱਚ ਵੈਦਿਕ ਯੁੱਗ ਦੀ ਇੱਕ ਪ੍ਰਸਿੱਧ ਜਾਤੀ, ਭਰਤ ਦਾ ਨਾਮ ਕਈ ਸੰਦਰਭਾਂ ਵਿੱਚ ਆਉਂਦਾ ਹੈ। ਇਹ ਇੱਕ ਸਮੂਹ ਸੀ ਜੋ ਸਰਸਵਤੀ ਨਦੀ ਜਾਂ ਅੱਜ ਦੇ ਘੱਗਰ ਦੇ ਕੰਢੇ ਵੱਸਦਾ ਸੀ। ਜੋ ਕਿ ਯੱਗ ਪ੍ਰੇਮੀ ਸਨ। ਇਨ੍ਹਾਂ ਭਾਰਤ ਜਨਾਂ ਦੇ ਨਾਂ 'ਤੇ ਹੀ ਉਸ ਸਮੇਂ ਦੇ ਸਾਰੇ ਇਲਾਕੇ ਦਾ ਨਾਮ ਭਾਰਤਵਰਸ਼ ਪਿਆ। ਵਿਦਵਾਨਾਂ ਅਨੁਸਾਰ ਭਰਤ ਜਾਤੀ ਦੇ ਮੁਖੀ ਸੁਦਾਸ ਸਨ। ਵੈਦਿਕ ਯੁੱਗ ਤੋਂ ਵੀ ਪਹਿਲਾਂ, ਉੱਤਰ-ਪੱਛਮੀ ਭਾਰਤ ਵਿੱਚ ਰਹਿਣ ਵਾਲੇ ਲੋਕਾਂ ਦੇ ਅਨੇਕ ਸੰਘ ਸਨ, ਜਿਨ੍ਹਾਂ ਨੂੰ ਜਨ ਕਹਿੰਦੇ ਸਨ।

ਇਸ ਤਰ੍ਹਾਂ ਭਰਤਾਂ ਦੇ ਇਸ ਸੰਘ ਨੂੰ ਭਾਰਤ ਜਨ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਬਾਕੀ ਹੋਰ ਆਰਿਆਸੰਘ ਵੀ ਕਈ ਲੋਕਾਂ ਵਿਚ ਵੰਡੇ ਹੋਏ ਸਨ, ਜਿਨ੍ਹਾਂ ਵਿਚ ਪੁਰੂ, ਯਦੁ, ਤੁਰਵਸੂ, ਤ੍ਰਿਤਸੂ, ਅਨੁ, ਦੁਰਹਯੁ, ਗੰਧਾਰ, ਵਿਸ਼ਾਣਿਨ, ਪਖਤ, ਕੇਕਯ, ਸ਼ਿਵ, ਅਨਿਲ, ਭਲਾਨ, ਤ੍ਰਿਤਸੂ ਅਤੇ ਸੰਜੇ ਆਦਿ ਸਮੂਹ ਸਨ। ਇਨ੍ਹਾਂ ਜਨਾਂ ਵਿੱਚੋਂ ਦਸ ਜਨਾਂ ਨਾਲ ਸੁਦਾਸ ਅਤੇ ਉਨ੍ਹਾਂ ਦੇ ਤ੍ਰਿਤਸੂ ਕਬੀਲੇ ਦੀ ਲੜਾਈ ਹੋਈ। ਸੁਦਾਸ ਖ਼ਿਲਾਫ਼ ਲੜਨ ਵਾਲੇ ਕਬੀਲਿਆਂ ਵਿੱਚ ਸਨ - ਪੰਚਜਨ ਭਾਵ ਪੁਰੂ (ਜਿਸ ਨੂੰ ਅਣਵੰਡਿਆ ਪੰਜਾਬ ਸਮਝਿਆ ਜਾਵੇ), ਯਦੂ, ਤੁਰਵਸੂ, ਅਨੂ ਅਤੇ ਦੁਰਹਯੁ, ਤੋਂ ਇਲਾਵਾ ਭਾਲਾਨਸ (ਬੋਲਾਨ ਪਾਸ ਵਾਲਾ ਖੇਤਰ) ਅਲੀਨ (ਕਾਫ਼ਿਰਿਸਤਾਨ), ਸ਼ਿਵ (ਸਿੰਧ), ਪਖਤ (ਪਸ਼ਤੂਨ) ਅਤੇ ਵਿਸ਼ਾਣਿਨ।

### ਮਹਾਭਾਰਤ ਤੋਂ ਢਾਈ ਹਜ਼ਾਰ ਸਾਲ ਪਹਿਲਾਂ 'ਭਾਰਤ'

ਇਹ ਮਹਾਨ ਯੁੱਧ ਨੂੰ ਮਹਾਭਾਰਤ ਤੋਂ ਵੀ ਢਾਈ ਹਜ਼ਾਰ ਸਾਲ ਪਹਿਲਾਂ ਹੋਇਆ ਦੱਸਿਆ ਜਾਂਦਾ ਹੈ। ਸਧਾਰਨ ਜਿਹੀ ਗੱਲ ਹੈ ਕਿ ਉਹ ਯੁੱਧ ਜਿਸ ਦਾ ਨਾਮ ਹੀ 'ਮਹਾ ਭਾਰਤ' ਹੈ, ਕਦੋਂ ਹੋਇਆ ਹੋਵੇਗਾ? ਇਤਿਹਾਸਕਾਰਾਂ ਅਨੁਸਾਰ, ਈਸਾ ਤੋਂ ਲਗਭਗ ਢਾਈ ਹਜ਼ਾਰ ਸਾਲ ਪਹਿਲਾਂ ਕੌਰਵਾਂ ਅਤੇ ਪਾਂਡਵਾਂ ਵਿਚਕਾਰ ਬਹੁਤ ਵੱਡਾ ਯੁੱਧ ਹੋਇਆ ਸੀ। ਇੱਕ ਘਰੇਲੂ ਝਗੜਾ ਜੋ ਇੱਕ ਮਹਾਨ ਯੁੱਧ ਵਿੱਚ ਬਦਲ ਗਿਆ, ਇਹ ਤਾਂ ਠੀਕ ਹੈ, ਪਰ ਇਸ ਦੇਸ ਦਾ ਨਾਮ ਭਾਰਤ ਹੈ ਅਤੇ ਦੋ ਪਰਿਵਾਰਾਂ ਦੇ ਆਪਸੀ ਕਲੇਸ਼ ਦੀ ਫੈਸਲਾਕੁੰਨ ਲੜਾਈ ਵਿੱਚ ਦੇਸ ਦਾ ਨਾਮ ਕਿਉਂ ਆਇਆ?

ਇਸ ਦਾ ਕਾਰਨ ਇਹ ਹੈ ਕਿ ਇਸ ਲੜਾਈ ਵਿੱਚ ਭਾਰਤ ਦੀਆਂ ਭੂਗੋਲਿਕ ਸਰਹੱਦਾਂ ਵਿੱਚ ਆਉਣ ਵਾਲੇ ਲਗਭਗ ਸਾਰੇ ਸਾਮਰਾਜਾਂ ਨੇ ਹਿੱਸਾ ਲਿਆ ਸੀ, ਇਸੇ ਕਾਰਨ ਇਸ ਨੂੰ ਮਹਾਭਾਰਤ ਕਿਹਾ ਜਾਂਦਾ ਹੈ।

ਦਸ ਰਾਜਿਆਂ ਵਾਲਾ ਯੁੱਧ ਇਸ ਮਹਾਭਾਰਤ ਤੋਂ ਵੀ ਢਾਈ ਹਜ਼ਾਰ ਸਾਲ ਪਹਿਲਾਂ ਹੋਇਆ ਦੱਸਿਆ ਜਾਂਦਾ ਹੈ। ਮਤਲਬ ਅੱਜ ਤੋਂ ਸਾਢੇ ਸੱਤ ਹਜ਼ਾਰ ਸਾਲ ਪਹਿਲਾਂ। ਇਸ ਵਿੱਚ, ਤ੍ਰਿਤਸੂ ਜਾਤੀ ਦੇ ਲੋਕਾਂ ਨੇ ਦਸ ਜਨਾਂ (ਰਾਜਾਂ) ਦੇ ਸੰਘ ਉੱਤੇ ਇੱਕ ਬੇਮਿਸਾਲ ਜਿੱਤ ਪ੍ਰਾਪਤ ਕੀਤੀ ਸੀ। ਤ੍ਰਿਤਸੂ ਲੋਕਾਂ ਨੂੰ ਭਰਤਾਂ ਦਾ ਸੰਘ ਕਿਹਾ ਜਾਂਦਾ ਸੀ। ਇਸ ਯੁੱਧ ਤੋਂ ਪਹਿਲਾਂ ਇਹ ਖੇਤਰ ਕਈ ਨਾਵਾਂ ਨਾਲ ਮਸ਼ਹੂਰ ਸੀ। ਇਸ ਜਿੱਤ ਤੋਂ ਬਾਅਦ ਤਤਕਾਲੀ ਆਰੀਆਵਰਤ ਵਿੱਚ ਭਾਰਤ ਜਨਾਂ ਦਾ ਨਾਮ ਵਧਿਆ ਅਤੇ ਉਸ ਸਮੇਂ ਜਨਪਦਾਂ ਦੇ ਸੰਘ ਦਾ ਨਾਂ 'ਭਾਰਤ' ਪੈ ਗਿਆ, ਜਿਸ ਦਾ ਮਤਲਬ ਹੈ - ਭਰਤਾਂ ਦਾ।

### ਭਾਰਤੀ-ਇਰਾਨੀ ਸੱਭਿਆਚਾਰ

ਸਪੱਸ਼ਟ ਹੈ ਕਿ ਮਹਾਂਭਾਰਤ ਵਿੱਚ ਦੱਸਿਆ ਗਿਆ ਸ਼ਕੁੰਤਲਾ ਦੇ ਪੁੱਤਰ ਭਰਤ ਦਾ ਜ਼ਿਕਰ ਇੱਕ ਦਿਲਚਸਪ ਘਟਨਾ ਹੈ। ਹੁਣ ਗੱਲ ਕਰਦੇ ਹਾਂ, ਹਿੰਦ, ਹਿੰਦੁਸਤਾਨ ਦੀ। ਈਰਾਨੀ-ਹਿੰਦੁਸਤਾਨੀ ਪੁਰਾਣੇ ਸਬੰਧੀ ਸਨ। ਈਰਾਨ ਪਹਿਲਾਂ ਫ਼ਾਰਸ ਸੀ। ਉਸ ਤੋਂ ਪਹਿਲਾਂ ਵੀ ਅਰੀਅਨਮ, ਆਰੀਆ ਜਾਂ ਆਰੀਅਨ। ਇਨ੍ਹਾਂ ਨਾਵਾਂ ਦਾ ਜ਼ਿਕਰ ਅਵੇਸਤਾ ਵਿੱਚ ਮਿਲਦਾ ਹੈ। ਮੰਨਿਆ ਜਾਂਦਾ ਹੈ ਕਿ ਹਿੰਦੂਕੁਸ਼ ਤੋਂ ਪਾਰ ਜਿਹੜੇ ਆਰੀਅਨ ਸਨ, ਉਨ੍ਹਾਂ ਦਾ ਸੰਘ ਈਰਾਨ ਕਹਾਇਆ ਅਤੇ ਜੋ ਪੂਰਬ ਵਿੱਚ ਸਨ ਉਨ੍ਹਾਂ ਦੇ ਸੰਘ ਨੂੰ ਆਰੀਆਵਰਤ ਕਿਹਾ ਗਿਆ। ਇਹ ਦੋਵੇਂ ਸਮੂਹ ਮਹਾਨ ਅਤੇ ਪ੍ਰਭਾਵਸ਼ੈਲੀ ਸਨ।

ਅਸਲ ਵਿਚ ਇਹ ਈਰਾਨੀ ਹੀ ਸਨ ਜਿਨ੍ਹਾਂ ਨੇ ਭਾਰਤ ਦਾ ਨਾਂ ਦੂਰ ਪੱਛਮ ਤੱਕ ਪਹੁੰਚਾਇਆ ਸੀ। ਕੁਰਦ ਸਰਹੱਦ 'ਤੇ ਬੇਹਿਸਤੂਨ ਸ਼ਿਲਾਲੇਖ 'ਤੇ ਉੱਕਰਿਆ ਹਿੰਦੂਸ਼ ਸ਼ਬਦ ਇਸ ਗੱਲ ਦੀ ਗਵਾਹੀ ਦਿੰਦਾ ਹੈ। ਫਾਰਸੀਆਂ ਨੇ ਵੀ ਅਰਬੀ ਸਿੱਖੀ, ਪਰ ਆਪਣੇ ਹੀ ਅੰਦਾਜ਼ ਵਿੱਚ। ਕਿਸੇ ਸਮੇਂ ਅੱਗ ਦੀ ਪੂਜਾ ਕਰਨ ਵਾਲੇ ਜ਼ਰਸਥਰੂਤੀਆਂ ਦੀ ਅਜਿਹੀ ਮੌਜੂਦਗੀ ਸੀ, ਉੱਥੇ ਇਸਲਾਮ ਉੱਭਰ ਵੀ ਨਾ ਸਕਦਾ।

ਇਹ ਗੱਲਾਂ ਤਾਂ ਇਸਲਾਮ ਤੋਂ ਵੀ ਸਦੀਆਂ ਪਹਿਲਾਂ ਅਤੇ ਈਸਾ ਤੋਂ ਚਾਰ ਸਦੀਆਂ ਪਹਿਲਾਂ ਦੀਆਂ ਹਨ। ਸੰਸਕ੍ਰਿਤ-ਅਵੇਸਤਾ ਵਿਚ ਨਾੜੂਏ ਵਾਲਾ ਸਬੰਧ ਹੈ। ਜੇਕਰ ਹਿੰਦੂਕੁਸ਼-ਬਾਮਿਆਨ ਦੇ ਇਸ ਪਾਸੇ ਯੱਗ ਕੀਤਾ ਜਾਂਦਾ ਤਾਂ ਦੂਜੇ ਪਾਸੇ ਯਸ਼ਨ। ਆਰਿਆਮਨ, ਅਥਰਵਨ, ਹੋਮ, ਸੋਮ, ਹਵਨ ਵਰਗੇ ਸ਼ਬਦ ਇੱਥੇ ਵੀ ਸਨ ਅਤੇ ਉੱਥੇ ਵੀ। ਫ਼ਾਰਸੀ, ਫ਼ਾਰਸੀ, ਫਾਰਸੀਆਂ ਨੂੰ ਸਵੀਕਾਰ ਕਰਨ ਦੀ ਗੁੰਜਾਇਸ਼ ਇੱਥੇ ਤੱਕ ਹੀ ਨਹੀਂ ਰਹੀ, ਸਨਾਤਨ ਦਾ ਇਹ ਆਪਣਾਪਨ ਇਸਲਾਮ ਦੇ ਖੇਤਰ ਵਿਚ ਵੀ ਦਿਖਾਈ ਦਿੰਦਾ ਹੈ।

### ਹਿੰਦ, ਹਿੰਦਸ਼, ਹਿੰਦਵਾਨ

ਹਿੰਦੂਸ਼ ਸ਼ਬਦ ਤਾਂ ਈਸਾ ਤੋਂ ਵੀ ਦੋ ਹਜ਼ਾਰ ਸਾਲ ਪਹਿਲਾਂ ਅਕਾਦੀ ਸੱਭਿਅਤਾ ਵਿਚ ਮੌਜੂਦ ਸੀ। ਅੱਕਦ, ਸੁਮੇਰ ਅਤੇ ਮਿਸਰ ਨਾਲ ਭਾਰਤ ਦੇ ਸਬੰਧ ਸਨ। ਇਹ ਹੜੱਪਾ ਕਾਲ ਦੀ ਗੱਲ ਹੈ। ਸਿੰਧ ਸਿਰਫ਼ ਇੱਕ ਨਦੀ ਨਹੀਂ ਸੀ, ਸਗੋਂ ਸਾਗਰ, ਧਾਰਾ ਅਤੇ ਜਲ ਸਮਾਨਆਰਥਕ ਸੀ। ਸਿੰਧ ਦੇ ਸੱਤ ਦਰਿਆਵਾਂ ਵਾਲੇ ਪ੍ਰਸਿੱਧ 'ਸਪਤਸਿੰਧ', 'ਸਪਤਸਿੰਧੂ' ਖੇਤਰ ਨੂੰ ਪ੍ਰਾਚੀਨ ਫ਼ਾਰਸੀ ਵਿੱਚ 'ਹਫ਼ਤਹਿੰਦੂ' ਕਿਹਾ ਜਾਂਦਾ ਸੀ। ਸਪੱਸ਼ਟ ਹੈ ਕਿ ਹਿੰਦ, ਹਿੰਦੂ, ਹਿੰਦਵਾਨ, ਹਿੰਦੂਸ਼ ਵਰਗੇ ਕਈ ਨਾਮ ਬਹੁਤ ਪ੍ਰਾਚੀਨ ਹਨ। ਇੰਡਸ, ਇਸੇ ਹਿੰਦਸ਼ ਦਾ ਗ੍ਰੀਕ (ਯੂਨਾਨੀ) ਰੂਪ ਹੈ। ਇਹ ਇਸਲਾਮ ਤੋਂ ਵੀ ਸਦੀਆਂ ਪਹਿਲਾਂ ਦੀ ਗੱਲ ਹੈ। ਯੂਨਾਨੀ ਵਿੱਚ ਭਾਰਤ ਲਈ ਇੰਡੀਆ ਜਾਂ ਸਿੰਧੂ ਲਈ ਇੰਡਸ ਸ਼ਬਦਾਂ ਦੀ ਵਰਤੋਂ ਅਸਲ ਵਿੱਚ ਇਸ ਗੱਲ ਦਾ ਸਬੂਤ ਹੈ ਕਿ ਹਿੰਦ ਇੱਕ ਬਹੁਤ ਪ੍ਰਾਚੀਨ ਸ਼ਬਦ ਹੈ ਅਤੇ ਭਾਰਤ ਦੀ ਪਛਾਣ ਹੈ। ਸੰਸਕ੍ਰਿਤ ਦਾ 'ਸਥਾਨ' ਫਾਰਸੀ ਵਿੱਚ 'ਸਤਾਨ' ਹੋ ਜਾਂਦਾ ਹੈ। ਇਸ ਤਰ੍ਹਾਂ ਹਿੰਦ ਨਾਲ ਜੁੜ ਕੇ ਹਿੰਦੁਸਤਾਨ ਬਣਿਆ, ਭਾਵ ਜਿੱਥੇ ਹਿੰਦੀ ਲੋਕ ਰਹਿੰਦੇ ਹਨ, ਹਿੰਦੂ ਰਹਿੰਦੇ ਹਨ। ਭਾਰਤ-ਯੂਰਪੀਅਨ ਭਾਸ਼ਾਵਾਂ ਵਿੱਚ 'ਹ' 'ਅ' ਵਿੱਚ ਬਦਲ ਜਾਂਦਾ ਹੈ। 'ਸ' ਦਾ 'ਅ' ਨਹੀਂ ਹੁੰਦਾ। ਮੇਸੋਪੋਟੇਮੀਆ ਦੇ ਸੱਭਿਆਚਾਰਾਂ ਨਾਲ ਹਿੰਦੂਆਂ ਦਾ ਹੀ ਸੰਪਰਕ ਸੀ। ਹਿੰਦੂ ਅਸਲ ਵਿੱਚ ਗ੍ਰੀਕ-ਇੰਡਸ, ਅਰਬ, ਅੱਕਾਦ, ਫਾਰਸੀ ਸਬੰਧਾਂ ਦਾ ਨਤੀਜਾ ਹੈ।

### ਅਸੀਂ ਹਾਂ 'ਭਾਰਤਵਾਸੀ'

'ਇੰਡਿਕਾ' ਦਾ ਇਸਤੇਮਾਲ ਮੇਗਾਸਥੀਨੀਜ਼ ਨੇ ਕੀਤਾ। ਉਹ ਪਾਟਲੀਪੁੱਤਰ ਵਿੱਚ ਵੀ ਕਾਫੀ ਸਮਾਂ ਰਿਹਾ ਪਰ ਉੱਥੇ ਪਹੁੰਚਣ ਤੋਂ ਪਹਿਲਾਂ ਉਹ ਬਖਤਰ, ਬਖਤਰੀ (ਬੈਕਟਰੀਆ), ਗੰਧਾਰ, ਤਕਸ਼ਸ਼ਿਲਾ (ਟੈਕਸਲਾ) ਇਲਾਕਿਆਂ ਵਿੱਚੋਂ ਦੀ ਲੰਘਿਆ ਸੀ। ਇੱਥੇ ਹਿੰਦ, ਹਿੰਦਵਾਨ, ਹਿੰਦੂ ਆਦਿ ਸ਼ਬਦ ਪ੍ਰਚਲਿਤ ਸਨ। ਉਸ ਨੇ ਯੂਨਾਨੀ ਵੋਕਲ ਪ੍ਰਣਾਲੀ (ਬੋਲਣ ਦਾ ਢੰਗ) ਅਨੁਸਾਰ ਇੰਡਸ, ਇੰਡੀਆ ਵਰਗੇ ਰੂਪ ਅਪਣਾਏ। ਇਹ ਈਸਾ ਮਸੀਹ ਤੋਂ ਤਿੰਨ ਸਦੀਆਂ ਪਹਿਲਾਂ ਅਤੇ ਪੈਗ਼ੰਬਰ ਮੁਹੰਮਦ ਤੋਂ 10 ਸਦੀਆਂ ਪਹਿਲਾਂ ਦੀ ਗੱਲ ਹੈ। ਜਿੱਥੋਂ ਤੱਕ ਜੰਬੂਦੀਪ ਦੀ ਗੱਲ ਹੈ, ਇਹ ਸਭ ਤੋਂ ਪੁਰਾਣਾ ਨਾਮ ਹੈ। ਅੱਜ ਦੇ ਭਾਰਤ, ਆਰੀਆਵਰਤ ਅਤੇ ਭਾਰਤਵਰਸ਼ ਤੋਂ ਵੀ ਵੱਡਾ। ਪਰ ਇਹ ਸਾਰੇ ਵੇਰਵੇ ਬਹੁਤ ਵਿਸਥਾਰ ਮੰਗਦੇ ਹਨ ਅਤੇ ਇਨ੍ਹਾਂ ਸਬੰਧੀ ਅਜੇ ਅਧਿਐਨ ਜਾਰੀ ਹਨ।

ਜਾਮੁਨ ਦੇ ਫ਼ਲ ਨੂੰ ਸੰਸਕ੍ਰਿਤ ਵਿੱਚ 'ਜੰਬੂ' ਕਿਹਾ ਜਾਂਦਾ ਹੈ। ਬਹੁਤ ਸਾਰੇ ਜ਼ਿਕਰ ਹਨ ਕਿ ਇਸ ਕੇਂਦਰੀ ਭੂਮੀ ਅਰਥਾਤ ਅੱਜ ਦੇ ਭਾਰਤ ਵਿੱਚ ਜਾਮੁਨ ਦੇ ਰੁੱਖਾਂ ਦੀ ਬਹੁਤਾਤ ਸੀ। ਇਸ ਕਾਰਨ ਇਸ ਨੂੰ ਜੰਬੂ ਦੀਪ ਕਿਹਾ ਜਾਂਦਾ ਸੀ। ਜੋ ਵੀ ਹੋਵੇ, ਸਾਡੀ ਚੇਤਨਾ ਜੰਬੂਦੀਪ ਨਾਲ ਨਹੀਂ, ਭਾਰਤ ਨਾਮ ਨਾਲ ਜੁੜੀ ਹੋਈ ਹੈ। 'ਭਾਰਤ' ਨਾਂਵ ਦੀਆਂ ਸਾਰੀਆਂ ਪਰਤਾਂ ਵਿੱਚ ਭਾਰਤ ਹੋਣ ਦੀ ਕਹਾਣੀ ਉੱਕਰੀ ਹੋਈ ਹੈ।



# ਇੰਡਸ ਵੈਲੀ ਅਮੈਰਿਕਨ ਚੈਂਬਰ ਆਫ ਕਾਮਰਸ ਵੱਲੋਂ ਪਿਕਨਿਕ ਆਯੋਜਿਤ ਕੀਤੀ ਗਈ











ਵੇਰਵਾ- ਸੁਖਚੈਨ ਸਿੰਘ, ਤਸਵੀਰਾਂ - ਗੈਰੀ ਸਿੱਧੂ

**ਐਲਕ ਗ੍ਰੋਵ (ਕੈਲੇਫੋਰਨੀਆ)–** ਇੰਡਸ ਵੈਲੀ ਅਮੈਰਿਕਨ ਚੈਂਬਰ ਆਫ ਕਾਮਰਸ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੀਤੀ 6 ਅਗਸਤ 2023 ਨੂੰ ਸਵੇਰੇ 10 ਵਜੇ ਤੋਂ 6.30 ਵਜੇ ਤੱਕ ਪਿਕਨਿਕ 2023 ਆਯੋਜਿਤ ਕੀਤੀ ਗਈ। ਇਹ ਸਮਾਗਮ ਸਵਰਗੀ ਸ੍ਰੀ ਲਾਹੌਰੀ ਰਾਮ ਜੀ ਜੋ ਕਿ ਇੰਡੋ-ਅਮੈਰਿਕਨ ਕੈਲੇਫੋਰਨੀਆ ਦੇ ਸਿਆਸਤਦਾਨ ਵਜੋਂ ਪ੍ਰਸਿੱਧ ਸਨ, ਦੀ ਯਾਦ ਵਿਚ ਕਰਵਾਈ ਗਈ। ਐਲਕ ਗ੍ਰੋਵ ਪਾਰਕ, 9950 ਐਲਕ ਗ੍ਰੋਵ-ਫਲੋਰਿਨ ਰੋਡ, ਸੈਕਸ਼ਨ ਸੀ., ਐਲਕ ਗ੍ਰੋਵ ਵਿਖੇ ਕਰਵਾਈ ਗਈ ਇਸ ਪਿਕਨਿਕ ਨੂੰ Mrs. and Mr. Gurdev S. Toor, ਅਤੇ Gurmeet Warrich (ਦੋਵੇਂ ਬਿਜਨਸਮੈਨ) ਦੁਆਰਾ ਸਪਾਂਸਰ ਕੀਤਾ ਗਿਆ।

ਇਸ ਮੌਕੇ ਫੈਮਲੀ ਮੈਡੀਸਿਨ ਅਤੇ ਅਰਜੈਂਟ ਕੇਅਰ ਕਲੀਨਿਕ ਦੀ ਸੇਵਾ Dr. Paramjit Takhar & Dr. Goodie Takhar ਦੁਆਰਾ ਲਗਾਈ ਗਈ। ਇਸ ਮੌਕੇ ਬਿਜਨਸ ਵੋਮੈਨ Parry Sohi ਨੇ ਵੀ ਅਹਿਮ ਯੋਗਦਾਨ ਪਾਇਆ। ਇਸ ਪਿਕਨਿਕ ਮੌਕੇ ਮੁੱਖ ਮਹਿਮਾਨ Hon.Pat Hume, ਕਾਉਂਟੀ ਸੁਪਰਵਾਈਜ਼ਰ, ਡਿਸਟ੍ਰਿਕਟ 5 ਅਤੇ ਅਸੈਂਬਲੀ ਵੋਮੈਨ Stephanie. Nguyen ਅਤੇ Hon Rod Brewer, ਕੌਂਸਲਮੈਨ ਐਲਕਗ੍ਰੋਵ ਕੈਨੇਫੋਰਨੀਆ ਸ਼ਾਮਲ ਹੋਏ। ਇਸ ਮੌਕੇ ਡੀ. ਜੇ., ਸਾਰੀ ਉਮਰ ਦੇ ਲੋਕਾਂ ਲਈ ਖੇਡਾਂ, ਸੰਗੀਤ ਮੁਕਾਬਲਾ, ਤਾਸ਼ ਮੁਕਾਬਲੇ ਅਤੇ ਐਵਾਰਡ ਵੰਡੇ ਗਏ। ਇਸ ਮੌਕੇ ਵਾਲੀਬਾਲ, ਮਿਊਜ਼ਿਕ ਟੀਮਾਂ, ਸਾਕਰ ਕੰਪੀਟੀਸ਼ਨ ਦੇ ਮੁਕਾਬਲੇ ਕਰਵਾਏ ਗਏ। ਇਸ ਪਿਕਨਿਕ ਵਿਚ ਸ਼ਾਮਲ ਹੋਣ ਦੀ ਕੋਈ ਫੀਸ ਨਹੀਂ ਲਈ ਜਾਂਦੀ ਹੈ। ਇਸ ਪਿਕਨਿਕ ਨੂੰ ਸਫਲ ਬਣਾਉਣ ਲਈ ਪਵਿੱਤਰ ਨਾਹਲ, ਅਮਰਜੀਤ ਬੇਦੀ/ ਲੋਡਾਈ, ਦਲਜੀਤ ਸਿੰਘ ਸੰਧੂ, ਕੇਵਲ ਬੋਲੀਨਾ, ਲਖਵਿੰਦਰ ਕੌਰ ਨੇ ਅਹਿਮ ਯੋਗਦਾਨ ਪਾਇਆ।


URGENT CARE CLINIC

DR. TAKHAR'S FAMILY MEDICINE & URGENT CARE CLINIC


Dr. Paramjit S Takhar, MD

8191 Timberlake Way, Suite # 400, Sacramento, CA 95823
Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

We speak your language: Panjabi, Hindi, Urdu, Farsi, Arabic and Spanish


Goodie Takhar, PhD

ਦੇਸ਼ ਦੁਆਬਾ

# ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੁੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ,**
**ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**

### 4 ਸਤੰਬਰ ਅਮਰੀਕੀ ਮਜ਼ਦੂਰ ਦਿਵਸ 'ਤੇ ਵਿਸ਼ੇਸ਼

# ਅਮਰੀਕੀ ਮਜ਼ਦੂਰ ਦਿਵਸ ਦਾ ਇਤਿਹਾਸਿਕ ਪਿਛੋਕੜ



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਦੁਨੀਆਂ ਭਰ ਵਿਚ 1 ਮਈ ਨੂੰ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਪਰ ਅਮਰੀਕਾ ਤੇ ਕਨੇਡਾ ਵਿੱਚ ਮਜ਼ਦੂਰ ਦਿਵਸ ਸਤੰਬਰ ਦੇ ਪਹਿਲੇ ਸੋਮਵਾਰ ਮਨਾਇਆ ਜਾਂਦਾ ਹੈ, ਹਾਲਾਂਕਿ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਦਾ ਜਨਮ-ਦਾਤਾ ਵੀ ਅਮਰੀਕਾ ਹੀ ਹੈ। ਇਸ ਸਾਲ ਇਨ੍ਹਾਂ ਦੋਵਾਂ ਮੁਲਕਾਂ ਵਿਚ ਇਹ ਦਿਨ 4 ਸਤੰਬਰ ਨੂੰ ਮਨਾਇਆ ਜਾ ਰਿਹਾ ਹੈ। ਇਸ ਦਿਨ ਦੋਵਾਂ ਦੇਸ਼ਾਂ ਵਿਚ ਕੌਮੀ ਛੁੱਟੀ ਹੁੰਦੀ ਹੈ। ਹੁਣ ਸੁਆਲ ਪੈਦਾ ਹੁੰਦਾ ਹੈ ਕਿ ਜਦ ਬਾਕੀ ਸਾਰੀ ਦੁਨੀਆਂ ਵਿਚ ਇਹ ਦਿਵਸ ਪਹਿਲੀ ਮਈ ਮਨਾਇਆ ਜਾਂਦਾ ਹੈ ਤਾਂ ਇਨ੍ਹਾਂ ਦੋਵਾਂ ਮੁਲਕਾਂ ਵਿਚ ਕਿਉਂ ਨਹੀਂ? ਅਮਰੀਕੀ ਹਾਕਮ ਮਈ ਦਿਵਸ ਨੂੰ ਕਮਿਉਨਿਸਟ ਪੱਖੀ ਤੇ ਅਰਾਜਕਤਾ (ਅਨਾਰਕਿਸਟ) ਸਮਝਦੇ ਹਨ। ਜਿਵੇਂ ਦੀਵਾਲੀ ਵਾਲੇ ਦਿਨ ਭਾਰਤ ਵਿੱਚ ਕਾਰਖਾਨੇਦਾਰ ਮਜ਼ਦੂਰਾਂ ਨੂੰ ਤੋਹਫ਼ੇ ਦਿੰਦੇ ਹਨ ,ਉਸੇ ਤਰ੍ਹਾਂ ਅਮਰੀਕਾ ਤੇ ਕਨੇਡਾ ਵਿੱਚ ਵੀ ਮਾਲਕ ਆਪਣੇ ਨੌਕਰਾਂ ਦੀ ਖੂਬ ਸੇਵਾ ਕਰਦੇ ਹਨ। ਇਹ ਦਿਨ ਉਨ੍ਹਾਂ ਅਮਰੀਕਾ ਕਾਮਿਆਂ ਨੂੰ ਸਮਰਪਿਤ ਹੈ ਜਿਨ੍ਹਾਂ ਨੇ ਦੇਸ਼ ਨੂੰ ਖੁਸ਼ਹਾਲ ਬਣਾਇਆ ਅਤੇ ਇਸ ਦੀ ਭਲਾਈ ਲਈ ਕੰਮ ਕੀਤਾ। ਅਮਰੀਕੀ ਕਿਰਤੀ ਨੇ ਨਾ ਕੇਵਲ ਅਮਰੀਕਾ ਸਗੋਂ ਸਾਰੀ ਦੁਨੀਆਂ ਲਈ ਰਾਹ ਦਸੇਰਾ ਦਾ ਕੰਮ ਕੀਤਾ ਹੈ।

ਜਿੱਥੋਂ ਤੀਕ ਇਸ ਦਿਨ ਦੀ ਸ਼ੁਰੂਆਤ ਦਾ ਸੰਬੰਧ ਹੈ, 1880 ਵਿੱਚ ਮੰਦਵਾੜੇ ਨੇ ਅਮਰੀਕਾ ਨੂੰ ਬਹੁਤ ਨੁਕਸਾਨ ਪਹੁੰਚਾਇਆ। ਮੰਦੇ ਕਾਰਨ ਮਜ਼ਦੂਰਾਂ ਦੀ ਤਨਖਾਹ ਘੱਟ ਗਈ ਅਤੇ ਬੇਰੁਜ਼ਗਾਰੀ ਵਿੱਚ ਭਾਰੀ ਵਾਧਾ ਹੋਇਆ। ਇਸ ਮੌਕੇ 'ਤੇ ਨਾਇਟਸ ਆਫ਼ ਲੇਬਰ ਨਾਂ ਦੀ ਜਥੇਬੰਦੀ ਮਜ਼ਦੂਰਾਂ ਦੀ ਮਦਦ ਲਈ ਅੱਗੇ ਆਈ। ਉਸ ਨੇ ਮਜ਼ਦੂਰਾਂ ਦੀਆਂ ਪਰੰਪਰਾਗਤ ਮੰਗਾਂ, ਜਿਨ੍ਹਾਂ ਵਿੱਚ ਦਿਨ ਵਿੱਚ ਕੰਮ ਕਰਨ ਦਾ ਸਮਾਂ 8 ਘੰਟੇ ਕਰਨ, ਸਹਿਕਾਰੀ ਅਦਾਰੇ ਸਥਾਪਤ ਕਰਨ, ਬਾਲ ਮਜ਼ਦੂਰੀ ਉਪਰ ਪਾਬੰਦੀ ਲਾਉਣ, ਔਰਤਾਂ ਤੇ ਮਰਦਾਂ ਨੂੰ ਬਰਾਬਰ ਤਨਖਾਹ ਦੇਣ, ਮਜ਼ਦੂਰੀ ਅੰਕੜਿਆਂ ਲਈ ਵੱਖਰਾ ਬਿਊਰੋ ਸਥਾਪਤ ਕਰਨ, ਜ਼ੇਲ੍ਹ ਮਜ਼ਦੂਰੀ ਲਈ ਠੇਕੇਦਾਰੀ ਪ੍ਰਣਾਲੀ ਖ਼ਤਮ ਕਰਨ, ਪੜਾਅਵਾਰ ਇਨਕਮ ਟੈਕਸ ਲਾਉਣ, ਰੇਲਵੇ ਤੇ ਟੈਲੀਗ੍ਰਾਫ ਵਿਭਾਗ ਸਰਕਾਰ ਨੂੰ ਸੌਂਪਣ, ਪਬਲਿਕ ਜ਼ਮੀਨ ਅਸਲੀ ਆਬਾਦਕਾਰਾਂ ਲਈ ਰੀਜ਼ਰਵ ਕਰਨ ਆਦਿ ਸ਼ਾਮਲ ਸਨ, ਨੂੰ ਲੈ ਕੇ 5 ਸਤੰਬਰ 1882 ਨੂੰ ਨਿਊਯਾਰਕ ਸਿਟੀ ਵਿੱਚ ਇੱਕ ਬਹੁਤ ਵੱਡੀ ਪ੍ਰੇਡ ਦਾ ਆਯੋਜਨ ਕੀਤਾ। ਇਸ ਦਿਨ ਮੰਗਲਵਾਰ ਸੀ। ਮਜ਼ਦੂਰਾਂ ਨੇ ਆਪਣੀ ਤਨਖਾਹ ਕਟਾਕੇ ਇਸ ਪ੍ਰੇਡ ਵਿੱਚ ਭਾਗ ਲਿਆ। ਨਿਊਯਾਰਕ ਦੇ ਜਿਹੜੇ ਮਜ਼ਦੂਰ ਇਸ ਪ੍ਰੇਡ ਵਿੱਚ ਸ਼ਾਮਲ ਨਾ ਹੋਏ ਉਨ੍ਹਾਂ ਨੂੰ ਯੂਨੀਅਨ ਨੇ ਜੁਰਮਾਨਾ ਕੀਤਾ। ਇਸ ਪ੍ਰੇਡ ਵਿੱਚ ਨਿਊਯਾਰਕ ਸਿਟੀ ਦੇ ਸੈਂਟਰਲ ਲੇਬਰ ਯੂਨੀਅਨ ਦੇ ਸੈਕਟਰੀ ਮੈਥਿਊ ਮੈਗਾਇਰ ਨੇ ਇਸ ਦਿਨ ਲੇਬਰ ਡੇ ਦੇ ਤੌਰ 'ਤੇ ਛੁੱਟੀ ਕਰਨ ਦੀ ਤਜਵੀਜ਼ ਰੱਖੀ। ਨਾਇਟਸ ਆਫ ਲੇਬਰ ਜਥੇਬੰਦੀ ਦੀ ਨੀਂਹ 9 ਦਸੰਬਰ 1869 ਨੂੰ ਫਿਲਾਡੈਲਫੀਆ ਵਿਖੇ 9 ਦਰਜ਼ੀਆਂ ਨੇ ਹੁਨਰਮੰਦ ਤੇ ਗ਼ੈਰ-ਹੁਨਰਮੰਦ ਕਾਮਿਆਂ ਦੀ ਇੱਕ ਸਾਂਝੀ ਜਥੇਬੰਦੀ ਬਨਾਉਣ ਲਈ ਰੱਖੀ ਸੀ। ਸਟੀਫਨਸ ਜੋ ਕਿ ਪੇਸ਼ੇ ਵਜੋਂ ਦਰਜ਼ੀ ਸੀ, ਇਸ ਦਾ ਲੀਡਰ ਸੀ। ਹੌਲੀ ਹੌਲੀ ਇਸ ਵਿੱਚ ਸਭ ਤਰ੍ਹਾਂ ਦੇ ਕਾਮੇ ਸ਼ਾਮਲ ਹੋ ਗਏ ਤੇ ਇਹ ਇੱਕ ਮਜ਼ਬੂਤ ਜਥੇਬੰਦੀ ਬਣ ਗਈ। ਅਸਲ ਵਿੱਚ ਇਸ ਲਾਮਬੰਦੀ ਪਿੱਛੇ ਅਮਰੀਕੀ ਗ੍ਰਹਿ ਯੁੱਧ (1861-1865) ਸੀ ਜਿਸ ਨੇ ਕਿਰਤੀਆਂ ਨੂੰ ਜਾਗਰੂਕ ਕੀਤਾ ਤੇ ਉਹ ਆਪਣੇ ਹੱਕਾਂ ਲਈ ਲਾਮਬੰਦ ਹੋਣੇ ਸ਼ੁਰੂ ਹੋਏ। 5 ਸਤੰਬਰ 1883 ਨੂੰ ਸੈਂਟਰਲ ਲੇਬਰ ਯੂਨੀਅਨ ਵਲੋਂ ਦੂਜਾ ਮਜ਼ਦੂਰ ਦਿਵਸ ਛੁੱਟੀ ਦੇ ਤੌਰ 'ਤੇ ਮਨਾਇਆ ਗਿਆ। ਪਰ 1884 ਵਿੱਚ ਸਤੰਬਰ ਦੇ ਪਹਿਲੇ ਸੋਮਵਾਰ ਨੂੰ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਗਿਆ। 1894 ਵਿੱਚ ਯੂ.ਐਸ. ਕਾਂਗਰਸ ਨੇ ਇਸ ਨੂੰ ਕੌਮੀ ਛੁੱਟੀ ਵਜੋਂ ਮਾਨਤਾ ਦਿੱਤੀ। ਇਸ ਦਿਨ ਪ੍ਰੇਡਾਂ ਹੁੰਦੀਆਂ ਹਨ, ਮਜ਼ਦੂਰਾਂ ਤੇ ਰਾਜਨੀਤਕ ਆਗੂਆਂ ਵੱਲੋਂ ਭਾਸ਼ਨ ਦਿੱਤੇ ਜਾਂਦੇ ਹਨ।




ਜਿੱਥੋਂ ਤੀਕ 1 ਮਈ ਨੂੰ ਬਾਕੀ ਦੇਸ਼ਾਂ ਵਿੱਚ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ ਮਨਾਉਣ ਦਾ ਸੰਬੰਧ ਹੈ, ਇਸ ਦਾ ਪਿਛੋਕੜ ਵੀ ਅਮਰੀਕਾ ਨਾਲ ਜੁੜਿਆ ਹੋਇਆ ਹੈ। ਇਕ ਮਈ 1886 ਨੂੰ ਅਮੈਰਿਕਨ ਲੇਬਰ ਫੇਡਰੇਸ਼ਨ ਨੇ ਕੰਮ ਦਾ ਸਮਾਂ 8 ਘੰਟੇ ਕਰਨ ਦੀ ਮੰਗ ਨੂੰ ਲੈ ਕੇ ਦੇਸ਼ ਭਰ ਵਿੱਚ ਹੜਤਾਲ ਕਰਨ ਦਾ ਐਲਾਨ ਕੀਤਾ। ਇਸ ਹੜਤਾਲ ਨੂੰ ਭਰਵਾਂ ਹੁੰਗਾਰਾ ਮਿਲਿਆ। ਲੱਖਾਂ ਕਾਮੇ ਕੰਮ ਛੱਡ ਕੇ ਹੜਤਾਲ ਵਿੱਚ ਸ਼ਾਮਲ ਹੋ ਗਏ ਤੇ ਦਿਨ-ਬ-ਦਿਨ ਹੜਤਾਲੀ ਕਾਮਿਆਂ ਦੀ ਗਿਣਤੀ ਵੱਧਣ ਲੱਗੀ। 3 ਮਈ ਨੂੰ ਮਜ਼ਦੂਰ ਆਗੂ ਅਗਸਤ ਸਪਾਇਸ ਸ਼ਿਕਾਗੋ ਵਿਖੇ ਮੈਕ ਕਾਰਮਿਕ ਰੀਪਰ ਪਲਾਂਟ ਦੇ ਕਾਮਿਆਂ ਨੂੰ ਸੰਬੋਧਨ ਕਰ ਰਿਹਾ ਸੀ ਕਿ ਪੁਲਿਸ ਨੇ ਕੈਪਟਨ ਬੋਨਫੀਲਡ ਦੀ ਅਗਵਾਈ ਵਿੱਚ ਆ ਕੇ ਗੋਲੀ ਚਲਾਈ ਜਿਸ ਨਾਲ ਦੋ ਕਾਮੇ ਮਾਰੇ ਗਏ। ਰਾਤ ਨੂੰ ਮਜ਼ਦੂਰ ਆਗੂਆਂ ਨੇ ਮੀਟਿੰਗ ਕਰਕੇ ਇਨ੍ਹਾਂ ਮੌਤਾਂ ਦੇ ਰੋਸ ਵਜੋਂ ਰੈਲੀ ਕਰਨ ਦਾ ਫੈਸਲਾ ਕੀਤਾ। 4 ਮਈ ਨੂੰ ਸ਼ਿਕਾਗੋ ਦੇ ਹੇਅ ਮਾਰਕੀਟ ਸੁਕੇਅਰ ਵਿੱਚ ਇੱਕ ਜ਼ਬਰਦਸਤ ਰੈਲੀ ਕੀਤੀ ਗਈ। 176 ਪੁਲੀਸ ਕਰਮਚਾਰੀਆਂ ਨੇ ਇਸ ਰੈਲੀ ਨੂੰ ਖਿਡ-ਾਉਣ ਲਈ ਕਾਮਿਆਂ ਉਪਰ ਮਿਲਟਰੀ ਦੀ ਤਰ੍ਹਾਂ ਹਮਲਾ ਕੀਤਾ। ਕਿਸੇ ਅਗਿਆਤ ਵਿਅਕਤੀ ਨੇ ਇੱਕ ਡੈਨੇਮਾਇਟ ਬੰਬ ਸੁੱਟਿਆ, ਜਿਸ ਨਾਲ ਇੱਕ ਪੁਲੀਸ ਅਫ਼ਸਰ ਮਾਰਿਆ ਗਿਆ ਤੇ ਕਈ ਜ਼ਖ਼ਮੀ ਹੋ ਗਏ। ਇਸ ਦੇ ਜੁਆਬ ਵਿੱਚ ਪੁਲੀਸ ਨੇ ਗੋਲੀ ਚਲਾ ਦਿੱਤੀ। ਘੱਟੋ ਘੱਟ 4 ਮਜ਼ਦੂਰ ਮਾਰੇ ਗਏ ਤੇ ਕਈ ਜ਼ਖ਼ਮੀ ਹੋ ਗਏ।

ਪੁਲੀਸ ਦੀ ਆਪਣੀ ਗੋਲੀ ਨਾਲ 6 ਪੁਲੀਸ ਕਰਮਚਾਰੀ ਵੀ ਮਾਰੇ ਗਏ। ਬੰਬ ਸੁੱਟਣ ਵਾਲੇ ਦਾ ਕੋਈ ਥਹੁ-ਪਤਾ ਨਾ ਲੱਗਾ। ਪੁਲੀਸ ਨੇ ਮੀਟਿੰਗ ਵਿੱਚ ਭਾਸ਼ਨ ਦੇਣ ਵਾਲਿਆਂ ਅਤੇ ਪ੍ਰਬੰਧਕਾਂ ਨੂੰ ਫੜ ਲਿਆ। ਮਜ਼ਦੂਰ ਆਗੂ ਅਲਬਰਟ ਪਾਰਸਨਸ ਬਚ ਨਿਕਲਿਆ, ਪਰ ਮੁਕੱਦਮੇ ਦੀ ਸੁਣਵਾਈ ਦੌਰਾਨ ਉਹ ਵੀ ਆਪਣੇ ਸਾਥੀਆਂ ਨਾਲ ਮੁਕੱਦਮੇ ਵਿੱਚ ਸ਼ਾਮਲ ਹੋ ਗਿਆ। ਅੱਠ ਆਗੂਆਂ ਉਪਰ ਮੁਕੱਦਮਾ ਚਲਾਇਆ ਗਿਆ। ਸੱਤਾਂ ਨੂੰ ਫ਼ਾਂਸੀ ਦੀ ਸਜ਼ਾ ਅਤੇ ਇੱਕ ਨੂੰ 15 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ। ਇਸ ਮੁਕੱਦਮੇ ਵਿੱਚ ਬਚਾਅ ਪੱਖ ਦੇ ਵਕੀਲ ਨੂੰ ਸੁਣਿਆ ਨਾ ਗਿਆ ਤੇ ਜਿਸ ਜੱਜ ਕੋਲ ਇਹ ਮੁਕੱਦਮਾ ਲੱਗਿਆ ਉਹ ਮਜ਼ਦੂਰ ਵਿਰੋਧੀ ਸੀ। 11 ਨਵੰਬਰ 1887 ਨੂੰ ਫ਼ਾਂਸੀ ਦੇਣ ਦੀ ਮਿਤੀ ਤਹਿ ਕੀਤੀ ਗਈ। 10 ਨਵੰਬਰ ਨੂੰ ਗਵਰਨਰ ਨੇ 2 ਦੀ ਸਜ਼ਾ ਘੱਟ ਕਰਕੇ ਉਮਰ ਕੈਦ ਕਰ ਦਿੱਤੀ। ਇਸ ਤਰ੍ਹਾਂ ਉਹਨਾਂ ਨੂੰ ਫ਼ਾਂਸੀ ਲੱਗਣ ਤੋਂ ਬਚਾ ਲਿਆ ਗਿਆ। ਲਾਉਸ ਲਿੰਗ ਨੇ ਧਮਾਕਾਯੋਗ ਡੈਨੇਮਾਇਟ ਟੋਪੀ ਚੱਕ ਮਾਰ ਕੇ ਆਪਣੇ ਆਪ ਨੂੰ ਖ਼ਤਮ ਕਰ ਲਿਆ ਤੇ ਬਾਕੀ ਚਾਰ ਆਗੂਆਂ ਜਿਨ੍ਹਾਂ ਵਿੱਚ ਅਗਸਤ ਸਪਾਇਸ, ਅਡਲਫ ਫਿਸ਼ਰ, ਐਲਬਰਟ ਪਾਰਨਸ ਅਤੇ ਜਾਰਜ ਏਜੰਲਸ ਸ਼ਾਮਲ ਸਨ ਨੂੰ 11 ਨਵੰਬਰ ਨੂੰ ਫ਼ਾਂਸੀ ਦਿੱਤੀ ਗਈ। ਇਸ ਦਿਨ ਨੂੰ "ਬਲੈਕ ਫਰਾਈਡੇ" ਕਰਕੇ ਜਾਣਿਆ ਜਾਂਦਾ ਹੈ। 1893 ਵਿੱਚ ਉਹਨਾਂ ਦੀ ਯਾਦ ਵਿੱਚ ਹੇਅ ਮਾਰਕੀਟ ਸ਼ਹੀਦੀ ਸਮਾਰਕ ਬਣਾਇਆ ਗਿਆ ਜੋ 25 ਜੂਨ 1893 ਨੂੰ ਸਮਰਪਿਤ ਕੀਤਾ ਗਿਆ। ਇਸ ਯਾਦਗਾਰ ਦੇ ਮੱਥੇ 'ਤੇ ਅਗਸਤ ਸਪਾਇਸ ਦੇ ਆਖਰੀ ਸ਼ਬਦ ਉਕਰੇ ਹੋਏ ਹਨ। ਅਗਲੇ ਦਿਨ ਸੂਬਾਈ ਗਵਰਨਰ ਨੇ 3 ਬਚੇ ਹੋਏ ਲੀਡਰਾਂ ਪਾਸੋਂ ਮਾਫੀ ਮੰਗੀ ਕਿਉਂਕਿ ਅਮਰੀਕੀ ਸੰਵਿਧਾਨ ਪੁਰ-ਅਮਨ ਢੰਗ ਨਾਲ ਇਕੱਠੇ ਹੋਣ 'ਤੇ ਆਪਣੀ ਗੱਲ ਕਹਿਣ ਦਾ ਹੱਕ ਦਿੰਦਾ ਹੈ ਪਰ ਜੱਜ ਨੇ ਇਨ੍ਹਾਂ ਅਧਿਕਾਰਾਂ ਦਾ ਖਿਆਲ ਨਹੀਂ ਰੱਖਿਆ। 1889 ਵਿੱਚ ਦੂਜੀ ਸੋਸ਼ਲਿਸਟ ਇੰਟਰਨੈਸ਼ਨਲ ਦੀ ਪਹਿਲੀ ਪੈਰਿਸ ਕਾਂਗਰਸ ਨੇ ਪਹਿਲੀ ਮਈ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲੇਬਰ-ਡੇ ਮਨਾਉਣ ਦਾ ਫੈਸਲਾ ਕੀਤਾ। ਉਸ ਦਿਨ ਤੋਂ ਭਾਰਤ ਸਮੇਤ ਸਾਰੇ ਦੇਸ਼ਾਂ ਵਿੱਚ 1 ਮਈ ਨੂੰ ਅੰਤਰਾਸ਼ਟਰੀ ਮਜ਼ਦੂਰ ਦਿਵਸ ਦੇ ਤੌਰ 'ਤੇ ਮਨਾਇਆ ਜਾਂਦਾ ਹੈ।

ਇਸ ਪਿੱਛੋਂ ਅਮਰੀਕੀ ਕਿਰਤੀਆਂ ਨੂੰ ਬਹੁਤ ਸਾਰੀਆਂ ਸਹੂਲਤਾਂ ਮਿਲਣ ਲੱਗੀਆਂ। ਕਿਰਤੀਆਂ ਨੂੰ 65 ਸਾਲ ਪਿੱਛੋਂ ਪੈਨਸ਼ਨ ਮਿਲਣ ਲੱਗੀ। ਸਮਾਜਿਕ ਸੁਰੱਖਿਆ ਮੁਹੱਈਆ ਹੋਣ ਲੱਗੀ। ਕਿਰਤੀਆਂ ਨੂੰ ਛਾਂਟੀ ਸਮੇਂ ਵਿਸ਼ੇਸ਼ ਰਾਸ਼ੀ ਦਿੱਤੀ ਜਾਣ ਲੱਗੀ। ਹੁਣ ਵੀ 6 ਮਹੀਨੇ ਤੋਂ ਵੱਧ ਨੌਕਰੀਆਂ ਤੋਂ ਹਟਾਏ ਕਾਮਿਆਂ ਨੂੰ ਸਰਕਾਰ ਵੱਲੋਂ ਸਹਾਇਤਾ ਕੀਤੀ ਜਾ ਰਹੀ ਹੈ। ਕੰਮ ਦੇ ਘੰਟੇ ਨਿਸ਼ਚਿਤ ਹੋਣ ਲੱਗੇ ਤੇ ਸਰਕਾਰ ਕੰਮ ਕਰਨ ਦੇ ਘੱਟੋ ਘੱਟ ਦਰ ਨਿਸ਼ਚਿਤ ਕਰਨ ਲੱਗੀ।

# ਅਮਰੀਕਾ ਦੇ ਟੈਕਸਾਸ ਰਾਜ ਵਿਚ ਇਕ ਰੈਸਟੋਰੈਂਟ ਦੀ ਕੰਧ ਤੋੜ ਕੇ ਅੰਦਰ ਵੜੀ ਕਾਰ, 23 ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਟੈਕਸਾਸ ਰਾਜ ਵਿਚ ਹੋਸਟਨ ਸ਼ਹਿਰ ਤੋਂ ਤਕਰੀਬਨ 35 ਮੀਲ ਦੂਰ ਰੋਸਨਬਰਗ ਵਿਖੇ ਇਕ ਐਸ ਯੂ ਵੀ ਗੱਡੀ ਰੈਸਟੋਰੈਂਟ ਦੀ ਕੰਧ ਨਾਲ ਟਕਰਾ ਕੇ ਅੰਦਰ ਵੜ ਜਾਣ ਦੀ ਖਬਰ ਹੈ। ਇਸ ਘਟਨਾ ਵਿਚ 2 ਦਰਜ਼ਨ ਦੇ ਕਰੀਬ ਲੋਕ ਜ਼ਖਮੀ ਹੋਏ ਹਨ। ਇਹ ਜਾਣਕਾਰੀ ਟੈਕਸਾਸ ਪੁਲਿਸ ਨੇ ਦਿੱਤੀ ਹੈ। ਰੋਸਨਬਰਗ , ਟੈਕਸਾਸ ਪੁਲਿਸ ਨੇ ਇਕ ਫੇਸਬੁੱਕ ਪੋਸਟ ਵਿਚ ਕਿਹਾ ਹੈ ਕਿ ਸਵੇਰੇ 11.22 ਵਜੇ ਦੇ ਆਸਪਾਸ ਫੋਨ ਆਉਣੇ ਸ਼ੁਰੂ ਹੋਏ ਜਿਨਾਂ ਵਿਚ ਇਸ ਹਾਦਸੇ ਬਾਰੇ ਜਾਣਕਾਰੀ ਦਿੱਤੀ ਗਈ। ਰੋਸਨਬਰਗ ਪੁਲਿਸ ਵਿਭਾਗ ਅਨੁਸਾਰ ਡੈਨੀ ਰੈਸਟੋਰੈਂਟ ਵਿਖੇ ਵਾਪਰੇ ਇਸ ਹਾਦਸੇ ਵਿਚ ਰੈਸਟੋਰੈਂਟ ਵਿਚ ਮੌਜੂਦ 23 ਲੋਕ ਜ਼ਖਮੀ ਹੋਏ ਹਨ ਜਿਨਾਂ ਨੂੰ ਸਥਾਨਕ ਹਸਪਤਾਲ ਲਿਜਾਇਆ ਗਿਆ ਹੈ। ਪੁਲਿਸ ਅਨੁਸਾਰ ਹਸਪਤਾਲ ਲਿਜਾਣ ਸਮੇ ਸਾਰੇ ਪੀੜਤ ਹੋਸ਼ ਵਿਚ ਸਨ। ਜ਼ਖਮੀਆਂ ਵਿਚੋਂ ਕਈਆਂ ਦੇ ਮਾਮੂਲੀ ਤੇ ਕੋਝ ਹੋਰਨਾਂ ਦੇ ਗੰਭੀਰ ਸੱਟਾਂ ਵੱਡੀਆਂ ਹਨ। ਜ਼ਖਮੀਆਂ ਵਿਚ 12 ਸਾਲ ਤੋਂ ਲੈ ਕੇ 60 ਸਾਲ ਦੇ ਲੋਕ ਸ਼ਾਮਿਲ ਹਨ। ਐਸ ਯੂ ਵੀ ਦਾ ਡਰਾਈਵਰ ਵਾਲ ਵਾਲ ਬੱਚ ਗਿਆ ਹੈ ਤੇ ਉਹ ਜ਼ਖਮੀ ਨਹੀਂ ਹੋਇਆ। ਪੁਲਿਸ ਨੇ ਰੈਸਟੋਰੈਂਟ ਦੀ ਨਾਕਾਬੰਦੀ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਰੈਸਟੋਰੈਂਟ ਦੇ ਮਾਲਕ ਜਾਂ ਕਿਸੇ ਹੋਰ ਅਧਿਕਾਰੀ ਨੇ ਹਾਦਸੇ ਬਾਰੇ ਕੁਝ ਵੀ ਕਹਿਣ ਤੋਂ ਮਨਾ ਕਰ ਦਿੱਤਾ ਹੈ। ਕੇਵਲ ਏਨਾ ਕਿਹਾ ਹੈ ਕਿ ਇਸ ਵੇਲੇ ਹਾਦਸੇ ਬਾਰੇ ਉਹ ਕੁਝ ਨਹੀਂ ਕਹਿ ਸਕਦੇ।




The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਕੈਲੀਫੋਰਨੀਆਂ ਦੇ ਪੰਜਾਬੀ ਸਟੋਰ ਮਾਲਕਾਂ ਅਤੇ ਸੰਸਦ ਮੈਂਬਰਾਂ ਨੇ ਕੈਪੀਟਲ ਵਿਖੇ SB 553 ਬਿੱਲ ਵਿਰੁੱਧ ਰੈਲੀ ਕੀਤੀ

**ਸੈਕਰਾਮੈਂਟੋ, ਕੈਲੀਫੋਰਨੀਆ–** ਕੈਲੀਫ਼ੋਰਨੀਆ ਸੂਬੇ ਵਿੱਚ SB 553 ਨਾਂ ਦਾ ਬਿੱਲ ਸਟੇਟ ਸੈਨੇਟਰ ਡੇਵ ਕੋਰਟੀਜ਼ ਦੁਆਰਾ ਪੇਸ਼ ਕੀਤਾ ਗਿਆ ਸੀ, ਜੋ ਕਿ ਹਾਲ ਹੀ ਵਿੱਚ ਕੰਮ ਵਾਲੀ ਥਾਂ 'ਤੇ, ਬੇ ਏਰੀਆ ਵਿੱਚ ਹੋਈਆਂ ਗੋਲੀਬਾਰੀ ਦੇ ਮੱਦੇਨਜ਼ਰ ਪੇਸ਼ ਕੀਤਾ ਗਿਆ ਸੀ। ਹਾਲਾਂ ਕਿ, ਬਿੱਲ ਦਾ ਵਿਰੋਧ ਕਰਨ ਵਾਲੇ ਛੋਟੇ ਕਾਰੋਬਾਰੀ ਤੇ ਰੀਟੇਲਰਾਂ ਦਾ ਕਹਿਣਾ ਹੈ ਕਿ ਇਸ ਨਾਲ ਅਪਰਾਧੀਆਂ ਦੀ ਸੁਰੱਖਿਆ ਹੋਵੇਗੀ ਅਤੇ ਚੋਰੀ ਦੇ ਅਪਰਾਧਾਂ ਦੀ ਗੱਲ ਆਉਣ 'ਤੇ ਛੋਟੇ ਕਾਰੋਬਾਰੀਆਂ ਨੂੰ ਨੁਕਸਾਨ ਹੋਵੇਗਾ ਕਿਉਕਿ ਇਹ ਬਿੱਲ ਸਟੋਰ ਮਾਲਕਾਂ ਅਤੇ ਕਰਮਚਾਰੀਆਂ ਨੂੰ ਚੋਰਾਂ ਦੇ ਵਿਰੁੱਧ ਲੜਨ ਤੋਂ ਮਨ੍ਹਾ ਕਰੇਗਾ। ਰਾਜ ਦੀ ਰਾਜਧਾਨੀ ਵਿੱਚ ਆਯੋਜਿਤ ਇੱਕ ਰੈਲੀ ਦੇ ਅਨੁਸਾਰ, ਬਹੁਤ ਸਾਰੇ ਛੋਟੇ ਕਾਰੋਬਾਰੀ ਮਾਲਕਾਂ, ਕਾਨੂੰਨ ਨਿਰਮਾਤਾਵਾਂ ਅਤੇ ਕਾਨੂੰਨ ਲਾਗੂ ਕਰਨ ਵਾਲੇ ਕਰਮਚਾਰੀਆਂ ਦਾ ਕਹਿਣਾ ਹੈ ਕਿ ਇਹ ਬਿੱਲ ਦੁਕਾਨਦਾਰੀ ਨੂੰ ਉਤਸ਼ਾਹਿਤ ਕਰੇਗਾ ਅਤੇ ਅਪਰਾਧ ਵਿੱਚ ਵਾਧਾ ਕਰੇਗਾ। ਐਲ ਡਰਾਡੋ ਕਾਉਂਟੀ ਦੇ ਜ਼ਿਲ੍ਹਾ ਅਟਾਰਨੀ ਵਰਨ ਪੀਅਰਸਨ ਨੇ ਕਿਹਾ ਕਿ ਕੈਲੀਫੋਰਨੀਆ ਜਨਤਕ ਨੀਤੀ ਦੇ ਮਾੜੇ ਫੈਸਲਿਆਂ ਦੇ ਨਤੀਜੇ ਵਜੋਂ ਤੇਜ਼ੀ ਨਾਲ ਕਾਨੂੰਨਹੀਣ ਹੁੰਦਾ ਜਾ ਰਿਹਾ ਹੈ ਜੋ ਜ਼ਰੂਰੀ ਤੌਰ 'ਤੇ ਜਾਇਦਾਦ ਦੇ ਅਪਰਾਧ ਅਤੇ ਹਾਰਡ-ਕੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਅਪਰਾਧੀ ਬਣਾ ਦਿੰਦੇ ਹਨ। ਸੈਕਰਾਮੈਂਟੋ ਲਈ ਸਮਾਂ ਆ ਗਿਆ ਹੈ ਕਿ ਉਹ ਨਿਰਦੋਸ਼ ਕੈਲੀਫੋਰਨੀਆ ਦੇ ਲੋਕਾਂ ਤੇ SB 553 ਲਈ ਸਾਰੇ ਕਾਰੋਬਾਰਾਂ, ਇੱਥੋਂ ਤੱਕ ਕਿ ਛੋਟੇ ਕਾਰੋਬਾਰਾਂ ਨੂੰ ਵੀ, ਹੋਣ ਵਾਲੇ ਨੁਕਸਾਨ ਲਈ ਅਪਰਾਧੀਆਂ ਨੂੰ ਜਵਾਬਦੇਹ ਠਹਿਰਾਉਣਾ ਸ਼ੁਰੂ ਕਰੇ। ਸੈਨੇਟਰ ਬ੍ਰਾਇਨ ਡਾਹਲੇ , ਜੋ ਇੱਕ ਕਾਰੋਬਾਰੀ ਮਾਲਕ ਵੀ ਹੈ, ਨੇ ਇਸ ਸਮਾਗਮ ਵਿੱਚ ਬੋਲਦਿਆਂ ਕਿਹਾ ਕਿ ਇੱਕ ਇਸ ਬਿੱਲ ਆਉਣ ਨਾਲ ਛੋਟੇ ਕਾਰੋਬਾਰੀ ਮਾਲਕ ਜਿਨ੍ਹਾਂ ਦੇ ਗੈਸ ਸਟੇਸ਼ਨ, ਲਿਕਰ ਸਟੋਰ ਅਤੇ ਛੋਟੇ ਹੋਟਲ ਦੇ ਮਾਲਕ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਉਨ੍ਹਾਂ ਕਿਹਾ ਕਿ 'ਛੋਟੇ ਕਾਰੋਬਾਰਾਂ 'ਤੇ ਮੁਕੱਦਮੇ ਦੇ ਅਟਾਰਨੀ ਅਤੇ ਉਨ੍ਹਾਂ ਦੇ ਪਿੱਛੇ ਆਉਣ ਵਾਲੇ ਲੋਕਾਂ ਦੁਆਰਾ ਹਮਲੇ ਕੀਤੇ ਜਾ ਰਹੇ ਹਨ, ਅਤੇ ਇਹ ਬਿੱਲ ਉਨ੍ਹਾਂ ਨੂੰ ਸਥਾਨਕ ਕਾਰੋਬਾਰੀ ਮਾਲਕਾਂ 'ਤੇ ਮੁਕੱਦਮਾ ਕਰਨ ਦਾ ਇੱਕ ਵੱਡਾ ਮੌਕਾ ਦੇਵੇਗਾ। ਸੈਕ ਵੈਲੀ ਟਰੱਕ ਸਟਾਪ ਦੇ ਮਾਲਕ ਪਰਮਜੀਤ ਖਹਿਰਾ ਨੇ ਕਿਹਾ, "ਐਸ ਬੀ 533 ਸਾਰੇ ਦੁਕਾਨਦਾਰਾਂ ਨੂੰ ਸਟੋਰ ਵਿੱਚ ਆਉਣ ਅਤੇ ਉਹਨਾਂ ਨੂੰ ਜੋ ਵੀ ਚਾਹੀਦਾ ਹੈ ਉਸਨੂੰ ਲੈਣ ਦੀ ਇਜਾਜ਼ਤ ਦਿੰਦਾ ਹੈ। ਜੇ ਕੇ ਐਸ ਡੀ ਗੈਸ ਅਤੇ ਮਿੰਨੀ ਮਾਰਟਸ ਦੇ ਜਸਕਰਨ ਸਹੋਤਾ ਨੇ ਕਿਹਾ, ਇੱਥੇ ਹਰ ਕਾਰੋਬਾਰੀ ਮਾਲਕ ਨੇ ਅਮਰੀਕੀ ਸੁਪਨੇ ਨੂੰ ਪੂਰਾ ਲਈ ਸਖ਼ਤ ਮਿਹਨਤ ਕੀਤੀ ਹੈ। ਅਸੀਂ ਨੌਕਰੀਆਂ ਪੈਦਾ ਕਰਦੇ ਹਾਂ, ਟੈਕਸ ਅਦਾ ਕਰਦੇ ਹਾਂ ਅਤੇ ਆਪਣੇ ਭਾਈਚਾਰਿਆਂ ਦੀ ਸੇਵਾ ਕਰਦੇ ਹਾਂਤੇ ਇਹ ਬਿੱਲ ਛੋਟੇ ਬਿਜਨਸ ਨੂੰ ਖਤਮ ਕਰ ਦੇਵੇਗਾ। ਦੱਸਣਯੋਗ ਹੈ ਕਿ ਦੂਜੇ ਪਾਸੇ ਡਿਸਟ੍ਰਿਕਟ 3 ਦੀ ਨੁਮਾਇੰਦਗੀ ਕਰਨ ਵਾਲੇ ਅਸੈਂਬਲੀਮੈਨ ਜੇਮਜ਼ ਗੈਲਾਗਰ ਨੇ ਕਿਹਾ, "ਬਹੁਤ ਹੋ ਗਿਆ ਹੈ, ਸਾਨੂੰ ਕੈਲੀਫੋਰਨੀਆ ਵਿੱਚ ਦੁਬਾਰਾ ਅਪਰਾਧ ਨੂੰ ਗੈਰ-ਕਾਨੂੰਨੀ ਬਣਾਉਣਾ ਪਵੇਗਾ। ਇਸ ਮੌਕੇ ਵੱਖ ਵੱਖ ਪੰਜਾਬੀ ਬਿਜਨਸਮੈਨ ਨੇ ਵੀ ਇਸ ਬਿੱਲ ਖਿਲਾਫ ਆਪਣੇ ਰੋਸ ਵਜੋਂ ਵਿਚਾਰ ਰੱਖੇ।







## ਅਮਰੀਕਾ ਵਿਚ ਹਥਿਆਰਬੰਦ ਲੁੱਟਾਂ ਕਰਨ ਦੇ ਮਾਮਲੇ ਵਿਚ ਇਕ ਵਿਅਕਤੀ ਨੂੰ 28 ਸਾਲ ਦੀ ਜੇਲ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਕੋਨੈਕਟੀਕਟ ਰਾਜ ਦੇ ਇਕ ਵਿਅਕਤੀ ਨੂੰ 2021 ਵਿਚ ਤਿੰਨ ਮਹੀਨਿਆਂ ਦੇ ਸਮੇਂ ਵਿਚ ਕਈ ਲੁੱਟਾਂ ਖੋਹਾਂ ਕਰਨ



ਦੇ ਮਾਮਲਿਆਂ ਵਿਚ 28 ਸਾਲ ਕੈਦ ਸੁਣਾਏ ਜਾਣ ਦੀ ਖਬਰ ਹੈ। ਯੂ ਐਸ ਅਟਾਰਨੀ ਦੇ ਦਫਤਰ ਅਨੁਸਾਰ ਕ੍ਰਿਸਟੀਅਨ ਲੂਇਸ ਵੈਲੇਜ-ਰੂਇਜ (25) ਉਪਰ ਦੋਸ਼ ਸੀ ਕਿ ਉਸ ਨੇ ਸਤੰਬਰ ਤੇ ਦਸੰਬਰ 2021 ਦਰਮਿਆਨ ਸਟੋਰਾਂ ਵਿਚ 28 ਹੱਥਿਆਰਬੰਦ ਲੁੱਟਾਂ ਖੋਹਾਂ ਕੀਤੀਆਂ, 6 ਹਥਿਆਰਬੰਦ ਵਾਹਣ ਖੋਹੇ ਤੇ 3 ਹੋਰ ਕਾਰਾਂ ਚੋਰੀ ਕੀਤੀਆਂ। ਯੂ ਐਸ ਅਟਾਰਨੀ ਦਫਤਰ ਨੇ ਕਿਹਾ ਹੈ ਕਿ ਰੂਇਜ ਨੇ ਆਪਣੇ ਸਾਰੇ ਗੁਨਾਹਾਂ ਨੂੰ ਕਬੂਲ ਲਿਆ ਹੈ। ਰੂਇਜ ਦੇ ਵਕੀਲ ਡੇਵਿਡ ਏ ਮੋਰਾਗਨ ਨੇ ਕਿਹਾ ਹੈ ਕਿ ਹਰ ਇਕ ਲਈ ਇਹ ਕੇਸ ਦੁੱਖਦਾਈ ਹੈ ਪਰੰਤੂ ਹੋਈ ਸਜ਼ਾ ਦੀ ਪਹਿਲਾਂ ਤੋਂ ਹੀ ਸੰਭਾਵਨਾ ਸੀ।

## ਅਮਰੀਕਾ ਦੇ ਓਹਾਇਓ ਰਾਜ ਵਿਚ ਗਰਭਵਤੀ ਔਰਤ ਦੀ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਹੋਈ ਮੌਤ

### ਔਰਤ ਨੇ ਪੁਲਿਸ ਅਫਸਰ ਉਪਰ ਕਾਰ ਚੜਾਉਣ ਦਾ ਕੀਤਾ ਯਤਨ-ਪੁਲਿਸ ਮੁੱਖੀ

**ਸੈਕਰਾਮੈਂਟੋ, ਕੈਲੀਫੋਰਨੀਆ–** ਅਮਰੀਕਾ ਦੇ ਓਹਾਇਓ ਰਾਜ ਦੇ ਸ਼ਹਿਰ ਕੋਲੰਬਸ ਦੇ ਨੀਮ ਸ਼ਹਿਰੀ ਖੇਤਰ ਬਲੈਨਡਨ ਵਿਖੇ ਇਕ ਸੁਪਰਮਾਰਕਿਟ ਪਾਰਕਿੰਗ ਵਿਚ ਪੁਲਿਸ ਵੱਲੋਂ ਚਲਾਈ ਗੋਲੀ ਨਾਲ ਇਕ ਗਰਭਵਤੀ ਔਰਤ ਦੀ ਮੌਤ ਹੋਣ ਦੀ ਖਬਰ ਹੈ। ਪੁਲਿਸ ਦਾ ਕਹਿਣਾ ਹੈ ਕਿ ਔਰਤ ਜਿਸ ਉਪਰ ਇਕ ਸਟੋਰ ਵਿਚੋਂ ਸ਼ਰਾਬ ਦੀਆਂ ਬੋਤਲਾਂ ਚੋਰੀ ਕਰਨ ਦਾ ਸ਼ੱਕ ਸੀ, ਨੂੰ ਵਾਰ ਵਾਰ ਬੇਨਤੀ ਕਰਨ ਦੇ ਬਾਵਜੂਦ ਉਹ ਆਪਣੀ ਕਾਰ ਵਿਚੋਂ ਬਾਹਰ ਨਹੀਂ ਆਈ ਤੇ ਉਸ ਨੇ ਆਪਣੀ ਕਾਰ ਪੁਲਿਸ ਅਫਸਰ ਉਪਰ ਚੜਾਉਣ ਦਾ ਯਤਨ ਕੀਤਾ। ਮ੍ਰਿਤਕ ਔਰਤ ਦੀ ਪਛਾਣ ਟਾ ਕਿਆ ਯੰਗ (21) ਵਜੋਂ ਹੋਈ ਹੈ। ਬਲੈਨਡਨ ਦੇ ਪੁਲਿਸ ਮੁੱਖੀ ਜੌਹਨ ਬੈਲਫੋਰਡ ਅਨੁਸਾਰ ਸੁਪਰਮਾਰਕਿਟ ਦੇ ਇਕ ਮੁਲਾਜ਼ਮ ਨੇ ਪਹਿਲਾਂ ਤੋਂ ਹੀ ਉਥੇ ਮੌਜੂਦ ਪੁਲਿਸ ਅਫਸਰਾਂ ਨੂੰ ਸੂਚਿਤ ਕੀਤਾ ਕਿ ਬਹੁਤ ਸਾਰੇ ਲੋਕ ਗਰੋਸਰੀ ਸਟੋਰ ਵਿਚੋਂ ਸਮਾਨ ਚੋਰੀ ਕਰਕੇ ਦੌੜ ਗਏ ਹਨ ਜਿਨਾਂ ਵਿਚ ਇਕ ਔਰਤ ਵੀ ਸ਼ਾਮਿਲ ਹੈ ਜੋ ਸ਼ਰਾਬ ਦੀਆਂ ਬੋਤਲਾਂ ਲੈ ਗਈ ਹੈ। ਪੁਲਿਸ ਅਫਸਰਾਂ ਨੇ ਇਕ ਕਾਰ ਵਿਚ ਬੈਠੀ ਔਰਤ ਨੂੰ ਬਾਹਰ ਆਉਣ ਲਈ ਕਿਹਾ ਪਰੰਤੂ ਉਸ ਨੇ ਅਜਿਹਾ ਕਰਨ ਦੀ ਬਜਾਏ ਅੱਗੇ ਖੜੇ ਪੁਲਿਸ ਅਫਸਰ ਉਪਰ ਕਾਰ ਚੜਾ ਦੇਣ ਦੀ ਕੋਸ਼ਿਸ਼ ਕੀਤੀ। ਇਸ ਪੁਲਿਸ ਅਫਸਰ ਨੇ ਕਾਰ ਦੇ ਅਗਲੇ ਸ਼ੀਸ਼ੇ ਉਪਰ ਕੇਵਲ ਇਕ ਗੋਲੀ ਚਲਾਈ। ਇਸ ਉਪਰੰਤ ਕਾਰ ਤਕਰੀਬਨ 50 ਫੁੱਟ ਅਗੇ ਜਾ ਕੇ ਰੁਕ ਗਈ। ਔਰਤ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਿਸ ਦੀ ਬਾਅਦ ਵਿਚ ਪਛਾਣ ਟਾ ਕਿਆ ਯੰਗ ਵਜੋਂ ਹੋਈ ਜੋ ਗਰਭਵਤੀ ਸੀ ਤੇ ਉਸ ਨੇ ਨਵੰਬਰ ਵਿਚ ਬੱਚੀ ਨੂੰ ਜਨਮ ਦੇਣਾ ਸੀ। ਇਸ ਘਟਨਾ ਵਿਚ ਬੱਚੀ ਦੀ ਵੀ ਮੌਤ ਹੋ ਗਈ। ਯੰਗ ਦੇ ਪਹਿਲਾਂ 6 ਤੇ 3 ਸਾਲ ਦੇ ਦੋ ਪੁੱਤਰ ਹਨ। ਬੈਲਫੋਰਡ ਨੇ ਕਿਹਾ ਕਿ ਓਹੀਓ ਬਿਊਰੋ ਆਫ ਕ੍ਰਿਮੀਨਲ ਇਨਵੈਸਟੀਗੇਸ਼ਨ ਮਾਮਲੇ ਦੀ ਜਾਂਚ ਕਰੇਗੀ। ਪੁਲਿਸ ਨੇ ਘਟਨਾ ਵਿਚ ਸ਼ਾਮਿਲ ਪੁਲਿਸ ਅਫਸਰਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ। ਪੁਲਿਸ ਮੁੱਖੀ ਨੇ ਕਿਹਾ ਕਿ ਮਾਮਲੇ ਦੀ ਜਾਂਚ ਮੁਕੰਮਲ ਹੋਣ ਤੱਕ ਪੁਲਿਸ ਅਫਸਰ ਤਨਖਾਹ ਸਮੇਤ ਛੁੱਟੀ ਉਪਰ ਭੇਜ ਦਿੱਤੇ ਗਏ ਹਨ।



## ਸੈਕਰਾਮੈਂਟੋ, ਕੈਲੀਫੋਰਨੀਆ 'ਚ ਕਰਵਾਇਆ ਗਿਆ "ਮੇਲਾ ਗਦਰੀ ਬਾਬਿਆਂ ਦਾ"

**ਸੈਕਰਾਮੈਂਟੋ, ਕੈਲੀ-ਫੋਰਨੀਆ–** ਹਰ ਵਰ੍ਹੇ ਵਾਂਗ ਐਤਕਾਂ ਵੀ ਸੈਕਰਾਮੈਂਟੋ ਦੇ ਐਸ ਈ ਐਸ ਹਾਲ ਵਿੱਚ ਗਦਰੀ ਬਾਬਿਆਂ ਤੇ ਦੇਸ਼ ਭਗਤਾਂ ਨੂੰ ਸਮਰਪਤ ਮੇਲਾ ਕਰਵਾਇਆ ਗਿਆ ਜਿਸ ਵਿੱਚ ਵੱਖ ਵੱਖ ਸਭਿਆਚਾਰਕ ਆਈਟਮਾਂ ਤੋਂ ਇਲਾਵਾ , ਇਤਿਹਾਸਕ ਤੱਥਾਂ ਰਾਹੀਂ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਸਰੋਤਿਆਂ ਦੇ ਸਨਮੁੱਖ ਰੱਖਿਆ ਗਿਆ। ਐਤਕਾਂ ਇਹ ਮੇਲਾ ਗਦਰੀ ਅਜੀਤ ਸਿੰਘ, ਬਾਂਕੇ ਦਿਆਲ, ਬੱਬਰ ਕਿਸ਼ਨ ਸਿੰਘ ਗੜਗੱਜ, ਬੰਤਾ ਸਿੰਘ ਸੰਘਵਾਲ, ਧੰਨਾ ਸਿੰਘ, ਸੁੰਦਰ ਸਿੰਘ ਕਲਸੀਆ ਨੂੰ ਸਮਰਪਤ ਸੀ। ਸਭਿਆਚਾਰਕ ਆਈਟਮਾਂ ਵਿੱਚ ਢਾਡੀ ਵਾਰਾਂ, ਬੱਚਿਆਂ ਦਾ ਗਿੱਧਾ, ਭੰਗੜਾ ਆਦਿ ਆਪਣਾ ਵੱਖਰਾ ਵੱਖਰਾ ਰੰਗ ਬੰਨਿਆ। ਇਸ ਸਮਾਗਮ ਨੂੰ ਚਾਰਚੰਨ ਲਾਉਣ ਲਈ ਵੱਖ ਵੱਖ ਸਖਸ਼ੀਅਤਾਂ ਨੇ ਸਮੂਲੀਅਤ ਕੀਤੀ ਜਿਨਾਂ ਚ ਪ੍ਰੋਫੈਸਰ ਕਿਊਮ, ਲਇਲਪੁਰ ਖਾਲਸਾ ਕਾਲਜ ਪਾਕਿਸਤਾਨ, ਕਿਰਪਾਲ ਸਿੰਘ ਸੰਧੂ, ਕਸ਼ਮੀਰ ਕਾਂਗਣਾ, ਦਲਵਿੰਦਰ ਸਿੰਘ ਧੂਤ, ਬੀਬੀ ਮਲਵਿੰਦਰ ਕੌਰ, ਡਾਕਟਰ ਅਸਰੂਲ ਇਸਲਾਮ ਬੇਕਰਸਫੀਲਡ ਆਦਿ ਹਾਜਰ ਹੋਏ। ਉਕਤ ਸਾਰੇ ਬੁਲਾਰਿਆਂ ਨੇ ਗਦਰੀ ਬਾਬਿਆ ਦੇ ਇਤਿਹਾਸ ਨੂੰ ਤੇ ਉਨਾਂ ਦੀ ਦਿੱਤੀ ਅਦੁੱਤੀ ਕੁਰਬਾਨੀ ਵਾਰੇ ਆਏ ਲੋਕਾਂ ਨੂੰ ਦੱਸਿਆ। ਇਸ ਮੌਕੇ ਗਦਰ ਇਤਿਹਾਸ ਨਾਲ ਸਬੰਧਿਤ ਪ੍ਰਦਰਸ਼ਨੀ ਵੀ ਲਗਾਈ ਗਈ ਜਿਸ ਨੂੰ ਬੱਚਿਆਂ ਤੇ ਸਿਆਣਿਆਂ ਨੇ ਬੜੀ ਰੀਝ ਨਾਲ ਦੇਖਿਆ। ਇਸ ਮੌਕੇ ਕਨੇਡਾ ਦੀ ਮਕਬੂਲ ਗਾਇਕ ਜੋੜੀ ਦੀਪ ਢਿਲੋਂ ਤੇ ਜੈਸਮੀਨ ਜੱਸੀ ਨੇ ਨਿਰੋਲ ਸਭਿਆਚਾਰਕ ਗੀਤਾਂ ਨਾਲ ਰੰਗ ਬੰਨਿਆ। ਮੁੱਖ ਪ੍ਰਬੰਧਕਾਂ ਚ ਸੁਰਿੰਦਰ ਬਿੰਦਰਾ, ਗਿਆਨ ਸਿੰਘ ਬਿਲਗਾ, ਬਲਵੰਤ ਬਾਂਕਾ, ਸੁਖਵਿੰਦਰ ਸਿੰਘ ਗਿੱਲ, ਸੁਰਿੰਦਰ ਗਿੱਲ, ਪਿੰਦਰ ਸੰਘਾ ਨੇ ਇਸ ਸਮਾਗਮ ਨੂੰ ਨੇਪੜੇ ਚਾੜਨ ਲਈ ਵੱਖ ਵੱਖ ਪ੍ਰਬੰਧ ਕੀਤੇ। ਇਸ ਸਮਾਗਮ ਵਿਚ ਗਦਰੀ ਬਾਬਿਆ ਪ੍ਰਤੀ ਸ਼ਰਧਾ ਭੇਂਟ ਕਰਨ ਲਈ ਬਾਬਾ ਦੀਪ ਸਿੰਘ ਸਪੋਰਟਸ ਕਲੱਬ, ਚੜਦਾ ਪੰਜਾਬ ਰੋਜਵਿਲ ਤੇ ਕਈ ਗੁਰਦੁਆਰਾ ਕਮੇਟੀਆਂ ਦੇ ਪ੍ਰਬੰਧਕ ਵੀ ਹਾਜਿਰ ਸਨ।



## ਟੈਕਸਾਸ ਵਿਚ ਇਕ ਬਾਰ ਦੇ ਬਾਹਰ ਯੂਨੀਵਰਸਿਟੀ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) –** ਫੋਰਟ ਵਰਥ ਵਿਚ ਇਕ ਬਾਰ ਦੇ ਬਾਹਰ ਟੈਕਸਾਸ ਕ੍ਰਿਸਚੀਅਨ ਯੂਨੀਵਰਸਿਟੀ ਦੇ ਇਕ ਵਿਦਿਆਰਥੀ ਦੀ ਗੋਲੀ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਪੁਲਿਸ ਅਨੁਸਾਰ ਸ਼ੱਕੀ ਹਮਲਾਵਰ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਹੈ ਪਰ ਉਸ ਨੇ ਹੱਤਿਆ ਦਾ ਸਪਸ਼ਟ ਕਾਰਨ ਨਹੀਂ ਦਸਿਆ। ਪੁਲਿਸ ਵੱਲੋਂ ਘਟਨਾ ਦੀ ਵੀਡੀਓ ਦੀ ਕੀਤੀ ਗਈ ਛਾਣਬੀਣ ਅਨੁਸਾਰ ਵੈਸ ਸਮਿਥ ਨਾਮੀ ਵਿਦਿਆਰਥੀ ਦੇ ਉਸ ਵੇਲੇ ਗੋਲੀ ਮਾਰੀ ਗਈ ਜਦੋਂ ਉਹ ਇਕ ਬਾਰ ਦੇ ਨਾਲ ਇਕ ਪਾਸੇ ਖੜਾ ਸੀ।



ਸ਼ੱਕੀ ਦੋਸ਼ੀ ਮੈਥੀਊ ਪੁਰਡੀ ਜੁਨੀਅਰ (21) ਉਸ ਕੋਲ ਗਿਆ ਤੇ ਉਸ ਨਾਲ ਗੱਲਬਾਤ ਕੀਤੀ। ਇਸ ਉਪਰੰਤ ਕੁਝ ਪਲਾਂ ਵਿਚ ਹੀ ਸਮਿਥ ਧਰਤੀ ਉਪਰ ਢਹਿਢੇਰੀ ਹੋ ਗਿਆ ਤੇ ਪੁਰਡੀ ਉਥੋਂ ਦੌੜਨ ਵਿਚ ਸਫਲ ਹੋ ਗਿਆ । ਬਾਅਦ ਵਿਚ ਪੁਲਿਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ।

ਪੁਲਿਸ ਦੇ ਹਲਫੀਆ ਬਿਆਨ ਅਨੁਸਾਰ ਸਮਿੱਥ ਦੇ 3 ਗੋਲੀਆਂ ਮਾਰੀਆਂ ਗਈਆਂ ਜੋ ਉਸ ਦੇ ਢਿੱਡ, ਮੋਢੇ ਤੇ ਸਿਰ ਵਿਚ ਵੱਜੀਆਂ। ਪੁਲਿਸ ਦਾ ਕਹਿਣਾ ਹੈ ਕਿ ਪੁਰਡੀ ਨੇ ਦਸਿਆ ਕਿ ਉਸ ਕਿਸੇ ਵੀ ਹਾਲਤ ਵਿਚ ਉਸ ਨੂੰ ਜੀਂਦਾ ਨਹੀਂ ਛੱਡਣਾ ਚਹੁੰਦਾ ਸੀ ਤੇ ਉਸ ਕੋਲ ਗੋਲੀਆਂ ਨਾ ਮੁਕਦੀਆਂ ਤਾਂ ਉਹ ਉਸ ਦੇ ਹੋਰ ਗੋਲੀਆਂ ਮਾਰਦਾ। ਪੁਰਡੀ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ।

# ਭਾਰਤੀ ਸੰਵਿਧਾਨ ਕਾਨੂੰਨੀ ਮਾਹਿਰਾਂ ਦੀ ਸਰਬੋਤਮ ਰਚਨਾ - ਐਡਵੋਕੇਟ ਰਣਜੀਤ

## ਸੰਸਦੀ ਲੋਕਤੰਤਰ ਲਈ ਸੰਵਿਧਾਨ ਦੀ ਸੁਰੱਖਿਆ ਜਰੂਰੀ - ਪ੍ਰੋ. ਬਲਬੀਰ

**ਜਲੰਧਰ (ਵਿਵੇਕ ਭਾਟੀਆ):** ਅੰਬੇਡਕਰ ਭਵਨ ਵਿਖੇ ਅੰਬੇਡਕਰੀ ਜਥੇਬੰਦੀਆਂ, ਅੰਬੇਡਕਰ ਭਵਨ ਟਰੱਸਟ (ਰਜਿ.),



ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.) ਦੇ ਪੰਜਾਬ ਯੂਨਿਟ ਵੱਲੋਂ 'ਭਾਰਤੀ ਸੰਵਿਧਾਨ ਨੂੰ ਦਰਪੇਸ਼ ਮੌਜੂਦਾ ਚੁਣੌਤੀਆਂ ਅਤੇ ਸਮਾਧਾਨ' ਵਿਸ਼ੇ 'ਤੇ ਸੈਮੀਨਾਰ ਆਯੋਜਿਤ ਕੀਤਾ ਗਿਆ, ਜਿਸ ਵਿਚ ਐਡਵੋਕੇਟ ਰਣਜੀਤ ਕੁਮਾਰ , ਸਾਬਕਾ ਪ੍ਰਧਾਨ, ਜ਼ਿਲ੍ਹਾ ਬਾਰ ਐਸੋਸੀਏਸ਼ਨ, ਹੁਸ਼ਿਆਰਪੁਰ ਅਤੇ ਪ੍ਰੋ: ਬਲਬੀਰ ਐਮ.ਫਿਲ. ਐਲ.ਐਲ.ਬੀ., ਰਿਟਾਇਰਡ ਮੁਖੀ, ਪੋਸਟ ਗ੍ਰੈਜੂਏਟ ਰਾਜਨੀਤੀ ਸ਼ਾਸਤਰ ਵਿਭਾਗ, ਦੋਆਬਾ ਕਾਲਜ, ਜਲੰਧਰ ਮੁੱਖ ਬੁਲਾਰਿਆਂ ਵਜੋਂ ਸ਼ਾਮਲ ਹੋਏ। ਪਿਛਲੇ ਦਿਨੀ ਪ੍ਰਧਾਨ ਮੰਤਰੀ ਦੇ ਆਰਥਿਕ ਸਲਾਹਕਾਰ ਬਿਬੇਕ ਡੇਬਰੋਇ ਵੱਲੋਂ ਭਾਰਤੀ ਸੰਵਿਧਾਨ ਨੂੰ ਬਦਲਣ ਲਈ ਅਖਬਾਰਾਂ ਵਿਚ ਪ੍ਰਕਾਸ਼ਿਤ ਲੇਖ ਉੱਪਰ ਟਿੱਪਣੀ ਕਰਦਿਆਂ ਐਡਵੋਕੇਟ ਰਣਜੀਤ ਕੁਮਾਰ ਨੇ ਕਿਹਾ ਕਿ ਸੰਵਿਧਾਨ ਕੇਵਲ ਕਾਨੂੰਨੀ ਦਸਤਾਵੇਜ਼ ਨਹੀਂ ਹੈ, ਇਹ ਭਾਰਤ ਦੇ ਸਮੁਚੇ ਨਾਗਰਿਕਾਂ ਦੇ ਜੀਵਨ ਨੂੰ ਸਮਤਾ, ਸੁਤੰਤਰਤਾ, ਨਿਆਏਸ਼ੀਲਤਾ ਅਤੇ ਸਾਂਝੀਵਾਲਤਾ ਦੇ ਸਿਧਾਂਤ 'ਤੇ ਅਧਾਰਿਤ ਇੱਕ ਕਲਿਆਣਕਾਰੀ ਰਾਜ-ਵਿਵਸਥਾ ਕਾਇਮ ਕਰਨ ਦਾ ਜਾਮਨ (ਗਾਰੰਟਰ) ਹੈ। ਇਹ ਸਰਬੋਤਮ ਕਾਨੂੰਨੀ ਮਾਹਿਰ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਸਰਬ-ਸ੍ਰੇਸ਼ਟ ਸਿਰਜਣਾ ਹੈ। ਉਨ੍ਹਾਂ ਕਿਹਾ ਕਿ ਸੰਸਦੀ ਲੋਕਤੰਤਰ ਵਿਚ ਸੰਵਿਧਾਨਕ ਕਾਨੂੰਨ ਰਾਜਿਆਂ ਅਤੇ ਸਿਆਸੀ ਆਗੂਆਂ ਦੇ ਨਿੱਜੀ ਹਿੱਤਾਂ ਦੀ ਸੁਰੱਖਿਆ ਲਈ ਨਹੀਂ, ਬਲਕਿ ਦੇਸ਼ ਦੇ ਨਾਗਰਿਕਾਂ ਦੇ ਲੋਕਤੰਤਰੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਲਈ ਹੁੰਦੇ ਹਨ। ਇਸ ਪੱਖ ਤੋਂ ਭਾਰਤੀ ਸੰਵਿਧਾਨ ਵਿਚ ਸ਼ਾਮਲ ਮੌਲਿਕ ਅਧਿਕਾਰ ਹਰ ਨਾਗਰਿਕ ਨੂੰ ਮੁਕੰਮਲ ਸੁਰੱਖਿਆ ਪ੍ਰਦਾਨ ਕਰਦੇ ਹਨ। ਉਨ੍ਹਾਂ ਤੋਂ ਪਹਿਲਾਂ ਵਿਚਾਰ ਗੋਸ਼ਟੀ ਦੇ ਅਤੀ ਮਹੱਤਵਪੂਰਨ ਵਿਸ਼ੇ 'ਤੇ ਗੰਭੀਰ ਚਰਚਾ ਦੀ ਸ਼ੁਰੂਆਤ ਕਰਦਿਆਂ ਪ੍ਰਸਿੱਧ ਵਿਦਵਾਨ ਪ੍ਰੋ. ਬਲਬੀਰ ਹੋਰਾਂ ਨੇ ਕਿਹਾ ਕਿ ਆਰੰਭ ਵਿਚ ਹੀ ਸ਼ਾਮਲ 'ਪ੍ਰਸਤਾਵਨਾ' ਭਾਰਤੀ ਸੰਵਿਧਾਨ ਦੀ ਪਛਾਣ ਅਤੇ ਇੱਕਰੂਪਤਾ ਨੂੰ ਪ੍ਰਗਟ ਕਰਦੀ ਹੈ। ਧਰਮ ਨਿਰਪੱਖਤਾ, ਸਾਰੇ ਨਾਗਰਿਕਾਂ ਨੂੰ ਹਰ ਖੇਤਰ ਵਿਚ ਬਰਾਬਰ ਮੌਕੇ, ਸੁਤੰਤਰ ਜੀਵਨ ਜੀਉਣ ਦੀ ਧਾਰਨਾ, ਵਿਭਿੰਨ ਸਭਿਆਚਾਰਾਂ ਵਿਚਕਾਰ ਆਪਸੀ ਨੇੜਤਾ ਸਥਾਪਿਤ ਕਰਨ ਵਿਚ ਭਾਰਤੀ ਸੰਵਿਧਾਨ ਨੇ ਵਿਸ਼ੇਸ਼ ਅਤੇ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਹਾਲੇ ਤਾਂ ਸੰਵਿਧਾਨ ਨੂੰ ਪੂਰੀ ਤਰ੍ਹਾਂ ਲਾਗੂ ਹੀ ਨਹੀ ਕੀਤਾ ਗਿਆ, ਜਦ ਕਿ ਨਿੱਜੀ ਹਿੱਤਾਂ ਦੀ ਪੂਰਤੀ ਖਾਤਰ ਇਸਨੂੰ ਬਦਲਣ ਦੀਆਂ ਗੱਲਾਂ ਹੋਣ ਲੱਗ ਪਈਆਂ ਹਨ।



ਭਾਰਤੀ ਸੰਵਿਧਾਨ ਵਿਸ਼ਵ ਦਾ ਸਭ ਤੋਂ ਸੁਚੱਜਾ ਅਤੇ ਵਿਸਤ੍ਰਿਤ ਕਾਨੂੰਨੀ ਦਸਤਾਵੇਜ਼ ਹੈ। ਪ੍ਰੋ. ਬਲਬੀਰ ਹੋਰਾਂ ਨੇ ਦੱਸਿਆ ਕਿ ਅਮਰੀਕਾ ਦਾ ਸੰਵਿਧਾਨ 234 ਸਾਲ ਪਹਿਲਾਂ 1789 ਵਿਚ ਲਾਗੂ ਕੀਤਾ ਗਿਆ ਸੀ, ਜਿਸ ਦੇ ਸਿਰਫ 7 ਆਰ-ਟੀਕਲ ਹਨ, ਪਰ ਉਥੋਂ ਦੇ ਹੁਕਮਰਾਨਾਂ ਨੇ ਉਸਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਹੈ। ਸਿੱਟੇ ਵਜੋਂ ਅਮਰੀਕਾ ਇੱਕ ਬੇਮਿਸਾਲ ਲੋਕਤੰਤਰ ਦੇਸ਼ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਭਾਰਤੀ ਸੰਸਦ ਉੱਚਤਮ (Soveriegn) ਨਹੀਂ ਹੈ। ਭਾਰਤੀ ਸੰਵਿਧਾਨ ਅਨੁਸਾਰ ਉਸ ਵੱਲੋਂ ਬਣਾਏ ਕਾਨੂੰਨਾਂ ਉੱਪਰ ਨਿਆਂਪਾਲਕਾ ਅਰਥਾਤ ਭਾਰਤ ਦੀ ਸੁਪਰੀਮ ਕੋਰਟ ਨੂੰ ਸਮੀਖਿਆ ਕਰਨ ਦਾ ਅਧਿਕਾਰ ਪ੍ਰਾਪਤ ਹੈ। ਭਾਰਤੀ ਸੰਵਿਧਾਨ ਵਿਚ ਤਾਨਾਸ਼ਾਹੀ ਨੂੰ ਰੋਕਣ ਲਈ ਸੰਸਦ, ਕਾਰਜਪਾਲਕਾ ਅਤੇ ਨਿਆਂਪਾਲਕਾ ਨੂੰ ਇੱਕ ਦੂਸਰੇ 'ਤੇ ਨਿਰਭਰ ਬਣਾਇਆ ਗਿਆ ਹੈ।



ਦੋਨਾਂ ਸਮਾਜ ਚਿੰਤਕਾਂ ਅਤੇ ਬੁਧੀਜੀਵੀ ਬੁਲਾਰਿਆਂ ਨੇ ਭਾਰਤੀ ਸੰਵਿਧਾਨ ਨੂੰ ਦਰਪੇਸ਼ ਵਰਤਮਾਨ ਚੁਣੌਤੀਆਂ ਦੇ ਸਮਾਧਾਨ ਲਈ ਬਦਲਵੇਂ ਲੋਕ ਹਿਤਕਾਰੀ ਸੋਸ਼ਲ ਮੀਡੀਆ ਦੁਆਰਾ ਜਨ-ਹਿੱਤ ਲਈ ਲੋਕ-ਚੇਤਨਾ ਪੈਦਾ ਕਰਨ, ਤਰਕਸ਼ੀਲ ਅਤੇ ਵਿਗਿਆਨਕ ਸੋਚ ਨੂੰ ਉਭਾਰਨ ਅਤੇ ਬਾਬਾ ਸਾਹਿਬ ਦੀ ਸੋਚ ਨੂੰ ਵਿਕ-ਸਿਤ ਕਰਨ 'ਤੇ ਜ਼ੋਰ ਦਿੱਤਾ ਜਿਸਦਾ ਪ੍ਰਗਟਾਵਾ ਉਨ੍ਹਾਂ ਨੇ 25 ਨਵੰਬਰ, 1949 ਨੂੰ ਸੰਵਿਧਾਨ ਸਭਾ ਦੀ ਆਖਰੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ ਸੀ। ਡਾ. ਅੰਬੇਡਕਰ ਨੇ ਕਿਹਾ ਸੀ ਕਿ ਸੰਸਦੀ ਲੋਕਤੰਤਰ ਦੀ ਸਫਲਤਾ ਲਈ ਮਜਬੂਤ ਵਿਰੋਧੀ ਦਲ, ਨਾਇਕ ਪੂਜਾ ਤੋਂ ਪ੍ਰਹੇਜ, ਸੁਚਾਰੂ 'ਤੇ ਨਿਰਪੱਖ ਚੋਣ-ਪ੍ਰਬੰਧ, ਚੋਣ ਪ੍ਰਕਿਰਿਆ ਨੂੰ ਧਨਵਾਨ ਲੋਕਾਂ ਤੋਂ ਬਚਾਉਣ, ਵੋਟ ਦਾ ਸਹੀ ਇਸਤੇਮਾਲ ਕਰਨ ਦੀ ਗਰੰਟੀ ਅਤੇ ਰਾਜਨੀਤਕ ਲੋਕਤੰਤਰ ਨੂੰ ਸਮਾਜਿਕ ਤੇ ਆਰਥਿਕ ਲੋਕਤੰਤਰ ਵਿਚ ਤਬਦੀਲ ਕਰਨ ਦੀ ਵਿਵਸਥਾ ਨੂੰ ਅਮਲ ਵਿਚ ਲਿਆਉਣਾ ਜਰੂਰੀ ਹੈ। ਸਮਾਗਮ ਦੇ ਅੰਤ ਵਿਚ ਸੈਮੀਨਾਰ ਵਿਚ ਸ਼ਾਮਲ ਸਾਰਿਆਂ ਨੇ ਹੱਥ ਖੜੇ ਕਰਕੇ ਹਰ ਹਾਲਤ ਵਿਚ ਭਾਰਤੀ ਸੰਵਿਧਾਨ ਦੀ ਸੁਰੱਖਿਆ ਕਰਨ ਲਈ ਸਹਿਮਤੀ ਪ੍ਰਗਟ ਕੀਤੀ। ਮੈਡਮ ਸੁਦੇਸ਼ ਕਲਿਆਣ ਨੇ ਮੁੱਖ ਬੁਲਾਰਿਆਂ ਦੀ ਜਾਣ-ਪਛਾਣ ਕਰਵਾਈ ਅਤੇ ਮਹਿਮਾਨਾਂ ਦਾ ਸਵਾਗਤ ਕੀਤਾ। ਪ੍ਰੋ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ )ਨੇ ਸਭ ਦਾ ਧੰਨਵਾਦ ਕੀਤਾ ਅਤੇ ਡਾ: ਜੀ ਸੀ ਕੌਲ ਨੇ ਬਹੁਤ ਵਧੀਆ ਢੰਗ ਨਾਲ ਮੰਚ ਸੰ-ਚਾਲਨ ਕੀਤਾ।

ਇਸ ਮੌਕੇ ਚਰਨਦਾਸ ਸੰਧੂ, ਬਲਦੇਵ ਰਾਜ ਭਾਰਦਵਾਜ, ਹਰਭਜਨ ਨਿਮਤਾ, ਡਾ. ਮੋਹਿੰਦਰ ਸੰਧੂ, ਪਰਮਿੰਦਰ ਸਿੰਘ ਖੁਤਣ, ਰਮੇਸ਼ ਚੰਦਰ ਸਾਬਕਾ ਰਾਜਦੂਤ, ਪਰਮਜੀਤ ਪੰਮੀ, ਡਾ: ਐਸ ਪੀ ਸਿੰਘ, ਡਾ: ਸੁਰਿੰਦਰ ਪਾਲ, ਪ੍ਰੋ. ਜੋਧਾ ਮੱਲ, ਚਰਨਜੀਤ ਸਿੰਘ, ਪਿਸ਼ੋਰੀ ਲਾਲ ਸੰਧੂ, ਡਾ. ਮੋਹਿਤ,.ਪ੍ਰੋ.ਅਰਿੰਦਰ ਸਿੰਘ, ਰਾਜੇਸ਼ ਬਿਰਦੀ, ਬਲਵਿੰਦਰ ਪੁਆਰ, ਐਮ ਐਲ ਡੋਗਰਾ, ਕ੍ਰਿਸ਼ਨ ਕਲਿਆਣ, ਇੰਜੀਨੀਅਰ ਜਸਵੰਤ ਰਾਏ, ਹੁਸਨ ਲਾਲ, ਰਾਮ ਨਾਥ ਸੁੰਡਾ, ਰਾਮ ਲਾਲ ਦਾਸ, ਮਲਕੀਤ ਸਿੰਘ, ਸੇਵਾ ਸਿੰਘ, ਮਾਸਟਰ ਜੀਤ ਰਾਮ, ਪ੍ਰੋ. ਅਸ਼ਵਨੀ ਜੱਸਲ, ਐਚ ਐਸ ਕਾਜਲ, ਵਿਸ਼ਾਲ ਗੋਰਕਾ, ਇੰਜੀਨੀਅਰ ਕਰਮਜੀਤ ਸਿੰਘ ਆਦਿ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਰਾਹੀਂ ਦਿੱਤੀ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



# ਉੱਘੇ ਜੀਵ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਗਈ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**- ਤਰਕਸ਼ੀਲ ਸੁਸਾਇਟੀ ਪੰਜਾਬ ਦੀ ਸੂਬਾ ਕਮੇਟੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜੋਨ ਨਵਾਂਸ਼ਹਿਰ ਵੱਲੋਂ ਜੋਨ ਮੁੱਖੀ ਸੱਤਪਾਲ ਸਲੋਹ ਅਤੇ ਸੂਬਾ ਕਮੇਟੀ ਵੱਲੋਂ ਜੋਗਿੰਦਰ ਕੁੱਲੇਵਾਲ ਮੁਖੀ ਸੱਭਿਆਚਾਰਕ ਵਿਭਾਗ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅਗਵਾਈ ਵਿੱਚ ਜੀਵ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਿਤ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਗਈ। ਇਸ ਪ੍ਰੀਖਿਆ ਸਬੰਧੀ ਜਾਣਕਾਰੀ ਦਿੰਦਿਆਂ ਜੋਨ ਦੇ ਮੀਡੀਆ ਇੰਚਾਰਜ ਮਾਸਟਰ ਜਗਦੀਸ਼ ਰਾਏ ਪੁਰ ਡੱਬਾ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਇਸ ਪ੍ਰੀਖਿਆ ਵਿਚ ਉਤਸ਼ਾਹ ਪੂਰਵਕ ਭਾਗ ਲਿਆ। ਉਹਨਾਂ ਅੱਗੇ ਦੱਸਿਆ ਕਿ ਇਸ ਪ੍ਰੀਖਿਆ ਲਈ ਜੋਨ ਨਵਾਂਸ਼ਹਿਰ ਵਿੱਚ 30 ਪ੍ਰੀਖਿਆ ਕੇਂਦਰ ਬਣਾਏ ਗਏ ਸਨ ਜਿਨ੍ਹਾਂ ਵਿੱਚੋਂ 27 ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਸਫ਼ਲਤਾ ਪੂਰਵਕ ਨੇਪਰੇ ਚੜ੍ਹੀ। ਤਿੰਨ ਪ੍ਰੀਖਿਆ ਕੇਂਦਰਾਂ ਵਿੱਚ ਕੁਝ ਅਣਸੁਖਾਵੇਂ ਕਾਰਨਾਂ ਕਰਕੇ ਪ੍ਰੀਖਿਆ ਮੁਅੱਤਲ ਕੀਤੀ ਗਈ। ਇਹਨਾਂ ਤਿੰਨਾਂ ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਸੂਬਾ ਕਮੇਟੀ ਦੀਆਂ ਹਦਾਇਤਾਂ ਅਨੁਸਾਰ ਕੋਈ ਢੁੱਕਵੀਂ ਤਰੀਕ ਤੈਅ ਕਰਕੇ ਕਰਵਾਈ ਜਾਵੇਗੀ। ਇਸ ਪ੍ਰੀਖਿਆ ਵਿੱਚ ਮਿਡਲ ਵਿੰਗ ਦੇ 177 ਲੜਕੇ, 221 ਲੜਕੀਆਂ ਅਤੇ ਸੈਕੰਡਰੀ ਵਿੰਗ ਦੇ



283 ਲੜਕੇ,573, ਲੜਕੀਆਂ ਕੁੱਲ 1254 ਵਿਦਿਆਰਥੀਆਂ ਨੇ ਭਾਗ ਲਿਆ। ਤਰਕਸ਼ੀਲ ਆਗੂ ਸੁਖਵਿੰਦਰ ਗੋਗਾ, ਕਾਮਰੇਡ ਮੁਕੰਦ ਲਾਲ, ਮਾਸਟਰ ਨਰੇਸ਼ ਭੰਮੀਆਂ, ਮਾਸਟਰ ਰਾਮ ਪਾਲ ਰਾਹੋਂ ਨੇ ਦੱਸਿਆ ਕਿ ਇਸ ਪ੍ਰੀਖਿਆ ਦਾ ਮੁੱਖ ਮੰਤਵ ਵਿਦਿਆਰਥੀਆਂ ਨੂੰ ਵਹਿਮਾਂ ਭਰਮਾਂ ਵਿੱਚੋਂ ਕੱਢ ਕੇ ਉਨ੍ਹਾਂ ਦੀ ਸੋਚ ਨੂੰ ਵਿਗਿਆਨਕ ਬਣਾਉਣਾ ਹੈ ਤਾਂ ਕਿ ਉਹ ਭੂਤਾਂ ਪ੍ਰੇਤਾਂ, ਜਾਦੂ ਟੂਣਿਆਂ ਦੇ ਡਰ ਤੋਂ ਮੁਕਤ ਹੋ ਕੇ ਆਪਣੀ ਪੜ੍ਹਾਈ ਨਿਰਭੈਅ ਹੋ ਕੇ ਕਰਨ ਅਤੇ ਜ਼ਿੰਦਗੀ ਦੀਆਂ ਅਗਲੀਆਂ ਮੰਜ਼ਿਲਾਂ ਨੂੰ ਸਰ ਕਰ ਸਕਣ। ਇਸ ਪੰਜਵੀਂ ਚੇਤਨਾ ਪਰਖ ਪ੍ਰੀਖਿਆ ਲਈ ਪੰਜਾਬ ਭਰ ਵਿਚ 34750 ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਹੋਈ ਹੈ ਅਤੇ 446 ਪ੍ਰੀਖਿਆ ਕੇਂਦਰ ਸਥਾਪਤ ਕੀਤੇ ਗਏ ਸਨ। ਜੋਨ ਨਵਾਂਸ਼ਹਿਰ ਵਿੱਚ ਪ੍ਰੀਖਿਆ ਨੂੰ ਸਫਲ ਬਣਾਉਣ ਲਈ ਜਸਵੀਰ ਬੇਗਮ ਪੁਰ, ਮੋਹਨ ਬੀਕਾ, ਮੈਡਮ ਬਲਵਿੰਦਰ ਕੌਰ ਸਲੋਹ, ਬੇਟੀ ਸਿਮੀ ਸਲੋਹ, ਬਲਜੀਤ ਖਟਕੜ, ਬਲਜਿੰਦਰ ਸ਼ਹਿਬਾਜ਼ ਪੁਰ , ਬਲਜਿੰਦਰ ਤਾਜਪੁਰ, ਮਾਸਟਰ ਰਾਜ ਕੁਮਾਰ ਗੜ੍ਹਸ਼ੰਕਰ, ਗੁਰਨਾਮ ਗੜ੍ਹਸ਼ੰਕਰ, ਹਰਜਿੰਦਰ ਸੂੰਨੀ, ਅਧਿਆਪਕ ਆਗੂ ਮੁਕੇਸ਼ ਗੁਜਰਾਤੀ, ਮਲਕੀਤ ਸਿੰਘ ਬਾਹੋਵਾਲ , ਜਗਤਾਰ ਬਾਹੋਵਾਲ, ਡਾ.ਦਲਵੀਰ ਸਿੰਘ ਮਾਹਲ ਖੁਰਦ, ਨਿੰਦਰ ਮਾਈ ਦਿੱਤਾ, ਨਿਤਿਨ ਮੁਕੰਦਪੁਰ, ਸੁਰਜੀਤ ਸਿੰਘ ਰੁੜਕੀ ਮਾਸਟਰ ਪਰਮਜੀਤ ਖਮਾਚੋਂ, ਡਾ.ਰਾਮ ਲਾਲ, ਪ੍ਰਿੰਸੀਪਲ ਕਮਲਜੀਤ ਕੌਰ, ਜਸਵਿੰਦਰ ਕੌਰ, ਅਰਸ਼ਦੀਪ ਕੌਰ, ਮਨਪ੍ਰੀਤ ਕੌਰ, ਮਾ.ਹੰਸ ਰਾਜ, ਅਮਰਜੀਤ ਸਿੰਘ, ਗੁਰਦੇਵ ਸਿੰਘ, ਭਾਗ ਸਿੰਘ, ਸੱਤਪਾਲ ਸਿੰਘ, ਕਰਨ ਕੁਮਾਰ, ਮਾ.ਸਾਮ ਸੁੰਦਰ ਆਦਿ ਸੁਸਾਇਟੀ ਕਾਰਕੁਨਾਂ ਨੇ ਪੂਰੇ ਲਗਨ ਨਾਲ ਡਿਊਟੀ ਨਿਭਾਈ। ਜਿਹਨਾਂ ਸਕੂਲਾਂ ਵਿੱਚ ਪ੍ਰੀਖਿਆ ਕੇਂਦਰ ਬਣਾਏ ਗਏ ਸਨ ਉਨ੍ਹਾਂ ਦੇ ਪ੍ਰਿੰਸੀਪਲ ਸਹਿਬਾਨਾਂ ਅਤੇ ਅਧਿਆਪਕ ਸਾਹਿਬਾਨਾ ਨੇ ਬਹੁਤ ਹੀ ਸ਼ਲਾਘਾਯੋਗ ਯੋਗਦਾਨ ਪਾਇਆ। ਉਹਨਾਂ ਵਲੋਂ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਨਵਾਂਸ਼ਹਿਰ ਸਮੂਹ ਸਕੂਲਾਂ ਦੇ ਪ੍ਰਿੰਸੀਪਲ ਸਹਿਬਾਨਾਂ ਅਤੇ ਅਧਿਆਪਕ ਸਾਹਿਬਾਨਾ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ ਅਤੇ ਅੱਗੇ ਵੀ ਇਸੇ ਤਰ੍ਹਾਂ ਸਹਿਯੋਗ ਦੀ ਆਸ ਰੱਖਦਾ ਹੈ।

# ਦਿਓ ਅਸੀਸਾਂ, ਰੱਖਾਂ ਸਿੱਖੀ ਪਹਿਰਾਵਾ ਤਾਂ ਕਿ ਦੇਸ਼, ਕੌਮ ਤੇ ਭਾਈਚਾਰੇ ਦਾ ਨਾਮ ਵਧਾਵਾਂ-ਜੱਪਣ ਕੌਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**- ਬੀਤੇ ਕੱਲ੍ਹ ਜਿੱਥੇ ਭਾਰਤ ਦੇ ਵਿਚ ਅਧਿਆਪਕ ਦਿਵਸ ਮਨਾ ਕੇ ਆਪਣੇ-ਆਪਣੇ ਪੜ੍ਹਾਈ ਗੁਰੂਆਂ ਨੂੰ ਯਾਦ ਕੀਤਾ ਗਿਆ ਉਥੇ ਵਿਦੇਸ਼ਾਂ ਦੇ ਵਿਚ ਜਨਮੇ ਭਾਰਤੀ ਬੱਚੇ ਵੀ ਨਾ ਕੇਵਲ ਪੜ੍ਹਾਈ ਸਗੋਂ ਸਕੂਲੀ ਪ੍ਰਬੰਧਾਂ ਦੇ ਵਿਚ ਵੀ ਨਾਮਣਾ ਖੱਟ ਰਹੇ ਹਨ। ਵਿਦੇਸ਼ੀ ਸਕੂਲਾਂ ਨੂੰ ਚਲਾਉਣ ਵਾਲੇ ਟਰਸਟਾਂ ਅਤੇ ਬੋਰਡ ਮੈਂਬਰਾਂ ਦਾ ਆਪਣਾ ਇਕ ਜ਼ਿੰਮਾ ਹੁੰਦਾ ਹੈ, ਜਿਹੜਾ ਸਕੂਲ ਦੇ ਪ੍ਰਬੰਧਨ ਅਤੇ ਉਚ ਪੜ੍ਹਾਈ ਮਾਪਦੰਡਾਂ ਨੂੰ ਬਰਕਰਾਰ ਰੱਖਣ ਲਈ ਆਪਣੀਆਂ ਦੂਰ ਅੰਦੇਸ਼ੀ ਸੇਵਾਵਾਂ ਦਿੰਦਾ ਹੈ। ਇਹ ਕਾਰਜ ਤਿੰਨ ਤਰ੍ਹਾਂ ਦੇ ਬੋਰਡ ਮੈਂਬਰ ਕਰਦੇ ਹਨ ਜਿਵੇਂ ਮਾਪਿਆਂ ਦੇ ਚੁਣੇ ਮੈਂਬਰ, ਸਟਾਫ ਦੇ ਚੁਣੇ ਮੈਂਬਰ ਅਤੇ ਵਿਦਿਆਰਥੀਆਂ ਦੇ ਚੁਣੇ ਮੈਂਬਰ (9ਵੇਂ ਸਾਲ ਦੀ ਪੜ੍ਹਾਈ ਤੋਂ ਉਪਰ ਵਾਲੇ)। ਨਿਊਜ਼ੀਲੈਂਡ ਵਸਦੇ ਭਾਰਤੀ ਭਾਈਚਾਰੇ ਖਾਸ ਕਰ ਪੰਜਾਬੀ ਭਾਈਚਾਰੇ ਨੂੰ ਇਸ



ਗੱਲ ਦੀ ਖੁਸ਼ੀ ਹੋਵੇਗੀ ਕਿ 'ਵੈਸਟਲੇਕ ਗਰਲਜ਼ ਹਾਈ ਸਕੂਲ' ਨੌਰਥ ਸ਼ੋਰ ਜਿੱਥੇ ਬਹੁ ਗਿਣਤੀ ਇਥੇ ਦੇ ਸਥਾਨਿਕ ਬੱਚਿਆਂ ਦੀ ਹੀ ਹੈ ਅਤੇ ਸਿਰਫ ਕੁਝ ਕੁ ਪੰਜਾਬੀ ਲੜਕੀਆਂ ਹੀ ਇਥੇ ਪੜ੍ਹਦੀਆਂ ਹੋਣਗੀਆਂ, ਵਿਖੇ ਹੋਈਆਂ ਬੋਰਡ ਮੈਂਬਰ ਚੋਣਾਂ ਦੇ ਵਿਚ ਨਿਊਜ਼ੀਲੈਂਡ ਜਨਮੀ ਦਸਤਾਰਧਾਰੀ ਸਿੱਖ ਬੱਚੀ ਜੱਪਨ ਕੌਰ ਨੇ ਵਿਦਿਆਰਥੀਆਂ ਦੇ ਵੱਡੇ ਵਰਗ ਦਾ ਵਿਸ਼ਵਾਸ਼ ਜਿੱਤਦਿਆਂ ਲਗਾਤਾਰ ਦੂਸਰੀ ਵਾਰ 62% ਵੋਟਾਂ ਦੇ ਨਾਲ ਜਿੱਤ ਹਾਸਿਲ ਕਰਕੇ ਇਕ ਤਰ੍ਹਾਂ ਨਾਲ ਇਤਿਹਾਸਕ ਪ੍ਰਾਪਤੀ ਕੀਤੀ ਹੈ। ਸ਼ਾਇਦ ਹੀ ਇਸ ਤੋਂ ਪਹਿਲਾਂ ਕੋਈ ਬੱਚਾ ਦੂਜੀ ਵਾਰ ਚੋਣ ਜਿਤਿਆ ਹੋਵੇ ਅਤੇ ਵੋਟਿੰਗ ਦਰ ਉਪਰ ਗਈ ਹੋਵੇ। ਬੋਰਡ ਮੈਂਬਰ ਵਾਸਤੇ 4 ਵਿਦਿਆਰਥੀ ਮੈਦਾਨ ਵਿਚ ਸਨ ਅਤੇ ਜਪਨ ਕੌਰ ਨੇ ਇਹ ਜਿੱਤ ਹਾਸਿਲ ਕੀਤੀ ਹੈ। ਬੋਰਡ ਆਫ ਟਰਸਟੀਜ਼ ਦੇ ਵਿਚ ਇਹ ਸਕੂਲ ਦੇ ਬੱਚਿਆਂ ਦੀ ਨੁਮਾਇੰਦਗੀ ਕਰੇਗੀ, ਜੋ ਕਿ ਇਕ ਵੱਡੀ ਗੱਲ ਹੈ।

ਬੱਚੀ ਜੱਪਣ ਕੌਰ ਨੇ ਕਮਿਊਨਿਟੀ ਤੋਂ ਅਸੀਸਾਂ ਦੀ ਮੰਗ ਕਰਦਿਆਂ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਹੈ ਤਾਂ ਕਿ ਉਹ ਸਿੱਖ ਪਹਿਰਾਵੇ ਸਮੇਤ ਆਪਣੇ ਭਾਈਚਾਰੇ ਦਾ ਨਾਂਅ ਹੋਰ ਚਮਕਾ ਸਕੇ।

ਨਿਊਜ਼ੀਲੈਂਡ ਦੇ ਵਿਚ ਸ਼ਾਇਦ ਇਹ ਪਹਿਲੀ ਸਿੱਖੀ ਸਰੂਪ ਵਾਲੀ ਬੱਚੀ ਹੈ ਜੋ ਪਿਛਲੇ ਸਾਲ ਤੋਂ ਜਿੱਥੇ ਸਿੱਖੀ ਸਰੂਪ 'ਚ ਰਹਿੰਦਿਆ ਪੜ੍ਹਾਈ ਪੂਰੀ ਕਰ ਰਹੀ ਹੈ, ਉਥੇ ਇਸ ਸਕੂਲ ਦੇ ਲਗਪਗ 2200 ਵਿਦਿਆਰਥੀਆਂ ਦੇ ਵਿਚੋਂ ਵੱਡਾ ਵਿਸ਼ਵਾਸ਼ ਜਿੱਤਣ ਦੇ ਵਿਚ ਕਾਮਯਾਬ ਹੋਈ ਹੈ। ਉਹ ਇਸ ਵੇਲੇ ਸਕੂਲ ਦੇ 12ਵੇਂ ਸਾਲ ਦੀ ਪੜ੍ਹਾਈ ਕਰ ਰਹੀ ਹੈ। ਇਸ ਸਕੂਲ ਦੇ ਵਿਚ ਪਹਿਲੀ ਵਾਰ ਕੋਈ ਭਾਰਤੀ ਕੁੜੀ ਇਹ ਵਿਸ਼ਵਾਸ਼ ਹਾਸਿਲ ਕਰ ਸਕੀ ਹੈ। ਉਸਦੇ ਸਕੂਲ ਕੋਟ ਉਤੇ ਲੱਗੇ ਵੱਖ-ਵੱਖ ਪ੍ਰਾਪਤ ਬੈਜ ਦੱਸਦੇ ਹਨ ਕਿ ਉਸਨੂੰ ਐਨੇ ਵਿਦਿਆਰਥੀਆਂ ਨੇ ਕਿਉਂ ਵੋਟਾਂ ਪਾਈਆਂ ਅਤੇ ਵਿਸ਼ਵਾਸ਼ ਕੀਤਾ। ਬੱਚੀ ਜਪਨ ਕੌਰ ਦੇ ਸਤਿਕਾਰਤ ਪਿਤਾ ਸ. ਕਰਮਜੀਤ ਸਿੰਘ ਤਲਵਾੜ ਜਿੱਥੇ ਗੁਰਦੁਆਰਾ ਸਾਹਿਬ ਨੌਰਥ ਸ਼ੋਰ ਦੇ ਮੁੱਖ ਸੇਵਾਦਾਰ ਹਨ ਉਥੇ 'ਕੈਜਲੇ ਇੰਟਰਮੀਡੀਏਟ ਸਕੂਲ' ਪਾਪਾਟੋਏਟੋਏ ਦੇ ਵਿਚ ਤਿੰਨ ਵਾਰ ਬੋਰਡ ਟਰੱਸਟੀ ਵੀ ਰਹਿ ਚੁੱਕੇ ਹਨ। ਸਮੁੱਚੇ ਭਾਈਚਾਰੇ ਵੱਲੋਂ ਬੱਚੀ ਜੱਪਨ ਕੌਰ ਅਤੇ ਉਸਦੇ ਸਮੁਚੇ ਪਰਿਵਾਰ ਨੂੰ ਲੱਖ-ਲੱਖ ਵਧਾਈ।

# ਮੋਰਾਂਵਾਲੀ ਵਿਖ਼ੇ ਬੇਟੀਆਂ ਦੀ ਭਲਾਈ ਲਈ ਕੱਪੜਿਆਂ ਦੀ ਸਿਲਾਈ ਦਾ ਫ੍ਰੀ ਸਿਖਲਾਈ ਸੈਂਟਰ ਦਾ ਕੀਤਾ ਉਦਘਾਟਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**- ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ (ਰਜਿ) ਪੰਜਾਬ ਵਲੋ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਦੀ ਅਗਵਾਈ ਵਿੱਚ ਧੀਆਂ ਬਚਾਓ ਧਰਤੀ ਬਚਾਓ ਮੁਹਿੰਮ ਚਲਾਈ ਹੋਈ ਹੈ। ਜਿਸ ਦੇ ਅਧੀਨ ਬੂਟੇ ਲਗਾਉਣੇ ਅਤੇ ਧੀਆਂ ਦੀ ਲੋਹੜੀ ਪਾਉਣਾ ਵਰਗੇ ਪਿਛਲੇ ਸੱਤ ਸਾਲਾਂ ਤੋਂ ਧੀਆਂ ਦੀ ਬਿਹਤਰੀ ਲਈ ਆਯੋਜਨ ਕਰਦੀ ਆ ਰਹੀ ਹੈ। ਇਸ ਮੁਹਿੰਮ ਅਧੀਨ ਅੱਜ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਵੱਲੋਂ ਪਿੰਡ ਮੋਰਾਂਵਾਲੀ ਵਿੱਚ ਬੇਟੀਆਂ ਦੀ ਭਲਾਈ ਲਈ ਕੱਪੜਿਆਂ ਦੀ ਸਿਲਾਈ ਦਾ ਫ੍ਰੀ ਸਿਖਲਾਈ ਸੈਂਟਰ ਖੋਲ੍ਹਿਆ ਗਿਆ। ਜਿਸ ਦਾ ਉਦਘਾਟਨ ਬੀ. ਡੀ.ਪੀ.ਓ. ਮੈਡਮ ਮਨਜਿੰਦਰ ਕੌਰ ਨੇ ਕੀਤਾ। ਇਸ ਦੌਰਾਨ ਸੁਸਾਇਟੀ ਦੇ ਜਨਰਲ ਸਕੱਤਰ ਡਾਕਟਰ ਹਰਿਕ੍ਰਿਸ਼ਨ ਬੰਗਾ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਕੁਮਾਰ, ਨਿਸ਼ਾਨ ਲਾਲ ਲਾਡੀ ਬਲਾਕ ਪ੍ਰਧਾਨ ਬੰਗਾ, ਸੀਨੀਅਰ ਵਾਈਸ ਪ੍ਰਧਾਨ ਕਿਰਨ ਬਾਲਾ, ਮੀਡੀਆ ਇੰਚਾਰਜ ਮਨਜੀਤ ਰਾਮ ਹੀਰ ਨੇ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਇਸ ਦੌਰਾਨ ਸੁਸਾਇਟੀ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਸਿਲਾਈ ਸੈਂਟਰ ਖੋਲਣ ਦਾ ਮੁੱਖ ਮੰਤਵ ਬੇਟੀਆਂ ਦੀ ਪ੍ਰਤਿਭਾ ਨੂੰ ਉਭਾਰਨਾ ਹੈ ਅਤੇ ਉਹਨਾਂ ਨੂੰ ਆਤਮ-ਨਿਰਭਰ ਕਰਨਾ ਹੈ। ਸੁਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਕੁਮਾਰ ਜੀ ਨੇ ਕਿਹਾ ਕਿ ਸੁਸਾਇਟੀ ਵਲੋ ਵੱਖ ਵੱਖ ਪਿੰਡਾਂ ਚ ਹੋਰ ਵੀ ਫ੍ਰੀ ਸਿਲਾਈ ਸੈਂਟਰ ਖੋਲ੍ਹੇ ਜਾਣਗੇ। ਜਿੱਥੇ ਬੇਟੀਆਂ ਸਿੱਖਣ ਦੇ ਨਾਲ ਨਾਲ ਇਸ ਨੂੰ ਕਮਾਈ ਦਾ ਜਰੀਆ ਵੀ ਬਣਾ ਸਕਣਗੀਆਂ। ਸਾਡੀ ਸੁਸਾਇਟੀ ਦਾ ਮੁੱਖ ਉਦੇਸ਼ ਇੰਨਾ ਸੈਂਟਰਾਂ ਵਿੱਚੋ ਸਿਲਾਈ ਟੀਚਰ ਤਿਆਰ ਕਰਕੇ ਹੋਰ ਖੇਤਰਾਂ ਵਿਚ ਸਿਲਾਈ ਸੈਂਟਰ ਖੋਲਣਾ ਹੈ। ਇਸ ਮੌਕੇ ਮੁੱਖ ਮਹਿਮਾਨ ਦੇ ਤੌਰ ਤੇ ਹਾਜਿਰ ਹੋਏ ਬੀ. ਡੀ.ਪੀ.ਓ. ਮੈਡਮ ਮਨਜਿੰਦਰ ਕੌਰ ਨੇ ਕਿਹਾ ਕਿ ਇਹ ਸੁਸਾਇਟੀ ਵੱਲੋਂ ਚੁੱਕਿਆ ਹੋਇਆ ਇਕ ਸ਼ਲਾਘਾ ਯੋਗ ਕਦਮ ਹੈ, ਪੜ੍ਹੀਆਂ ਲਿਖੀਆਂ ਲੜਕੀਆਂ ਨੂੰ ਇਸ ਕੈਂਪ ਵਿਚ ਆ ਕੇ ਲਾਭ ਉਠਾਉਣਾ ਚਾਹੀਦਾ ਹੈ,ਅਤੇ ਆਤਮ ਨਿਰਭਰ ਬਣਨਾ ਚਾਹੀਦਾ ਹੈ। ਉਹਨਾ ਕਿਹਾ ਕਿ ਸਾਡੇ ਵਲੋ ਜੋਂ ਵੀ ਹੋ ਸਕਿਆ ਸੁਸਾਇਟੀ ਦਾ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਸੁਸਾਇਟੀ ਦੇ ਸੀਨੀਅਰ ਵਾਈਸ ਪ੍ਰਧਾਨ ਕਿਰਨ ਬਾਲਾ ਨੇ ਆਏ ਹੋਏ ਮਹਿਮਾਨਾਂ ਦਾ ਧੰਨ-ਵਾਦ ਕੀਤਾ ਅਤੇ ਸੁਸਾਇਟੀ ਮੈਂਬਰਾਂ ਵਲੋ ਮੁੱਖ ਮਹਿਮਾਨ ਮਨਜਿੰਦਰ ਕੌਰ ਦਾ ਇਕ ਸਿਰੋਪਾਓ ਅਤੇ ਸ਼ਾਲ ਦੇ ਕੇ ਸਨਮਾਨ ਵੀ ਕੀਤਾ।




ਇਸ ਮੌਕੇ ਡਾਕਟਰ ਹਰਿਕ੍ਰਿਸਨ ਬੰਗਾ, ਨਿਸ਼ਾਨ ਲਾਲ ਲਾਡੀ ਬਲਾਕ ਪ੍ਰਧਾਨ ਬੰਗਾ, ਸੁਨੀਤਾ ਦੇਵੀ ਵਾਈਸ ਪ੍ਰਧਾਨ ਬਲਾਕ ਸੰਮਤੀ, ਗੁਰਬਖਸ਼ ਸਿੰਘ ਬਲਾਕ ਪ੍ਰਧਾਨ ਸੜੋਆ, ਸੀਮਾ ਦੇਵੀ ਕੈਸ਼ੀਅਰ ਬਲਾਕ ਸੜੋਆ , ਲਖਵਿੰਦਰ ਕੁਮਾਰ ਸੀਨੀਅਰ ਮੀਤ ਪ੍ਰਧਾਨ, ਬਿਮਲਾ ਦੇਵੀ ਸਿਲਾਈ ਟੀਚਰ, ਮਨਜੀਤ ਰਾਮ ਹੀਰ ਸਰਪੰਚ, ਜਸਵੀਰ ਝੱਲੀ, ਸਿਲਾਈ ਸੈਂਟਰ ਵਿੱਚ ਨਾਮਾਂਕਿਤ ਸਿੱਖਿਆਰਥਣਾਂ ਤੋ ਇਲਾਵਾ ਹੋਰ ਪਤਵੰਤੇ ਹਾਜਰ ਸਨ।

# ਅਧਿਆਪਕ ਦਿਵਸ 'ਤੇ ਡੀ.ਟੀ.ਐੱਫ. ਨੇ 15 ਜਿਲ੍ਹਿਆਂ ਵਿੱਚ ਸਿੱਖਿਆ ਵਿਰੋਧੀ ਨੀਤੀਆਂ ਰੈਲੀਆਂ ਕਰਕੇ ਫੂਕੀ ਪੰਜਾਬ ਸਰਕਾਰ ਦੀ ਅਰਥੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**- ਡੈਮੋਕ੍ਰੈਟਿਕ ਟੀਚਰਜ਼ ਫਰੰਟ ਪੰਜਾਬ ਨੇ ਅੱਜ ਪੰਜਾਬ ਦੇ 15 ਡਿਪਟੀ ਕਮਿਸ਼ਨਰ ਦਫਤਰਾਂ ਦੇ ਗੇਟਾਂ ਅੱਗੇ ਸੂਬਾ ਪ੍ਰਧਾਨ ਦਿੱਗਵਿਜੇ ਪਾਲ ਸ਼ਰਮਾ, ਸੂਬਾ ਜਨਰਲ ਸਕੱਤਰ ਬਲਬੀਰ ਲੌਂਗੋਵਾਲ, ਸੂਬਾ ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ, ਸੂਬਾ ਜਥੇਬੰਦਕ ਸਕੱਤਰ ਕਰਨੈਲ ਚਿੱਟੀ, ਮੀਤ ਪ੍ਰਧਾਨ ਸੁਖਵਿੰਦਰ ਸੁੱਖੀ,ਸੂਬਾ ਵਿੱਤ ਸਕੱਤਰ ਜਸਵਿੰਦਰ ਬਠਿੰਡਾ, ਸੂਬਾ ਕਮੇਟੀ ਮੈਂਬਰਾਂ ਰੇਸ਼ਮ ਬਠਿੰਡਾ, ਲਖਵੀਰ ਮੁਕਤਸਰ, ਕਰਮਜੀਤ ਤਾਮਕੋਟ, ਦਲਜੀਤ ਸਮਰਾਲਾ, ਸੁਖਪਾਲ ਜੀਤ ਮੋਗਾ ,ਦਾਤਾ ਨਮੋਲ, ਰਾਜਦੀਪ ਸੰਧੂ, ਚਰਨਜੀਤ ਕਪੂਰਥਲਾ, ਗਗਨ ਪਾਹਵਾ, ਅਵਤਾਰ ਲਾਲ, ਸ਼ਬੀਰ ਖਾਂ, ਸੁਖਵਿੰਦਰ ਪਾਲ, ਜਗਵਿੰਦਰ ਗਰੇਵਾਲ, ਪਰਵਿੰਦਰ ਸਿੰਘ, ਤਲਵਿੰਦਰ ਪਟਿਆਲਾ, ਕੁਲਦਰਸ਼ਨ ਸਿੰਘ,ਜਗਵੀਰਨ ਕੌਰ, ਬਲਰਾਮ ਸ਼ਰਮਾ, ਹਰਭਗਵਾਨ ਗੁਰਨੇ, ਬੇਅੰਤ ਬੁਰਜ, ਹਰਜਿੰਦਰ ਅਨੂਪਗੜ੍ਹ, ਹਰਜੀਤ ਸੁਧਾਰ ਦੀ ਅਗਵਾਈ ਹੇਠ ਬਠਿੰਡਾ, ਮੁਕਤਸਰ, ਮਾਨਸਾ, ਲੁਧਿਆਣਾ, ਮੋਗਾ, ਸੰਗਰੂਰ, ਜਲੰਧਰ, ਫਿਰੋਜ਼ਪੁਰ, ਕਪੂਰਥਲਾ, ਮਾਲੇਰਕੋਟਲਾ, ਫਰੀਦਕੋਟ, ਗੁਰਦਾਸਪੁਰ, ਪਠਾਨਕੋਟ, ਪਟਿਆਲਾ, ਫਤਿਹਗੜ੍ਹ ਸਾਹਿਬ ਵਿਖੇ ਵਿਸ਼ਾਲ ਰੈਲੀਆਂ ਕਰਕੇ ਪੰਜਾਬ ਸਰਕਾਰ ਦੀ ਅਰਥੀ ਫੂਕੀ। ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਪ੍ਰੈੱਸ ਸਕੱਤਰ ਗੁਰਮੀਤ ਕੋਟਲੀ ਨੇ ਕਿਹਾ ਕਿ ਅੱਜ ਅਧਿਆਪਕ ਦਿਵਸ ਦੇ ਮੌਕੇ 'ਤੇ ਜਿੱਥੇ ਪੰਜਾਬ ਸਰਕਾਰ ਸੂਬਾ ਪੱਧਰ 'ਤੇ ਪ੍ਰੋਗਰਾਮ ਕਰਕੇ ਅਧਿਆਪਕਾਂ ਨੂੰ ਸਨਮਾਨਿਤ ਕਰਨ ਦਾ ਖੇਖਣ ਕਰ ਰਹੀ ਹੈ ਉੱਥੇ ਉਸ ਦੇ ਸਮਾਨਾਂਤਰ ਜਥੇਬੰਦੀ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰ 'ਤੇ ਸਰਕਾਰ ਦੇ ਅਰਥੀ ਫੂਕ ਰੋਸ ਮੁਜਾਹਰੇ ਕਰਕੇ ਸਰਕਾਰ ਦੇ ਕੰਨਾਂ ਤੱਕ ਅਧਿਆਪਕਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਪਹੁੰਚਾਉਣਾ ਚਾਹੁੰਦੀ ਹੈ ਤਾਂ ਜੋ ਅਧਿਆਪਕਾਂ ਦਾ ਮਾਨ-ਸਨਮਾਨ



ਹਕੀਕੀ ਰੂਪ ਵਿਚ ਬਹਾਲ ਹੋ ਸਕੇ। ਡੀ.ਟੀ.ਐੱਫ. ਬੀਤੀ 8 ਅਗਸਤ ਨੂੰ ਅਧਿਆਪਕਾਂ ਦੀਆਂ ਭਖਵੀਆਂ ਮੰਗਾਂ ਸਬੰਧੀ ਵਿਸ਼ਾਲ ਰੈਲੀਆਂ ਕਰਕੇ ਮੰਗ-ਪੱਤਰ ਡਿਪਟੀ ਕਮਿਸਨਰਾਂ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਪਹੁੰਚਾਏ ਸਨ। ਇਹ ਪ੍ਰੋਗਰਾਮ ਵੀ ਸੂਬੇ ਭਰ ਵਿੱਚ ਹੋਏ ਸੀ ਪ੍ਰੰਤੂ ਇਸ ਪ੍ਰੋਗਰਾਮ ਤੋਂ ਬਾਅਦ ਸਰਕਾਰ ਦੇ ਕੰਨ 'ਤੇ ਜੂੰਅ ਨਹੀਂ ਸਰਕੀ। ਉਲਟਾ ਸਰਕਾਰ ਵੱਲੋਂ ਨਵੀਂ ਸਿੱਖਿਆ ਨੀਤੀ 2020 ਨੂੰ ਜ਼ੋਰ-ਸ਼ੋਰ ਨਾਲ ਲਾਗੂ ਕਰਨ ਦੇ ਮਕਸਦ ਨਾਲ ਵੱਡੇ ਪੱਧਰ 'ਤੇ ਸਕੂਲਾਂ ਦੀ ਕਲੱਬਿੰਗ ਕਰਨ ਅਤੇ ਅਧਿਆਪਕਾਂ ਦੀ ਜ਼ਬਰੀ ਰੇਸ਼ਨਾਲਾਈਜੇਸ਼ਨ ਕਰਨ ਦੇ ਸੰਕੇਤ ਦਿੱਤੇ ਜਾ ਰਹੇ ਹਨ ਜੋ ਕਿ ਜਨਤਕ ਸਿੱਖਿਆ ਲਈ ਮਾਰੂ ਹੋਣ ਦੇ ਨਾਲ-ਨਾਲ ਅਧਿਆਪਕਾਂ ਨੂੰ ਵੱਡੇ ਪੱਧਰ 'ਤੇ ਵਿਸਥਾਪਿਤ ਕਰੇਗੀ ਅਤੇ ਆਉਣ ਵਾਲੇ ਕਈ ਸਾਲਾਂ ਤੱਕ ਨਵੇਂ ਅਧਿਆਪਕਾਂ ਦੀਆਂ ਭਰਤੀਆਂ ਦਾ ਰਾਹ ਬੰਦ ਕਰੇਗੀ। ਇਸ ਤੋਂ ਇਲਾਵਾ ਸਰਕਾਰੀ ਸਕੂਲਾਂ ਵਿੱਚ ਰਿਟਾਇਰ ਹੋਏ ਅਧਿਆਪਕਾਂ ਨੂੰ ਵਿਜਟਿੰਗ ਫੈਕਲਟੀ ਦੇ ਤੌਰ 'ਤੇ ਰੱਖਣ ਦੇ ਸਿੱਖਿਆ ਵਿਰੋਧੀ ਅਤੇ ਰੁਜ਼ਗਾਰ ਵਿਰੋਧੀ ਕਦਮ ਦੇ ਵਿਰੋਧ ਵਿੱਚ,ਸਰਕਾਰੀ ਮੁਲਾਜ਼ਮਾਂ ਦੇ ਵਿਰੋਧ ਕਰਨ ਦੇ ਸੰਵਿਧਾਨਕ ਅਧਿਕਾਰ ਨੂੰ ਕੁਚਲਣ ਲਈ ਲਾਗੂ ਕੀਤੇ 'ਐਸਮਾ' ਕਾਨੂੰਨ ਦੇ ਵਿਰੋਧ ਵਿੱਚ ਅਤੇ ਅਧਿਆਪਕਾਂ ਦੀਆਂ ਲੰਮੇ ਸਮੇਂ ਤੋਂ ਲਟਕਦੀਆਂ ਮੰਗਾਂ ਜਿਵੇਂ ਕਿ ਕੱਚੇ ਅਧਿਆਪਕਾਂ, ਕੰਪਿਊਟਰ ਅਧਿਆਪਕਾਂ, ਐੱਨ.ਐੱਸ.ਕਿਊ.ਐੱਫ. ਅਧਿਆਪਕਾਂ ਨੂੰ ਸਾਰੇ ਲਾਭਾਂ ਸਮੇਤ ਸਿੱਖਿਆ ਵਿਭਾਗ ਵਿੱਚ ਸ਼ਾਮਲ ਕਰਨ, ਪੇਂਡੂ ਭੱਤੇ ਸਮੇਤ 37 ਤਰ੍ਹਾਂ ਦੇ ਹੋਰ ਭੱਤੇ ਜਾਰੀ ਕਰਵਾਉਣ, ਪ੍ਰਬੀਨਤਾ ਤਰੱਕੀ ਸਕੀਮ 3-7-11-15 ਸਾਲਾ ਲਾਗੂ ਕਰਵਾਉਣ, 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਲਈ, ਜੁਲਾਈ 2020 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ 'ਤੇ ਕੇਂਦਰੀ ਪੇਅ ਸਕੇਲ ਦੀ ਥਾਂ ਪੰਜਾਬ ਪੇਅ ਸਕੇਲ ਲਾਗੂ ਕਰਵਾਉਣ, ਛੇਵੇਂ ਤਨਖਾਹ ਕਮਿਸ਼ਨ ਦਾ ਬਕਾਇਆ ਜਾਰੀ ਕਰਵਾਉਣ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕਰਵਾਉਣ, 15.01.2015 ਦਾ ਪਰੋਬੇਸ਼ਨ ਦੌਰਾਨ ਸਿਰਫ ਬੇਸਿਕ ਪੇਅ ਦੇਣ ਦਾ ਪੱਤਰ ਰੱਦ ਕਰਵਾਉਣ ਆਦਿ ਦੇ ਹੱਕ ਵਿੱਚ ਅੱਜ ਇਹ ਅਰਥੀ ਫੂਕ ਰੋਸ ਪ੍ਰਦਰਸ਼ਨ ਕੀਤੇ ਗਏ ਹਨ।

ਰੈਲੀਆਂ ਵਿੱਚ ਵੱਡੀ ਗਿਣਤੀ ਵਿੱਚ ਅਧਿਆਪਕ ਸ਼ਾਮਲ ਹੋਏ। ਬੁਲਾਰਿਆਂ ਨੇ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਪੰਜਾਬ ਸਰਕਾਰ ਨੇ ਆਪਣਾ ਮੁਲਾਜ਼ਮ ਵਿਰੋਧੀ ਰਵੱਈਆ ਨਾ ਸੁਧਾਰਿਆ ਅਤੇ ਅਧਿਆਪਕਾਂ ਦੀਆਂ ਮੰਗਾਂ ਨੂੰ ਨਜ਼ਰਅੰਦਾਜ਼ ਕਰਨਾ ਜਾਰੀ ਰੱਖਿਆ ਤਾਂ ਉਹਨਾਂ ਦਾ ਸੰਘਰਸ਼ ਭਵਿੱਖ ਵਿੱਚ ਹੋਰ ਤਿੱਖੇ ਰੂਪ ਅਖਤਿਆਰ ਕਰੇਗਾ।

# ਨਿਧਾਨ ਰੰਧਾਵਾ ਨੇ ਕੈਨੇਡਾ ਕੇਸਰੀ, ਲੜਕੀ ਗੁਰਲੀਨ ਢਿੱਲੋਂ ਬਾਲ ਕੇਸਰੀ ਤੇ ਲੜਕਾ ਜਗਰੂਪ ਢੀਂਡਸਾ ਨੇ ਬਾਲ ਕੇਸਰੀ ਖਿਤਾਬ ਜਿੱਤੇ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਰੀ ਸਿੱਖ ਯੂਥ ਵੱਲੋਂ ਗੁਰੂ ਨਾਨਕ ਸਿੱਖ ਟੈਂਪਲ ਸਰੀ ਦੇ ਖੁੱਲ੍ਹੇ ਮੈਦਾਨ ਵਿਚ ਅੰਤਰ ਰਾਸ਼ਟਰੀ ਕਬੱਡੀ, ਕੁਸ਼ਤੀ, ਵਾਲੀਬਾਲ, ਵੇਟਲਿਫਟਿੰਗ ਟੂਰਨਾਮੈਂਟ ਬੜੇ ਸ਼ਾਨੋ-ਸ਼ੌਕਤ ਨਾਲ ਕਰਵਾਇਆ ਗਿਆ, ਜਿੱਥੇ ਮੀਂਹ ਵਰ੍ਹਦਿਆਂ ਹੀ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਕੈਨੇਡਾ ਕੇਸਰੀ ਖਿਤਾਬ ਲਈ ਨਿਸ਼ਾਨ ਸਿੰਘ ਰੰਧਾਵਾ ਤੇ ਬਲਤੇਜ ਮੂੰਡੀ ਵਿਚਕਾਰ ਮੁਕਾਬਲਾ ਹੋਇਆ, ਜਿਸ ਵਿਚ ਬੂਟਾ ਸਿੰਘ ਉਸਤਾਦ ਦਾ ਲੜਕਾ ਨਿਸ਼ਾਨ ਸਿੰਘ ਰੰਧਾਵਾ ਕੈਨੇਡਾ ਕੇਸਰੀ ਜਿੱਤਣ ਵਿਚ ਕਾਮਯਾਬ ਰਿਹਾ। ਗੁਰਜੀਤ ਸਿੰਘ ਪੁਰੇਵਾਲ, ਸਤਨਾਮ ਸਿੰਘ ਜੌਹਲ ਤੇ ਕੁਲਵੰਤ ਸਿੰਘ ਸ਼ਾਹ ਸਿਆਟਲ ਨੇ ਇਨਾਮ ਵੰਡੇ। 16 ਸਾਲ ਤੋਂ ਘੱਟ ਉਮਰ ਵਿਚ ਗੁਰਲੀਨ ਕੌਰ ਢਿੱਲੋਂ ਨੇ ਬਾਲ ਕੇਸਰੀ ਦਾ ਖਿਤਾਬ ਜਿੱਤਿਆ। ਬੂਟਾ ਸਿੰਘ ਢੀਂਡਸਾ ਉਸਤਾਦ ਦੇ ਲੜਕੇ ਜਗਰੂਪ ਸਿੰਘ ਢੀਂਡਸਾ ਨੇ 16 ਸਾਲ ਤੋਂ ਘੱਟ ਬਾਲ ਕੇਸਰੀ ਦਾ ਖਿਤਾਬ ਜਿੱਤਿਆ।

ਰੁਪਿੰਦਰ ਕੌਰ ਜੌਹਲ ਜਿਸਨੂੰ ਪੈਨ ਅਮਰੀਕਨ ਕੁਸ਼ਤੀ ਚੈਂਪੀਅਨਸ਼ਿਪ ਵਿਚ ਬੈਸਟ ਰੈਸਲਰ ਐਲਾਨਿਆ ਗਿਆ ਸੀ, ਨੇ ਕੈਨੇਡਾ-ਕੇਸਰੀ (ਲੜਕੀਆਂ) ਖਿਤਾਬ ਨਾਲ ਨਿਵਾਜਿਆ ਗਿਆ। ਸੁੱਚਾ ਸਿੰਘ ਪਹਿਲਵਾਨ (ਕੋਚ), ਬੂਟਾ ਸਿੰਘ ਢੀਂਡਸਾ ਉਸਤਾਦ, ਅਮਨ ਸਿੰਘ ਢਿੱਲੋਂ (ਕੋਚ) ਤੇ ਰਾਣਾ ਪਹਿਲਵਾਨ ਨੇ ਸਿੱਖ ਯੂਥ ਕਲੱਬ ਦੇ ਪ੍ਰਧਾਨ ਰਘਬੀਰ ਸਿੰਘ ਨਿੱਜਰ ਤੇ ਸਮੁੱਚੀ ਪ੍ਰਬੰਧਕ ਟੀਮ ਦਾ ਧੰਨਵਾਦ ਕੀਤਾ, ਟੂਰਨਾਮੈਂਟ ਕਾਮਯਾਬ ਰਿਹਾ।

# ਵਿਦੇਸ਼ਾਂ ਵਿਚ ਹੋਵੇਗੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਵਿੱਤਰ ਬੀੜਾਂ ਦੀ ਛਪਾਈ

## ਅਮਰੀਕਾ ਵਿਚ ਲੱਗੇਗੀ ਪ੍ਰੈਸ, ਐਸ. ਜੀ. ਪੀ. ਵਰਕਿੰਗ ਕਮੇਟੀ ਵਿਚ ਕਈ ਅਹਿਮ ਫੈਸਲੇ



**ਅੰਮ੍ਰਿਤਸਰ–** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅਮਰੀਕਾ ਵਿਚ ਆਪਣੀ ਪ੍ਰੈਸ ਸਥਾਪਤ ਕਰਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਨੂੰ ਪ੍ਰਕਾਸ਼ਿਤ ਕਰਨ ਦਾ ਫੈਸਲਾ ਲਿਆ ਹੈ। ਇਹ ਪ੍ਰੈਸ ਕੈਲੇਫੋਰਨੀਆ ਦੇ ਟ੍ਰੇਸੀ ਸ਼ਹਿਰ ਵਿਚ ਸਥਾਪਤ ਕੀਤੀ ਜਾਵੇਗੀ। ਜਿੱਥੇ ਐਸ. ਜੀ. ਪੀ. ਸੀ. ਦਾ ਧਰਮ ਪ੍ਰਚਾਰ ਕੇਂਦਰ ਵੀ ਕੰਮ ਕਰੇਗਾ। ਇਸਦੇ ਨਾਲ ਹੀ ਅਮਰੀਕਾ ਦੇ ਯੂਬੀਏ ਵਿਚ ਇਕ ਧਾਰਮਿਕ ਉਪਦੇਸ਼ ਕੇਂਦਰ ਵੀ ਬਣਾਇਆ ਜਾਵੇਗਾ। ਇਹ ਫੈਸਲੇ ਮੰਗਲਵਾਰ ਨੂੰ ਐਸ. ਜੀ. ਪੀ. ਸੀ. ਕਾਰਜਕਾਰੀ ਕਮੇਟੀ ਦੀ ਸ਼੍ਰੋਮਣੀ ਕਮੇਟੀ ਦਫਤਰ ਵਿਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਵਿਚ ਹੋਈ ਬੈਠਕ ਵਿਚ ਲਏ ਗਏ।

ਐਸ. ਜੀ. ਪੀ. ਸੀ. ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਵਰਗੀ ਦੀਦਾਰ ਸਿੰਘ ਬੈਂਸ ਨੇ ਸ਼੍ਰੋਮਣੀ ਕਮੇਟੀ ਨੂੰ ਯੂਬਾ ਸਿਟੀ ਵਿਚ 14.5 ਏਕੜ ਜ਼ਮੀਨ ਦਿੱਤੀ ਹੈ। ਉਥੇ ਧਰਮ ਪ੍ਰਚਾਰ ਕੇਂਦਰ ਬਣਾ ਕੇ ਗਤੀਵਿਧੀਆਂ ਆਰੰਭ ਹੋ ਜਾਣਗੀਆਂ। ਨਾਲ ਹੀ ਪ੍ਰਵਾਸੀ ਸਿੱਖ ਗਿਆਨ ਸਿੰਘ ਸੰਧੂ ਕੈਨੇਡਾ ਅਤੇ ਪ੍ਰਸਿੱਧ ਬਿਜਨਸਮੈਨ ਕਰਨਲ ਸਿੰਘ ਸੰਧੂ ਅਮਰੀਕਾ ਵੱਲੋਂ ਦਿੱਤੇ ਗਏ ਪ੍ਰਸਤਾਵ ਦੇ ਮੁਤਾਬਕ ਐਸ. ਜੀ. ਪੀ. ਸੀ. ਦਾ ਇਕ ਸੈਂਟਰ ਕੈਲੇਫੋਰਨੀਆ ਦੇ ਟਰੇਸੀ ਵਿਚ ਵੀ ਸਥਾਪਤ ਕੀਤਾ ਜਾਵੇਗਾ।ਇਸ ਕੇਂਦਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਸਰੂਪ ਛਾਪਣ ਦੇ ਲਈ ਇਕ ਪ੍ਰੈਸ ਸਥਾਪਤ ਕੀਤੀ ਜਾਵੇਗੀ ਤਾਂ ਜੋ ਅਮਰੀਕਾ ਅਤੇ ਕੈਨੇਡਾ ਦੇ ਸਿੱਖ ਭਾਈਚਾਰੇ ਦੀ ਮੰਗ ਮੁਤਾਬਕ ਪਵਿੱਤਰ ਸਰੂਪ ਉਥੇ ਵੀ ਆਸਾਨੀ ਨਾਲ ਉਪਲਬਧ ਕਰਵਾਏ ਜਾ ਸਕਣ। ਧਾਮੀ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨਾਲ ਸਬੰਧਤ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ ਨੂੰ ਡਿਜੀਟਲ ਕੀਤਾ ਜਾਵੇਗਾ। ਇਸ ਲਾਇਬ੍ਰੇਰੀ ਦੀ ਇਕ ਅਲੱਗ ਵੈਬਸਾਈਟ ਤਿਆਰ ਕੀਤੀ ਜਾਵੇਗੀ ਅਤੇ ਮਹੱਤਵਪੂਰਨ ਪੁਸਤਕਾਂ ਦੇ ਟਾਈਟਲ ਅਤੇ ਲੜੀਆਂ ਤਿਆਰ ਕਰਕੇ ਵੈਬਸਾਈਟ 'ਤੇ ਰੱਖੀ ਜਾਵੇਗੀ।

# ਪਹਿਲੀ ਮਹਿਲਾ ਅਧਿਆਪਕਾ ਸਵਿੱਤਰੀ ਬਾਈ ਫੂਲੇ ਨੂੰ ਸਮਰਪਿਤ ਨਵਜੋਤ ਸਾਹਿਤ ਸੰਸਥਾ ਵਲੋਂ ਸਮਾਗਮ ਕਰਵਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਅਧਿਆਪਕ ਦਿਵਸ ਮੌਕੇ ਨਵਜੋਤ ਸਾਹਿਤ ਸੰਸਥਾ (ਰਜਿ.) ਔੜ ਵਲੋਂ ਸਰਕਾਰੀ ਪ੍ਰਾਇਮਰੀ ਸਕੂਲ ਸੋਢੀਆਂ ਵਿਖੇ ਸਮਾਗਮ ਕੀਤਾ ਗਿਆ। ਇਹ ਸਮਾਗਮ ਦੇਸ਼ ਦੇ ਪਹਿਲੇ ਮਹਿਲਾ ਅਧਿਆਪਿਕਾ ਸਵਿੱਤਰੀ ਬਾਈ ਫੂਲੇ ਨੂੰ ਸਮਰਪਿਤ ਸੀ। ਸੰਸਥਾ ਵਲੋਂ ਇਸ ਸਮਾਗਮ ਦੌਰਾਨ ਮਹਿਲਾ ਰਿਸ਼ਤਿਆਂ ਦੇ ਛੇ ਅਧਿਆਪਕ ਜੋੜਿਆਂ ਨੂੰ ਸਨਮਾਨਿਤ ਕੀਤਾ ਗਿਆ।



ਇਹਨਾਂ ਵਿੱਚ ਮੈਡਮ ਦਲਬੀਰ ਕੌਰ, ਸਰਕਾਰੀ ਸੀਨੀਅਰ ਕੰਨਿਆਂ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਚੱਕ ਬਿਲਗਾ ਅਤੇ ਮੈਡਮ ਭਵਨੀਤ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੱਲੂਪੋਤਾ (ਮਾਂ-ਧੀ), ਮੈਡਮ ਬਖਸ਼ੀਸ਼ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਹਿਲ ਗਹਿਲਾਂ ਅਤੇ ਮੈਡਮ ਰਾਜਵਿੰਦਰ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸੂੰਢ ਮਕਸੂਦਪੁਰ (ਭੂਆ-ਭਤੀਜੀ), ਮੈਡਮ ਰਾਜ ਰਾਣੀ, ਸੇਵਾ ਮੁਕਤ ਸੈਂਟਰ ਹੈੱਡ ਟੀਚਰ ਮਹਿਰਪੁਰ ਅਤੇ ਸੰਤੋਸ਼ ਰਾਣੀ, ਸਰਕਾਰੀ ਪ੍ਰਾਇਮਰੀ ਸਕੂਲ ਮੰਡੇਰ (ਸੱਸ-ਨੂੰਹ), ਮੈਡਮ ਜਸਵਿੰਦਰ ਕੌਰ, ਬਾਬਾ ਗੋਲਾ ਸਰਕਾਰੀ ਕੰਨਿਆਂ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਬੰਗਾ ਅਤੇ ਮੈਡਮ ਦਵਿੰਦਰ ਕੌਰ ਜ਼ਿਲ੍ਹਾ ਸਪੋਰਟਸ ਕੋ-ਆਰਡੀਨੇਟਰ (ਭੈਣ- ਭੈਣ) ਦਾ ਸਨਮਾਨ ਕੀਤਾ ਗਿਆ।

ਇਵੇਂ ਮਨਪ੍ਰੀਤ ਕੌਰ, ਸਰਕਾਰੀ ਪ੍ਰਾਇਮਰੀ ਸਕੂਲ ਸੋਢੀਆਂ ਅਤੇ ਭੁਪਿੰਦਰ ਕੌਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿੰਦੀਪੁਰ (ਨਣਦ-ਭਰਜਾਈ), ਪਰਮਜੀਤ ਕੌਰ ਸਰਕਾਰੀ ਹਾਈ ਸਕੂਲ ਗੜ੍ਹਪਧਾਣਾ ਅਤੇ ਹਰਜਿੰਦਰਜੀਤ ਕੌਰ ਸਰਕਾਰੀ ਹਾਈ ਸਕੂਲ ਮੀਰਪੁਰ ਲੱਖਾ (ਦਰਾਣੀ-ਜਠਾਣੀ), ਰਿੰਮੀ ਭਾਰਦਵਾਜ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਨਵਾਂ ਸ਼ਹਿਰ ਅਤੇ ਸੁਸ਼ਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਹਲੋਂ (ਸਹੇਲੀ-ਸਹੇਲੀ) ਵੀ ਸ਼ਾਮਲ ਸਨ। ਸਨਮਾਨ ਵਿੱਚ ਪੁਸਤਕਾਂ, ਫੁੱਲ ਮਲਾਵਾਂ, ਪ੍ਰਮਾਣ ਪੱਤਰ ਅਤੇ ਯਾਦਗਾਰੀ ਚਿੰਨ੍ਹ ਪ੍ਰਦਾਨ ਕੀਤੇ ਗਏ। ਸੰਸਥਾ ਦੇ ਮੋਢੀ ਮੈਂਬਰ ਪਿਆਰਾ ਲਾਲ ਬੰਗੜ ਦੀਆਂ ਦੋ ਅਧਿਆਪਕ ਬੇਟੀਆਂ ਜਤਿੰਦਰ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਵਾਂ ਸ਼ਹਿਰ ਅਤੇ ਕਿਰਨ ਬੰਗੜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੌਲਤਪੁਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਰਸਮ ਨਿਭਾਉਣ ਸੰਯੋਗਤਾ ਰਾਣੀ ਕੈਨੇਡਾ ਮੁੱਖ ਮਹਿਮਾਨ ਵਜੋਂ ਪੁੱਜੇ। ਸੰਸਥਾ ਦੇ ਪ੍ਰਧਾਨ ਮੈਡਮ ਰਜਨੀ ਸ਼ਰਮਾ ਨੇ ਸਵਾਗਤੀ ਸ਼ਬਦ ਕਹੇ ਜਦੋਂ ਕਿ ਸੰਸਥਾ ਦੇ ਸੰਸਥਾਪਕ ਗੁਰਦਿਆਲ ਰੌਸ਼ਨ ਨੇ ਸੰਸਥਾ ਦੇ ਅਹੁਦੇਦਾਰਾਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ।

# ਅਧਿਆਪਕ ਦਿਵਸ ਮੌਕੇ ਰੁਜ਼ਗਾਰ ਮੰਗਦੇ ਬੇਰੁਜਗਾਰ ਅਧਿਆਪਕਾਂ ਤੇ ਕੀਤੇ ਲਾਠੀਚਾਰਜ ਦੀ ਡੀਟੀਐੱਫ ਵੱਲੋਂ ਸਖਤ ਨਿਖੇਧੀ

**ਸੰਗਰੂਰ, (ਦਲਜੀਤ ਕੌਰ)–**ਅਧਿਆਪਕ ਦਿਵਸ ਵਾਲੇ ਦਿਨ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਆਪਣੇ ਹੱਕੀ ਰੁਜ਼ਗਾਰ ਮੰਗਣ ਗਏ ਬੇਰੁਜ਼ਗਾਰ ਈ.ਟੀ.ਟੀ. ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਅਤੇ ਬੇਰੁਜ਼ਗਾਰ ਬੀ ਐੱਡ ਟੈੱਟ ਪਾਸ ਅਧਿਆਪਕਾਂ 'ਤੇ ਸੰਗਰੂਰ ਪੁਲਿਸ ਵੱਲੋਂ ਕੀਤੇ ਲਾਠੀਚਾਰਜ਼ ਦੀ ਡੈਮੋਕਰੈਟਿਕ ਟੀਚਰਜ਼ ਫਰੰਟ (ਪੰਜਾਬ) ਨੇ ਸਖਤ ਨਿਖੇਧੀ ਕੀਤੀ ਗਈ ਹੈ।




ਡੀਟੀਐੱਫ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ, ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ ਅਤੇ ਮੀਤ ਪ੍ਰਧਾਨ ਰਘਵੀਰ ਸਿੰਘ ਭਵਾਨੀਗੜ੍ਹ ਨੇ ਕਿਹਾ ਕਿ ਅਧਿਆਪਕ ਦਿਵਸ ਵਾਲੇ ਦਿਨ ਤੇ ਸਰਕਾਰੀ ਸਕੂਲਾਂ ਵਿਚ ਖਾਲੀ ਹਜ਼ਾਰਾਂ ਅਸਾਮੀਆਂ 'ਤੇ ਭਰਤੀ ਦੀ ਮੰਗ ਕਰ ਰਹੇ ਬੇਰੁਜ਼ਗਾਰ ਅਧਿਆਪਕਾਂ 'ਤੇ ਪੰਜਾਬ ਸਰਕਾਰ ਦੀ ਸ਼ਹਿ 'ਤੇ ਸੰਗਰੂਰ ਪੁਲਿਸ ਵੱਲੋਂ ਲਾਠੀਚਾਰਜ ਕੀਤਾ ਗਿਆ ਅਤੇ ਅਧਿਆਪਕਾਂ ਨਾਲ ਬਦਸਲੂਕੀ ਕੀਤੀ ਗਈ। ਉਨ੍ਹਾਂ ਕਿਹਾ ਕਿ ਉਹ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੁਲਿਸ ਨੂੰ ਦਿੱਤੀ ਖੁੱਲ੍ਹੀ ਛੋਟ ਤਹਿਤ, ਲੋਕਾਂ ਦੇ ਬੁਨਿਆਦੀ ਮਸਲੇ ਹੱਲ ਕਰਨ ਦੀ ਥਾਂ ਗ਼ੈਰ ਜਮਹੂਰੀ ਅਤੇ ਤਾਨਾਸ਼ਾਹੀ ਵਤੀਰਾ ਅਪਨਾਉਣ ਦਾ ਸਖ਼ਤ ਵਿਰੋਧ ਕਰਦੇ ਹਾਂ।

ਡੀਟੀਐੱਫ ਆਗੂਆਂ ਰਾਜੀਵ ਬਰਨਾਲਾ, ਗੁਰਪਿਆਰ ਕੋਟਲੀ, ਬੇਅੰਤ ਫੂਲੇਵਾਲਾ, ਜਗਪਾਲ ਬੰਗੀ, ਰਘਵੀਰ ਭਵਾਨੀਗੜ੍ਹ, ਜਸਵਿੰਦਰ ਔਜਲਾ, ਹਰਜਿੰਦਰ ਸਿੰਘ ਵਡਾਲਾ ਬਾਂਗਰ, ਦਲਜੀਤ ਸਫੀਪੁਰ, ਕੁਲਵਿੰਦਰ ਜੋਸ਼ਨ, ਪਵਨ ਕੁਮਾਰ ਮੁਕਤਸਰ, ਮਹਿੰਦਰ ਕੌੜਿਆਂਵਾਲੀ, ਤੇਜਿੰਦਰ ਸਿੰਘ, ਰੁਪਿੰਦਰ ਗਿੱਲ ਅਤੇ ਸੁਖਦੇਵ ਡਾਨਸੀਵਾਲ ਨੇ ਨਿੱਜੀਕਰਨ ਦੀ ਨੀਤੀ ਤਹਿਤ ਅਸਾਮੀਆਂ ਦੀ ਛਾਂਟੀ ਕਰਨ ਦੀ ਥਾਂ ਅਧਿਆਪਕਾਂ ਦੀਆਂ ਖਾਲੀ ਸਾਰੀਆਂ ਹਜ਼ਾਰਾਂ ਅਸਾਮੀਆਂ ਲਈ ਇਕ ਹੀ ਇਸ਼ਤਿਹਾਰ ਫੌਰੀ ਜਾਰੀ ਕਰਦਿਆਂ, ਨਿਯੁਕਤੀ ਪ੍ਰਕਿਰਿਆ ਜੰਗੀ ਪੱਧਰ 'ਤੇ ਪੂਰੀ ਕਰਨ ਅਤੇ ਲੰਬੇ ਸਮੇਂ ਤੋਂ ਅਸਾਮੀਆਂ ਦਾ ਇੰਤਜ਼ਾਰ ਕਰ ਰਹੇ ਓਵਰੇਜ ਅਧਿਆਪਕਾਂ ਲਈ ਉੱਪਰਲੀ ਉਮਰ ਹੱਦ ਤਰਕਸੰਗਤ ਵਧਾਉਣ ਦੀ ਮੰਗ ਕੀਤੀ। ਉਨ੍ਹਾਂ ਮੰਗ ਕੀਤੀ ਕਿ ਬੇਰੁਜ਼ਗਾਰ ਅਧਿਆਪਕਾਂ ਲਈ ਚੱਲ ਰਹੀਆਂ ਭਰਤੀ ਪ੍ਰਕਿਰਿਆਵਾਂ ਨੂੰ ਤੁਰੰਤ ਪੂਰਾ ਕੀਤਾ ਜਾਵੇ, ਸਰਕਾਰੀ ਸਕੂਲਾਂ ਵਿੱਚ ਪੂਰੇ ਤਨਖਾਹ ਸਕੇਲਾਂ 'ਤੇ ਘੱਟੋ ਘੱਟ 15,000 ਅਧਿਆਪਕਾਂ ਦੀ ਭਰਤੀ ਦਾ ਇਸ਼ਤਿਹਾਰ ਜਾਰੀ ਕੀਤਾ ਜਾਵੇ ਅਤੇ ਉਮਰ ਹੱਦ 37 ਤੋਂ ਵਧਾ ਕੇ 42 ਸਾਲ ਕੀਤੀ ਜਾਵੇ।

## ਸਵਿਤਰੀ ਬਾਈ ਫੂਲੇ ਜੀ ਦਾ ਤਪ



ਚਾਨਣ ਬਣ ਅਧਿਆਪਕ ਦਿਵਸ
ਹੈ ਜੀ ਆ ਗਿਆ।

ਹਰੇਕ ਨੂੰ ਆਪਣਾ ਅਧਿਆਪਕ ਹੈ
ਯਾਦ ਆ ਗਿਆ।

ਸਵਿਤਰੀ ਬਾਈ ਫੂਲੇ ਜੀ ਦਾ ਕੀਤਾ
ਤਪ ਯਾਦ ਆ ਗਿਆ।

ਜੋ ਤਪ ਸਵਿਤਰੀ ਬਾਈ ਫੂਲੇ ਜੀ ਨੂੰ
ਅਧਿਆਪਕ ਸੀ ਬਣਾ ਗਿਆ।

ਜੋ ਤਪ ਤਸੀਹਿਆਂ ਨੂੰ ਵੀ ਵਾਂਗਰਾਂ
ਫੁੱਲਾਂ ਦੇ ਬਣਾ ਗਿਆ।

ਜੋ ਤਪ ਵਿੱਦਿਆ ਰੂਪੀ ਚਾਨਣ ਬਣ
ਔਰਤ ਨੂੰ ਜਗ੍ਹਾ ਗਿਆ।

ਜੋ ਤਪ ਮਰਦ ਔਰਤ ਵਿੱਚਲੇ ਵਿੱਤਕਰੇ
ਜੜ੍ਹਾਂ ਤੋਂ ਹੀ ਮਿਟਾ ਗਿਆ।

ਜੋ ਤਪ ਔਰਤ ਵਰਗ ਦਾ ਇਸ ਸਮਾਜ
ਵਿਚ ਮਾਣ ਵਧਾ ਗਿਆ।
ਜੋ ਤਪ ਔਰਤਾਂ ਦੇ ਹੱਕਾਂ ਲਈ ਮਸੀਹੇ ਦਾ
ਰੂਪ ਧਾਰ ਸੀ ਆ ਗਿਆ।
ਸਵਿਤਰੀ ਬਾਈ ਫੂਲੇ ਦਾ ਤਪ ਅਧਿਆਪਕ
ਦਿਵਸ ਕਹਿਲਾ ਗਿਆ।

**– ਮਹਿੰਦਰ ਸੂਦ (ਵਿਰਕ) ਜਲੰਧਰ**
**91-98766-66381**

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਮਲਿਕਪੁਰ ਚੋਕ ਤੋਂ ਇੱਟੀ ਰੋਡ ਚੌਂਕ ਤੱਕ ਲਿੰਕ ਸੜਕ ਦੇ ਮੁੜ ਨਿਰਮਾਣ ਕਾਰਜ ਦਾ ਰੱਖਿਆ ਨੀਹ ਪੱਥਰ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)–** ਪੰਜਾਬ ਸਰਕਾਰ ਵੱਲੋਂ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਿੱਚ ਪੂਰੇ ਪੰਜਾਬ ਅੰਦਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਇਸ ਦੇ ਚਲਦਿਆਂ ਜਿਲ੍ਹਾ ਪਠਾਨਕੋਟ ਵਿਸੇਸ ਤੋਰ ਤੇ ਵਿਧਾਨ ਸਭਾ ਹਲਕਾ ਭੋਆ ਦੇ ਲਈ ਬਹੁਤ ਸਾਰੀਆਂ ਸੋਗਾਤਾਂ ਵੰਡੀਆਂ ਜਾ ਰਹੀਆਂ ਹਨ ਅੱਜ ਜਨ ਭਲਾਈ ਨੂੰ ਧਿਆਨ ਵਿੱਚ ਰੱਖਦਿਆਂ ਮਲਿਕਪੁਰ ਵਿਖੇ ਕਰੀਬ 74 ਲੱਖ ਰੁਪਏ ਦੀ ਲਾਗਤ ਨਾਲ ਮਲਿਕਪੁਰ ਚੋਕ ਤੋਂ ਇੱਟੀ ਰੋਡ ਚੌਂਕ ਤੱਕ ਰਿਪੇਅਰ ਵਰਕ ਸੁਰੂ ਕੀਤੇ ਗਏ ਹਨ ਅਤੇ ਜਲਦੀ ਹੀ ਸੜਕਾਂ ਦਾ ਮੁੜ ਨਿਰਮਾਣ ਕਰਕੇ ਲੋਕਾਂ ਨੂੰ ਸਮਰਪਿਤ ਕੀਤੀਆਂ ਜਾਣਗੀਆਂ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਮਲਿਕਪੁਰ ਵਿਖੇ ਸੜਕ ਦੇ ਕਾਰਜਾਂ ਦਾ ਨੀਹ ਪੱਥਰ ਰੱਖਦਿਆਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਨਰੇਸ ਸੈਣੀ ਪ੍ਰਧਾਨ ਬੀ.ਸੀ. ਵਿੰਗ, ਬਲਾਕ ਪ੍ਰਧਾਨ ਕੁਲਦੀਪ ਸਿੰਘ, ਸਰਨਾ ਸਾਬਕਾ ਕੌਂਸਲਰ ਸੋਹਣ ਲਾਲ, ਵਾਰਡ ਇੰਚਾਰਜ ਕੈਲਾਸਪਤੀ, ਬਲਵਿੰਦਰ ਕੌਰ ਵੂਮੈਨ ਹਲਕਾ ਕੋਆਰਡੀਨੇਟਰ, ਸਿਮਰਨਜੀਤ ਸੰਦੀਪ ਕੁਮਾਰ, ਤਕਦੀਰ ਸਿੰਘ, ਅਮਿਤ ਕੁਮਾਰ, ਯੁਵਾ ਨੇਤਾ ਹੈਰੀ ਉਰਫ ਨੰਦੀ, ਸੁਖਵਿੰਦਰ ਸਿੰਘ ਐਕਸੀਅਨ ਮੰਡੀ ਬੋਰਡ ਪਠਾਨਕੋਟ, ਡੀ.ਜੀ. ਸਿੰਘ ਡਿਪਟੀ ਡੀ.ਈ.ਓ. ਪ੍ਰਾਇਮਰੀ , ਪੰਕਜ ਕੁਮਾਰ ਐਸ.ਡੀ.ਓ. ਕਾਰਪੋਰੇਸਨ, ਰਾਕੇਸ ਕੁਮਾਰ ਐਸ.ਡੀ.ਓ., ਮਿਲਣ ਦੂਬੇ ਜੇ.ਈ., ਸਿਮਰਨਜੀਤ ਸਿੰਘ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜ਼ਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਮੰਤਰੀ ਪੰਜਾਬ ਨੇ ਦੱਸਿਆ ਕਿ ਅੱਜ ਮਲਿਕਪੁਰ ਤੋਂ ਇੱਟੀ ਅਤੇ ਇੱਕ ਪਿੰਡ ਦੀ ਫਿਰਨੀ ਦੀ ਰਿਪੇਅਰ ਕਰਨ ਲਈ ਮੁੜ ਨਿਰਮਾਣ ਕਾਰਜਾਂ ਦਾ ਸੁਭਅਰੰਭ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਆਉਣ ਵਾਲੇ ਦਿਨ੍ਹਾਂ ਦੋਰਾਨ ਚਾਰ ਹੋਰ ਲਿੰਕ ਸੜਕਾਂ ਦਾ ਵੀ ਮੁੜ ਨਿਰਮਾਣ ਕਰਨ ਲਈ ਜਲਦੀ ਹੀ ਕਾਰਜ ਸੁਰੂ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜਨਤਾ ਦੀ ਭਲਾਈ ਲਈ ਲਗਾਤਾਰ ਵਿਕਾਸ ਕਾਰਜ ਕੀਤੇ ਜਾ ਰਹੇ ਹਨ। ਸਰਕਾਰ ਵੱਲੋਂ ਜੋ ਜਨਤਾ ਨਾਲ ਵਾਅਦੇ ਕੀਤੇ ਗਏ ਸੀ ਉਨ੍ਹਾਂ ਵਾਅਦਿਆਂ ਨੂੰ ਵੀ ਪੂਰਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤਾਂ ਜੋ ਲੋਕ ਜਨ ਭਲਾਈ ਕਾਰਜਾਂ ਦਾ ਲਾਭ ਲੈ ਸਕਣ।



# ਸਿਵਲ ਹਸਪਤਾਲ ਬਚਾਓ ਸੰਘਰਸ਼ ਕਮੇਟੀ ਦੀ 50 ਦਿਨ 50 ਪਿੰਡ 50 ਮੀਟਿੰਗਾਂ ਪ੍ਰੋਗਰਾਮ ਤਹਿਤ ਦਾਰਾਪੁਰ ਵਿੱਚ ਮੀਟਿੰਗ



**ਫਿਲੌਰ, ਅੱਪਰਾ (ਜੱਸੀ)–**ਅੱਜ ਸਿਵਲ ਹਸਪਤਾਲ ਬਚਾਉ ਸੰਘਰਸ਼ ਕਮੇਟੀ ਦੀ 50 ਦਿਨ 50 ਪਿੰਡ 50 ਮੀਟਿੰਗਾਂ ਪ੍ਰੋਗਰਾਮ ਤਹਿਤ ਬਹੁਤ ਭਰਵੀ ਮੀਟਿੰਗ ਪਿੰਡ ਦਾਰਾਪੁਰ ਵਿਖੇ ਹੋਈ। ਜਿਸ ਦੀ ਅਗਵਾਈ ਨੌਜਵਾਨ ਆਗੂ ਤਰਜਿੰਦਰ ਕੁਮਾਰ , ਮਨਜੀਤ ਕੁਮਾਰ ਨੇ ਕੀਤੀ । ਮੀਟਿੰਗ ਵਿੱਚ ਸੰਘਰਸ਼ ਕਮੇਟੀ ਦੇ ਆਗੂ ਜਰਨੈਲ ਫਿਲੌਰ, ਪਰਸ਼ੋਤਮ ਫਿਲੌਰ, ਜਸਵੰਤ ਬੋਧ, ਸਰਬਜੀਤ ਭੱਟੀਆਂ, ਮਾ ਹੰਸ ਰਾਜ, ਗੁਰਦੀਪ ਗੋਗੀ ਸ਼ਾਮਿਲ ਹੋਏ। ਆਗੂਆ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡਾ ਦੇਸ਼ ਗੁਰੂਆਂ ਪੀਰਾ ਰਹਿਬਰਾਂ ਦੀ ਧਰਤੀ ਹੈ। ਸਭ ਨੇ ਆਪਣੇ ਤਰੀਕੇ ਨਾਲ ਸਮਾਜ ਵਿੱਚ ਧਰਤੀ ਦੇ ਵਾਸ਼ਿੰਦਿਆਂ ਦਾ ਜੀਵਨ ਪੱਧਰ ਉਪਰ ਚੁਕਣ ਲਈ ਸ਼ੰਘਰਸ਼ ਕੀਤਾ। ਸਾਡੇ ਗਰੀਬ ਲੋਕਾਂ ਇਹਨਾ ਸਿਹਤ ਸਹੂਲਤਾਂ ਨੂੰ ਸਭ ਤੋ ਵੱਧ ਲੋੜ ਹੈ । ਉਹਨਾ ਕਿਹਾ ਕਿ ਅਜਾਦੀ ਦੇ 76 ਸਾਲਾ ਬਾਅਦ ਵੀ ਅੱਜ ਸਿਹਤ ਸਹੂਲਤਾਂ ਦੇਣ ਤੋ ਸਰਕਾਰ ਫੇਲ ਰਹੀ ਹੈ । ਉਹਨਾ ਕਿਹਾ ਸਾਨੂੰ ਸਾਡੇ ਮਹਾਨ ਵਿਰਸੇ ਤੋ ਸੇਧ ਲੈ ਕੇ ਇਸ ਸੰਘਰਸ਼ ਨੂੰ ਜਿੱਤ ਤੱਕ ਲੈ ਕੇ ਜਾਵਾਂਗੇ। ਉਹਨਾਂ ਨੇ ਲੜਾਈ ਵਿੱਚ ਵੱਧ ਤੋ ਵੱਧ ਯੋਗਦਾਨ ਦੇਣ ਲਈ ਪਿੰਡ ਵਾਸੀਆਂ ਨੂੰ ਬੇਨਤੀਆਂ ਵੀ ਕੀਤੀਆਂ ।ਉਪਰੰਤ ਕਮੇਟੀ ਦਾ ਗਠਨ ਕੀਤਾ ਗਿਆ। ਜਿਸ ਵਿੱਚ 23 ਮੈਂਬਰ ਚੁਣੇ ਗਏ ਜਿਹਨਾ ਵਿੱਚ ਰਮਨ ਕੁਮਾਰ, ਤਰਜਿੰਦਰ, ਜਰਨੈਲ ਰਾਮ, ਮਨਜੀਤ ਰਾਮ, ਦੀਪਕ ਕੁਮਾਰ, ਮਦਨ ਲਾਲ, ਬਲਜੀਤ ਰਾਮ, ਪਰਮਜੀਤ, ਕ੍ਰਿਸ਼ਨ ਗੋਪਾਲ, ਦੇਸ ਰਾਜ, ਬਿਮਲਾ ਦੇਵੀ, ਬਲਜੀਤ ਕੌਰ, ਲਸ਼ਮੀ ਦੇਵੀ, ਕੁਲਵਿੰਦਰ ਕੌਰ, ਜਗੀਰ ਕੌਰ, ਬਲਜਿੰਦਰ ਕੌਰ, ਸਤਵੰਤ ਕੌਰ, ਜਨਕੀ ਦੇਵੀ, ਮਨਜੀਤ ਕੌਰ, ਸੁਰਜੀਤ ਕੌਰ, ਬਖਸ਼ੋ, ਬਲਵਿੰਦਰ ਕੌਰ, ਗੁਰਮੀਤ ਕੌਰ, ਮੇਜਰ ਕੌਰ, ਬਬਲੀ ਚੁਣੇ ਗਏ। ਆਖੀਰ ਵਿੱਚ ਬਲਜੀਤ ਰਾਮ ਨੇ ਸਾਰਿਆ ਦਾ ਧੰਨਵਾਦ ਕੀਤਾ ਅਤੇ ਪਿੰਡ ਵਾਲਿਆਂ ਨੇ ਇਸ ਅੰਦੋਲਨ ਵਿੱਚ ਸਾਥ ਦੇਣ ਦਾ ਭਰੋਸਾ ਦਵਾਇਆ ਉਹਨਾ ਕਿਹਾ ਕਿ 2 ਅਕਤੂਬਰ ਦੀ ਤਹਿਸੀਲ ਪੱਧਰੀ ਰੈਲੀ ਵਿੱਚ ਦਾਰਾਪੁਰ ਵਾਸੀ ਇਕ ਵੱਡੀ ਗੱਡੀ ਲੈ ਕੇ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਣਗੇ। ਔਰਤਾਂ ਨੇ ਵਿਸ਼ੇਸ਼ ਤੌਰ ਤੇ ਇਸ ਅੰਦੋਲਨ ਵਿੱਚ ਵੱਡੇ ਪੱਧਰ ਤੇ ਸ਼ਮੂਲੀਅਤ ਕਰਨ ਦਾ ਭਰੋਸਾ ਦਵਾਇਆ।

ਵਿਅੰਗ/ ਤਰਲੋਚਨ ਸਿੰਘ ਦੁਪਾਲ ਪੁਰ

# ਸੁਖਬੀਰ ਬਾਦਲ ਨੇ ਕੁੰਡਾ ਖੜਕਾਇਆ ਐ?

ਮੋਦੀ ਸਰਕਾਰ ਨੇ 'ਇੱਕ ਦੇਸ਼ ਇੱਕੋ ਵੇਲੇ ਚੋਣ' ਬਾਰੇ ਵਿਚਾਰ ਕਰਨ ਲਈ ਹਾਲੇ ਇੱਕ ਕਮੇਟੀ ਹੀ ਬਣਾਈ ਹੈ। ਉਸ ਕਮੇਟੀ 'ਚੋਂ ਵੀ ਇੱਕ ਕਾਂਗਰਸੀ ਮੈਂਬਰ ਨੇ ਆਪਣਾ ਨਾਂ ਵਾਪਸ ਲੈ ਲਿਆ ਹੈ। ਮਤਲਬ ਕਿ ਕਮੇਟੀ ਦਾ ਸਰੂਪ ਹਾਲੇ ਲਟਕਦਾ ਹੀ ਹੈ! ਨਾ ਉਸ ਕਮੇਟੀ ਨੇ ਕੋਈ ਮੀਟਿੰਗ ਕੀਤੀ ਹੈ ਤੇ ਨਾ ਹੀ ਕਿਸੇ ਕੋਲੋਂ ਸਹਿਮਤੀ ਜਾਂ ਅਸਹਿਮਤੀ ਬਾਰੇ ਕੋਈ ਰਾਇ ਹੀ ਮੰਗੀ ਹੈ ਪਰ ਬਾਦਲ ਦਲ ਦੇ ਮਾਲਕ ਸੁਖਬੀਰ ਬਾਦਲ ਨੇ ਆਪ ਮੁਹਾਰੇ 'ਬਿਨਾਂ ਸ਼ਰਤ ਹਮਾਇਤ' ਦਿੰਦਿਆਂ ਕਹਿ ਦਿੱਤਾ ਕਿ ਅਸੀਂ 'ਇੱਕ ਦੇਸ਼ ਇੱਕ ਇਲੈਕਸ਼ਨ' ਦਾ ਸਮਰਥਨ ਕਰਦੇ ਹਾਂ! 'ਉਬਲਦਾ ਉਬਲਦਾ ਚੱਟਣ' ਵਰਗੀ ਇਸ ਹੋਛੀ ਹਮਾਇਤ ਪਿਛਲੇ ਕਾਰਨਾਂ ਦੀ ਵਿਆਖਿਆ ਵਜੋਂ ਸਾਡੀ ਇੱਕ ਘਰੇਲੂ ਵਾਰਤਾ ਸੁਣ ਲਉ !

ਪੁਰਾਣੀ ਗੱਲ ਹੈ ਜਦ ਸਾਡੇ ਘਰ ਵੀ ਕੱਚੇ ਹੁੰਦੇ ਸੀ ਤੇ ਮੇਰੇ ਤਿੰਨੋਂ ਨਿਆਣੇ ਵੀ ਛੋਟੇ ਛੋਟੇ ਸਨ। ਮੇਰੀ ਪਤਨੀ ਖੀਰ ਬਣਾਉਣ ਲੱਗੀ। ਬੜੇ ਹੀ ਸ਼ਰਾਰਤੀ ਸੁਭਾਅ ਦਾ ਅਤੇ ਮਿੱਠਾ ਖਾਣ ਦਾ ਬੇਹੱਦ ਸ਼ੌਕੀਨ ਸਾਡਾ ਵੱਡਾ ਕਾਕਾ ਕਹੇ ਕਿ ਮੇਰੀ ਕੌਲੀ ਵਿੱਚ ਹੁਣੇ ਈ ਖੀਰ ਪਾਉ। ਜਦ ਉਹ ਜ਼ਿਦ ਕਰਨੋਂ ਹਟਿਆ ਨਾ ਤਾਂ ਮੈਂ ਉਹਨੂੰ ਥੋੜ੍ਹਾ ਘੂਰ ਦਿੱਤਾ।ਲਾਡਲਾ ਹੋਣ ਕਰਕੇ ਉਹ ਝਿੜਕ ਨਾ ਬਰਦਾਸ਼ਤ ਕਰਦਾ ਹੋਇਆ ਦਰਵਾਜੇ ਉਹਲੇ ਲੁਕ ਕੇ ਖੜ੍ਹ ਗਿਆ।

ਖੀਰ ਬਣੀ ਤੋਂ ਅਸੀਂ ਆਪਣੇ ਮਾਂ ਬਾਪ ਸਮੇਤ ਛੰਨੇ ਥਾਲੀਆਂ ਵਿੱਚ ਖੀਰ ਪਾ ਕੇ ਹਾਲੇ ਖਾਣ ਹੀ ਲੱਗੇ ਸਾਂ ਕਿ ਦਰਵਾਜੇ ਦਾ ਕੁੰਡਾ ਖੜਕਿਆ! ਨਾਲੇ ਦਰਵਾਜੇ ਪਿੱਛਿਉਂ ਤੋਤਲੀ ਅਵਾਜ਼ ਆਈ– 'ਓ ਮੈਂ ਐਂਧਰ ਨੁੰਛਿਉ (ਰੁੱਸਿਆ) ਖਲ੍ਹਾ ਐਂ!'

ਅਸੀਂ ਬੜੇ ਹੱਸੇ ਤੇ ਘਰ ਵਾਲੀ ਉਹਨੂੰ ਰੁੱਸੇ ਹੋਏ ਨੂੰ ਲਾਡ ਲਡਾਉਂਦੀ ਚੁੱਕ ਕੇ ਲੈ ਆਈ ਤੇ ਨਾਲੇ ਉਹਨੂੰ ਵੀ ਬਾਟੀ ਵਿੱਚ ਖੀਰ ਪਾ ਦਿੱਤੀ!

ਬਾ–ਐਨੂੰ ਇਸੇ ਤਰਾਂ ਦੇਸ ਦੇ ਸਿਆਸੀ ਪਿੜ ਵਿੱਚ ਇਸ ਵੇਲੇ 'ਐਨ.ਡੀ.ਏ' ਅਤੇ 'ਇੰਡੀਆ' ਨਾਵਾਂ ਵਾਲੇ ਦੋ ਧੜੇ ਬਣ ਗਏ ਹਨ ਚੌਵੀ ਵਿੱਚ 'ਸਿਆਸੀ ਖੀਰ' ਛਕਣ ਵਾਸਤੇ! 'ਨਾ ਤਿੰਨਾਂ 'ਚੋਂ ਨਾ ਤੇਰ੍ਹਾਂ 'ਚੋਂ' ਵਾਲੇ ਮੁਹਾਵਰੇ ਮੁਤਾਬਕ ਸੁਖਬੀਰ ਦਾ ਬਾਦਲ ਦਲ, ਫਿਲਹਾਲ ਨਾ ਛੱਬੀਆਂ ਵਿੱਚ ਹੈ ਨਾ ਅਠਾਈਆਂ ਵਿੱਚ! ਉਹ ਮਜ਼ਬੂਰੀ ਵੱਸ ਹਾਥੀ ਦੀ ਪੂਛ ਫੜੀ ਬੈਠਾ ਹੈ! ਅਜਿਹੀ ਹਾਲਤ ਵਿੱਚ ਉਸਨੇ ਸਾਡੇ ਰੁੱਸੇ ਹੋਏ ਕਾਕੇ ਵਾਂਗ ਭਾਜਪਾ ਨੂੰ 'ਕੁੰਡਾ ਖੜਕਾ ਕੇ' ਕੇ ਸੁਣਾਇਆ ਹੈ ਕਿ ਮੇਰੇ ਮਾਲਕੋ, ਦਾਸ ਦਾ ਵੀ ਖਿਆਲ ਕਰੋ ? ਮੇਰੇ ਖਾਲੀ ਪਏ ਛੰਨੇ ਵਿੱਚ ਵੀ ਖੀਰ ਦਾ ਭੋਰਾ ਪੈ ਜਾਣ ਦਾ ਇੰਤਜ਼ਾਮ।

# ਐਸ ਐਸ ਪੀ ਪਠਾਨਕੋਟ ਵੱਲੋਂ ਨਸ਼ਿਆਂ ਨਾਲ ਨਜਿੱਠਣ ਲਈ 'ਯੂ ਸ਼ੇਅਰ-ਵੀ ਕੇਅਰ' ਮੁਹਿੰਮ ਦੀ ਕੀਤੀ ਸ਼ੁਰੂਆਤ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਨਸ਼ਿਆਂ ਦੀ ਵੱਧ ਰਹੀ ਅਲਾਮਤ ਨਾਲ ਨਜਿੱਠਣ ਲਈ ਦ੍ਰਿੜ ਯਤਨਾਂ ਤਹਿਤ ਸੀਨੀਅਰ ਪੁਲਿਸ ਕਪਤਾਨ ਪਠਾਨਕੋਟ ਹਰਕਮਲਪ੍ਰੀਤ ਸਿੰਘ ਖੱਖ ਨੇ 'ਯੂ ਸ਼ੇਅਰ-ਵੀ ਕੇਅਰ' ਮੁਹਿੰਮ ਦੀ ਸ਼ੁਰੂਆਤ ਕਰਕੇ ਇੱਕ ਮੁੱਖ ਕਦਮ ਚੁੱਕਦਿਆਂ ਇਹਨਾਂ ਸਮਰਪਿਤ ਹੈਲਪਲਾਈਨ ਨੰਬਰਾਂ ਰਾਹੀਂ ਲੋਕਾਂ ਨੂੰ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ ਹੈ।



ਇੱਕ ਪ੍ਰੈਸ ਬ੍ਰੀਫਿੰਗ ਦੌਰਾਨ ਹੋਰ ਜਾਣਕਾਰੀ ਸਾਂਝੀ ਕਰਦੇ ਹੋਏ, ਐਸਐਸਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਜ਼ਿਲ੍ਹਾ ਪਠਾਨਕੋਟ ਨੂੰ ਨਸ਼ਿਆਂ ਦੀ ਅਲਾਮਤ ਤੋਂ ਮੁਕਤ ਕਰਨ ਲਈ ਨਿਰੰਤਰ ਯਤਨਾਂ ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸਾਰੇ ਸਟੇਸ਼ਨ ਹਾਉਸ ਅਫਸਰਾਂ (ਐਸਐਚਓਜ਼) ਅਤੇ ਸਰਕਾਰੀ ਅਧਿਕਾਰੀਆਂ (ਜੀਓਜ਼) ਦੀ ਸਰਗਰਮ ਸ਼ਮੂਲੀਅਤ ਤੇ ਜ਼ੋਰ ਦਿੰਦੇ ਹੁੰਦੇ ਕਿਹਾ ਕਿ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਪੁੱਟਣ ਲਈ ਸਾਰੇ ਅਫ਼ਸਰ ਕਮਿਊਨਿਟੀ ਨਾਲ ਅਣਥੱਕ ਜੁੜੇ ਹੋਏ ਹਨ।

ਇਹਨਾਂ ਆਪਸੀ ਤਾਲਮੇਲਾਂ ਦੀ ਪ੍ਰਭਾਵਸ਼ੀਲਤਾ ਨੂੰ ਵਧਾਉਣ ਲਈ, ਜ਼ਿਲ੍ਹਾ ਪਠਾਨਕੋਟ ਦੇ ਅੰਦਰ ਤਿੰਨੋਂ ਸਬ-ਡਿਵੀਜ਼ਨਾਂ ਵਿੱਚ ਹਰੇਕ ਜੀਓਜ਼ ਅਤੇ ਐਸਐਚਓਜ਼ ਦੇ ਸਮਰਪਿਤ ਸੰਪਰਕ ਨੰਬਰ ਉਪਲਬਧ ਕਰਵਾਏ ਗਏ ਹਨ। ਇਸ ਤੋਂ ਇਲਾਵਾ, ਤਿੰਨ ਸੁਪਰਡੈਂਟ ਆਫ਼ ਪੁਲਿਸ ਰੈਂਕ ਦੇ ਅਧਿਕਾਰੀ ਪ੍ਰਕਿਰਿਆ ਦੀ ਨੇੜਿਓਂ ਨਿਗਰਾਨੀ ਕਰ ਰਹੇ ਹਨ, ਅਤੇ ਨਸ਼ਿਆਂ ਨਾਲ ਸਬੰਧਤ ਮੁੱਦਿਆਂ ਦੀ ਰਿਪੋਰਟ ਕਰਨ ਲਈ ਉਨ੍ਹਾਂ ਦੇ ਸੰਪਰਕ ਨੰਬਰ ਵੀ ਲੋਕਾਂ ਤੱਕ ਪਹੁੰਚਾਏ ਗਏ ਹਨ।

ਐਸਐਸਪੀ ਖੱਖ ਨੇ ਵਿਅਕਤੀਆਂ ਨੂੰ ਨਸ਼ਿਆਂ ਦੀ ਤਸਕਰੀ ਸਬੰਧੀ ਕੋਈ ਵੀ ਜਾਣਕਾਰੀ ਹੈਲਪਲਾਈਨ ਨੰਬਰਾਂ ਰਾਹੀਂ ਸਾਂਝੀ ਕਰਨ ਲਈ ਪ੍ਰੇਰਿਤ ਕੀਤਾ। ਉਹਨਾ ਜ਼ੋਰ ਦੇ ਕੇ ਕਿਹਾ ਕਿ ਡਰੱਗ ਸਪਲਾਈ ਨੈਟਵਰਕ ਬਾਰੇ ਜਾਣਕਾਰੀ ਰੱਖਣ ਵਾਲਾ ਕੋਈ ਵੀ ਵਿਅਕਤੀ ਤੁਰੰਤ ਕਾਰਵਾਈ ਲਈ ਇਸ ਪਲੇਟਫਾਰਮ ਦੀ ਵਰਤੋਂ ਕਰ ਸਕਦਾ ਹੈ। ਐਸਐਸਪੀ ਨੇ ਭਰੋਸਾ ਦਿਵਾਇਆ ਕਿ ਸੂਚਨਾ ਦੇਣ ਵਾਲਿਆਂ ਦੀ ਪਛਾਣ ਗੁਪਤ ਰੱਖੀ ਜਾਵੇਗੀ, ਅਤੇ ਰਿਪੋਰਟ ਕੀਤੀਆਂ ਗਈਆਂ ਘਟ-ਨਾਵਾਂ ਦੇ ਤੁਰੰਤ ਜਵਾਬ ਨੂੰ ਯਕੀਨੀ ਬਣਾਉਣ ਲਈ ਹੈਲਪਲਾਈਨ 24 ਘੰਟੇ ਕੰਮ ਕਰੇਗੀ।

ਭਾਈਚਾਰੇ ਤੋਂ ਸਹਿਯੋਗ ਦੀ ਅਪੀਲ ਕਰਦਿਆਂ ਐਸਐਸਪੀ ਹਰਕਮਲਪ੍ਰੀਤ ਸਿੰਘ ਖੱਖ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਹੈਲਪਲਾਈਨ ਦਾ ਮੁੱਢਲਾ ਉਦੇਸ਼ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਖ਼ਤਮ ਕਰਨਾ ਹੈ। ਉਨ੍ਹਾਂ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਅਤੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਆਮ ਲੋਕਾਂ ਦੇ ਸਰਗਰਮ ਸਹਿਯੋਗ ਨਾਲ ਇਸ ਟੀਚੇ ਨੂੰ ਜਲਦੀ ਪ੍ਰਾਪਤ ਕਰਨ ਲਈ ਅਣਥੱਕ ਮਿਹਨਤ ਕਰੇਗਾ।

# ਪੰਜਾਬੀ ਕਵੀ ਸੇਵੀ ਰਾਇਤ ਦਾ ਦੇਹਾਂਤ

**ਚੰਡੀਗੜ੍ਹ, (ਅਵਤਾਰ ਸਿੰਘ ਭੰਵਰਾ)–** ਸਾਹਿਤ ਵਿਗਿਆਨ ਕੇਂਦਰ ਦੇ ਪ੍ਰਧਾਨ ਅਤੇ ਪ੍ਰਸਿੱਧ ਪੰਜਾਬੀ ਕਵੀ ਸੇਵੀ ਰਿਆਤ (ਸੇਵਾ ਸਿੰਘ) ਦਾ ਸੋਮਵਾਰ ਨੂੰ ਬਿਮਾਰੀ ਕਾਰਨ ਦੇਹਾਂਤ ਹੋ ਗਿਆ। ਉਹ 83 ਸਾਲ ਦੇ ਸਨ। ਉਹ ਆਪਣੇ ਪਿੱਛੇ ਪਤਨੀ ਅਤੇ ਦੋ ਪੁੱਤਰ ਆਦਰਸ਼ਪਾਲ ਸਿੰਘ ਅਤੇ ਵਿਸ਼ਵਪਾਲ ਸਿੰਘ ਛੱਡ ਗਏ ਹਨ। ਉਹ ਟ੍ਰਾਈਸਿਟੀ ਵਿੱਚ ਸਾਹਿਤਕ ਹਲਕਿਆਂ ਵਿੱਚ ਬਹੁਤ ਸਰਗਰਮ ਸੀ। ਉਸ ਨੇ ਸੱਤ ਕਾਵਿ ਪੁਸਤਕਾਂ, ਜਿੰਦ ਪ੍ਰਾਣ, ਜਿਸਮ ਤੋਂ ਜਾਨ, ਪ੍ਰਥਾ ਤੋਂ ਪਾਰ, ਖੁੱਲ੍ਹ ਗਏ ਕਿਵਾੜ, ਅਹਿਸਾਸ ਦੇ ਸਬਬ, ਹਰਫ ਸਮੇਂ ਦੇ ਹਾਣੀ ਅਤੇ ਫੁਲਵਾੜੀ ਵਿਚ ਪਗਡੰਡੀ (ਵਾਰਤਕ) ਲਿਖੀਆਂ। ਪਰਿਵਾਰ ਅਨੁਸਾਰ ਅੰਤਮ ਅਰਦਾਸ 10 ਸਤੰਬਰ (ਐਤਵਾਰ) ਨੂੰ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34 ਚੰਡੀਗੜ੍ਹ ਵਿਖੇ ਬਾਅਦ ਦੁਪਹਿਰ 1 ਤੋਂ 2 ਵਜੇ ਤਕ ਹੋਵੇਗੀ।



ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਪ੍ਰਧਾਨ– ਦਰਸ਼ਨ ਬੁੱਟਰ, ਸੀਨੀਅਰ ਮੀਤ ਪ੍ਰਧਾਨ– ਡਾ: ਜੋਗਾ ਸਿੰਘ ਅਤੇ ਜਨਰਲ ਸਕੱਤਰ ਡਾ: ਸੁਖਦੇਵ ਸਿੰਘ ਸਿਰਸਾ ਨੇ ਸਾਂਝੇ ਬਿਆਨ ਰਾਹੀਂ ਕਿਹਾ ਕਿ ਸੇਵੀ ਰਾਇਤ ਸਦਾ ਲਈ ਵਿਛੜ ਗਏ ਹਨ। ਉਨ੍ਹਾਂ ਕਿਹਾ ਕਿ ਸ੍ਰੀ ਰਾਇਤ ਪੰਜਾਬੀ ਦੇ ਪ੍ਰਸਿੱਧ ਕਵੀ ਸਨ। ਉਸਨੇ ਸੱਤ ਕਾਵਿ ਪੁਸਤਕਾਂ ਲਿਖੀਆਂ। ਰਾਈਟਰਜ਼ ਕਲੱਬ ਚੰਡੀਗੜ੍ਹ ਦੇ ਸ਼ਾਮ ਸਿੰਘ, ਬਲਵਿੰਦਰ ਸਿੰਘ ਤੇ ਅਵਤਾਰ ਸਿੰਘ ਭੰਵਰਾ, ਸਾਹਿਤ ਵਿਗਿਆਨ ਕੇਂਦਰ ਦੇ ਜਨਰਲ ਸਕੱਤਰ ਗੁਰਦਰਸ਼ਨ ਮਾਵੀ, ਅਵਤਾਰ ਸਿੰਘ ਪਤੰਗ, ਬਾਬੂ ਰਾਮ ਦੀਵਾਨਾ, ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ, ਭੁਪਿੰਦਰ ਮਲਿਕ, ਮਨਜੀਤ ਕੌਰ ਮੀਤ, ਲੇਖਕ ਸਭਾ ਮੁਹਾਲੀ ਸਵਰਾਜ ਸੰਧੂ, ਐਡਵੋਕੇਟ ਪਰਮਿੰਦਰ ਸਿੰਘ ਗਿੱਲ ਅਤੇ ਡਾ: ਸ਼ਿੰਦਰਪਾਲ ਸਿੰਘ ਨੇ ਸੇਵੀ ਰਾਇਤ ਉਰਫ ਸੇਵਾ ਸਿੰਘ ਰਿਆਤ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ।

# ਨਸ਼ਿਆਂ ਵਿਰੁੱਧ 44 ਪਿੰਡਾਂ ਨੂੰ ਨਸ਼ਾ ਮੁਕਤ ਐਲਾਨਿਆ

**ਪਠਾਨਕੋਟ, 5 ਸਤੰਬਰ (ਰਾਜਿੰਦਰ ਸਿੰਘ ਰਾਜਨ)–** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅਗਲੇ ਆਜ਼ਾਦੀ ਦਿਹਾੜੇ ਤੱਕ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੀ ਵਚਨਬੱਧਤਾ ਨੂੰ ਸਾਕਾਰ ਕਰਨ ਲਈ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਮੰਗਲਵਾਰ ਨੂੰ 44 ਗ੍ਰਾਮੀਣ ਪੱਧਰੀ ਰੱਖਿਆ ਕਮੇਟੀਆਂ (ਵੀ.ਐਲ.ਡੀ.ਸੀ.) ਨਾਲ ਅਹਿਮ ਮੀਟਿੰਗ ਕੀਤੀ। ਪਠਾਨਕੋਟ ਵਿੱਚੋਂ ਨਸ਼ਾ ਸਪਲਾਈ ਨੈਟਵਰਕ ਨੂੰ ਖਤਮ ਕਰਨ ਅਤੇ ਨਸ਼ਾ ਤਸਕਰੀ ਨੂੰ ਰੋਕਣ ਲਈ ਇਹ ਇੱਕ ਵੱਡਾ ਉਪਰਾਲਾ ਹੈ। ਡੀਜੀਪੀ ਨੇ ਸਮੂਹ ਵੀਐਲਡੀਸੀਜ਼ ਨੂੰ ਇਕਜੁੱਟ ਟੀਮਾਂ ਵਜੋਂ ਕੰਮ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਪੰਜਾਬ ਪੁਲਿਸ ਨੇ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਪੂਰੀ ਤਰ੍ਹਾਂ ਜੜ੍ਹੋਂ ਪੁੱਟਣ ਲਈ ਤਿੰਨ-ਪੱਖੀ ਰਣਨੀਤੀ-ਇਨਫੋਰਸਮੈਂਟ, ਨਸ਼ਾ ਮੁਕਤੀ ਅਤੇ ਰੋਕਥਾਮ- ਨੂੰ ਲਾਗੂ ਕੀਤਾ ਹੈ। ਇਸ ਮੌਕੇ ਉਨ੍ਹਾਂ ਨਾਲ ਆਈਜੀ ਬਾਰਡਰ ਰੇਂਜ ਅੰਮ੍ਰਿਤਸਰ ਨਰਿੰਦਰ ਭਾਰਗਵ, ਡੀਆਈਜੀ ਬੀਐਸਐਫ ਗੁਰਦਾਸਪੁਰ, ਹਰਬੀਰ ਸਿੰਘ ਡਿਪਟੀ ਕਮਿਸ਼ਨਰ ਪਠਾਨਕੋਟ ਅਤੇ ਐਸਐਸਪੀ ਪਠਾਨਕੋਟ ਹਰਕਮਲ ਪ੍ਰੀਤ ਸਿੰਘ ਖੱਖ ਵੀ ਮੌਜੂਦ ਸਨ। ਇੱਕ ਇਤਿਹਾਸਕ ਪਲ ਵਿੱਚ, ਪਠਾਨਕੋਟ ਦੇ 44 ਵੀਐਲਡੀਸੀਜ਼ ਨੇ ਨਸ਼ਿਆਂ ਨਾਲ ਸਬੰਧਤ ਮੁੱਦਿਆਂ ਵਿਰੁੱਧ ਦ੍ਰਿੜ ਸਟੈਂਡ ਲਿਆ ਹੈ ਅਤੇ ਆਪਣੇ ਪਿੰਡਾਂ ਨੂੰ "ਨਸ਼ਾ ਮੁਕਤ ਜ਼ੋਨ" ਘੋਸ਼ਿਤ ਕੀਤਾ ਹੈ।

ਵੀਐਲਡੀਸੀਜ਼ ਦੇ ਨੁਮਾਇੰਦਿਆਂ ਨੇ ਆਪਣੇ ਭਾਈਚਾਰਿਆਂ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਖ਼ਤਮ ਕਰਨ ਲਈ ਪੰਜਾਬ ਪੁਲਿਸ ਨਾਲ ਮਿਲ ਕੇ ਕੰਮ ਕਰਨ ਦੀ ਸਹੁੰ ਖਾਧੀ ਹੈ। ਸਸ਼ਕਤੀਕਰਨ ਅਤੇ ਮਾਨਤਾ ਦੇ ਪ੍ਰਤੀਕ ਵਜੋਂ, ਡੀਜੀਪੀ ਪੰਜਾਬ ਗੌਰਵ ਯਾਦਵ ਨੇ ਵੀਐਲਡੀਸੀਜ਼ ਨੂੰ ਨਵੇਂ ਸ਼ਨਾਖਤੀ ਕਾਰਡ ਅਤੇ ਵਿਲੱਖਣ ਜੈਕਟਾਂ ਪ੍ਰਦਾਨ ਕੀਤੀਆਂ ਹਨ ਤਾਂ ਜੋ ਉਨ੍ਹਾਂ ਦੀ ਪਛਾਣ ਅਤੇ ਕਾਨੂੰਨ ਲਾਗੂ ਕਰਨ ਵਾਲਿਆਂ ਨਾਲ ਸਹਿਯੋਗ ਕੀਤਾ ਜਾ ਸਕੇ।

# ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਸੂਬਾ ਸਕੱਤਰ ਦੀ ਅਗਵਾਈ ਵਿੱਚ ਇਕ ਡੈਪੂਟੇਸ਼ਨ ਡਿਪਟੀ ਕਮਿਸ਼ਨਰ ਨੂੰ ਮਿਲਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਅੱਜ ਸੀ.ਪੀ.ਆਈ.(ਐਮ) ਦਾ ਇਕ ਡੈਪੂਟੇਸ਼ਨ ਸਾਥੀ ਸੁਖਵਿੰਦਰ ਸਿੰਘ ਸੇਖੋਂ ਸੂਬਾ ਸਕੱਤਰ ਦੀ ਅਗਵਾਈ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੀ ਪਾਰਟੀ ਦੇ ਜ਼ਿਲ੍ਹਾ ਸਕੱਤਰੇਤ ਮੈਂਬਰਾਂ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਮਿਲਿਆ। ਯਾਦ ਰਹੇ ਕਿ ਸੀ.ਪੀ.ਆਈ.(ਐਮ) ਲੰਬੇ ਸਮੇਂ ਤੋਂ ਮੰਗ ਕਰਦੀ ਆਈ ਹੈ ਕਿ ਪਾਰਟੀ ਦੇ ਕੌਮਾਂਤਰੀ ਪੱਧਰ ਦੇ ਆਗੂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਜੀ ਦੀ ਯਾਦ ਵਿੱਚ ਹੁਸ਼ਿਆਰਪੁਰ ਦੀਆਂ ਪੁਰਾਣੀਆਂ ਕਚੈਹਿਰੀਆਂ ਜਿਥੇ 23 ਮਾਰਚ 1932 ਨੂੰ ਕਾਮਰੇਡ ਸੁਰਜੀਤ ਚੁਣੀ ਕਾਂਗਰਸ ਵਲੋਂ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਪਹਿਲੀ ਬਰਸੀ ਸਮੇਂ ਫੈਸਲਾ ਲਿਆ ਸੀ ਕਿ ਡਿਪਟੀ ਕਮਿਸ਼ਨਰਾਂ ਦੇ ਦਫਤਰ ਤੋਂ ਯੂਨੀਅਨ ਜੈਕ ਉਤਾਰ ਕੇ ਤਿਰੰਗਾ ਝੰਡਾ ਲਹਿਰਾਏ ਜਾਣ ਪਰ ਅੰਗਰੇਜ਼ ਸਰਕਾਰ ਵਲੋਂ ਸਖਤ ਫੈਸਲਾ ਅਤੇ ਮਿਲਟਰੀ ਲਾਉਣ ਕਰਕੇ ਉਹ ਫੈਸਲਾ ਕਾਂਗਰਸ ਪਾਰਟੀ ਨੇ ਵਾਪਸ ਲੈ ਲਿਆ। ਕਾਮਰੇਡ ਸੁਰਜੀਤ ਆਪਣੀ ਭੂਆ ਦੇ ਘਰ ਚੱਬੇਵਾਲ ਆਏ ਹੋਏ



ਸਨ। ਉਹ ਦਸਵੀਂ ਵਿੱਚ ਪੜਦੇ ਅਤੇ 16 ਸਾਲ ਦੀ ਉਮਰ ਵਿੱਚ ਇਸ ਐਕਸ ਵਿੱਚ ਸ਼ਾਮਿਲ ਹੋਣ ਲਈ ਹੁਸ਼ਿਆਰਪੁਰ ਕਾਂਗਰਸ ਪਾਰਟੀ ਦੇ ਦਫਤਰ ਪਹੁੰਚੇ ਤਾਂ ਪਾਰਟੀ ਦੇ ਦਫਤਰ ਸਕੱਤਰ ਨੇ ਕਿਹਾ ਕਿ ਪਾਰਟੀ ਨੇ ਫੈਸਲਾ ਵਾਪਸ ਲੈ ਲਿਆ ਹੈ। ਕਾਮਰੇਡ ਸੁਰਜੀਤ ਹੁਣੀ ਕਿਹਾ ਕਿਉਂ ? ਤਾਂ ਦਫਤਰ ਸਕੱਤਰ ਨੇ ਝੰਡਾ ਫੜਾ ਕੇ ਕਿਹਾ ਜਾ ਤੂੰ ਝੜਾਅ ਦੇ, ਕਾਮਰੇਡ ਜੀ ਨੇ ਝੰਡਾ ਫੜਿਆ ਤੇ ਹੋਲੀ ਜਿਹੇ ਡੀ.ਸੀ. ਦਫਤਰ ਚੜਕੇ ਯੂਨੀਅਨ ਜੈਕ ਉਤਾਰ ਤਿਰੰਗਾ ਝੰਡਾ ਲਹਿਰਾ ਦਿੱਤਾ। ਪੁਲਿਸ ਨੇ ਫਾਈਰਿੰਗ ਕਰਕੇ ਤਿੰਨ ਗੋਲੀਆਂ ਚਲਾਈਆਂ ਸਨ ਤਾਂ ਉਸ ਸਮੇਂ ਦੇ ਡਿਪਟੀ ਕਮਿਸ਼ਨਰ ਮਿਸਟਰ ਵਾਖਲੇ ਨੇ ਤੁਰੰਤ ਗੋਲੀਬਾਰੀ ਰੁਕਵਾ ਦਿੱਤੀ। ਇਸ ਐਕਸ਼ਨ ਕਰਕੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਹੁਣਾ ਨੂੰ ਤਿੰਨ ਸਾਲ ਦੀ ਕੈਦ ਹੋਈ। ਉਸ ਤੋਂ ਬਾਅਦ ਉਹਨਾਂ ਨੇ ਮੁੜ ਪਿਛੇ ਨਹੀ ਦੇਖਿਆ ਤੇ ਮਿਹਨਤ ਕਰਦਿਆਂ ਕੌਮਾਂਤਰੀ ਪੱਧਰ ਦੇ ਆਗੂਆਂ ਵਿੱਚ ਸ਼ਾਮਲ ਹੋ ਗਏ।

ਪਾਰਟੀ ਵਲੋਂ ਉਸ ਜਗ੍ਹਾ ਕਾਮਰੇਡ ਜੀ ਦੀ ਢੁਕਵੀਂ ਯਾਦਗਾਰ ਬਣਾਉਣ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲ ਕੇ ਉਥੇ ਜਗ੍ਹਾ ਲਈ ਮੰਗ ਕੀਤੀ ਸੀ। ਉਹਨਾਂ ਵਲੋਂ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਸਾਰੇ ਮਸਲੇ ਤੇ ਵਿਚਾਰ ਕਰਨ ਲਈ ਕਿਹਾ ਜਿਸ ਸਬੰਧੀ ਅੱਜ ਪਾਰਟੀ ਡੈਪੂਟੇਸ਼ਨ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਮਿਲਿਆ ਜਿਨਾਂ ਨੇ ਗੰਭੀਰਤਾ ਨਾਲ ਗੱਲਬਾਤ ਸੁਣਨ ਤੋਂ ਬਾਅਦ ਏ.ਡੀ.ਸੀ. ਰਾਹੁਲ ਚਾਬਾ ਨੂੰ ਨੋਡਲ ਅਫਸਰ ਨਿਯੁਕਤ ਕਰਕੇ ਸਾਰਾ ਪ੍ਰੋਜੈਕਟ ਤਿਆਰ ਕਰਕੇ ਸਰਕਾਰ ਨੂੰ ਭੇਜਣ ਲਈ ਕਿਹਾ। ਇਸ ਮੌਕੇ ਗੁਰਨੇਕ ਸਿੰਘ ਭੱਜਲ, ਦਰਸ਼ਨ ਸਿੰਘ ਮੱਟੂ, ਗੁਰਮੇਸ਼ ਸਿੰਘ, ਸੁਭਾਸ਼ ਮੱਟੂ , ਮਹਿੰਦਰ ਕੁਮਾਰ ਬੱਡੋਆਣ, ਰਣਜੀਤ ਸਿੰਘ ਚੋਹਾਨ, ਆਸਾ ਨੰਦ ਆਦਿ ਮੌਜੂਦ ਸਨ।

# ਪੋਸ਼ਣ ਮਹੀਨੇ ਦਾ ਮੁੱਖ ਉਦੇਸ਼ ਕੁਪੋਸ਼ਣ ਨੂੰ ਜੜ੍ਹ ਤੋਂ ਖਤਮ ਕਰਨਾ - ਕੋਮਲ ਮਿੱਤਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਪੋਸ਼ਣ ਮਾਹ, ਮਿਸ਼ਨ ਇੰਦਰਧਨੁਸ਼ ਅਤੇ ਬੇਟੀ ਬਚਾਓ-ਬੇਟੀ ਪੜ੍ਹਾਓ ਪ੍ਰੋਗਰਾਮਾਂ ਸਬੰਧੀ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਅੱਜ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਤੰਬਰ ਮਹੀਨੇ ਦੌਰਾਨ ਪੂਰੇ ਜ਼ਿਲ੍ਹੇ ਵਿੱਚ ਪੋਸ਼ਣ ਅਭਿਆਨ ਸਬੰਧੀ ਗਤੀਵਿਧੀਆਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪੋਸ਼ਣ ਅਭਿਆਨ ਦਾ ਮੁੱਖ ਉਦੇਸ਼ 6 ਸਾਲ ਤੱਕ ਦੇ ਬੱਚਿਆਂ ਵਿੱਚ ਬੌਣੇਪਣ ਅਤੇ ਕੁਪੋਸ਼ਣ ਨੂੰ ਖਤਮ ਕਰਨਾ, ਘੱਟ ਵਜ਼ਨ ਵਾਲੇ ਬੱਚਿਆਂ ਦੀ ਗਿਣਤੀ ਨੂੰ ਘੱਟ ਕਰਨਾ, 6 ਮਹੀਨੇ ਤੋਂ 3 ਸਾਲ ਤੱਕ ਦੇ ਬੱਚਿਆਂ ਵਿੱਚ ਅਨੀਮੀਆ ਨੂੰ ਘੱਟ ਕਰਨਾ, ਅਤੇ 11 ਤੋਂ 18 ਸਾਲ ਦੀ ਉਮਰ ਦੀਆਂ ਕੁੜੀਆਂ ਅਤੇ ਮਾਵਾਂ ਬਣਨ ਵਾਲੀਆਂ ਔਰਤਾਂ ਵਿੱਚ ਪਾਏ ਜਾਣ ਵਾਲੇ ਅਨੀਮੀਆ ਨੂੰ ਦੂਰ ਕਰਨਾ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਨੂੰ ਚਲਾਉਣ ਦਾ ਉਦੇਸ਼ ਵੱਖ-ਵੱਖ ਵਿਭਾਗਾਂ ਦੇ ਤਾਲਮੇਲ ਨਾਲ ਸਾਂਝੀਆਂ ਸੇਵਾਵਾਂ ਪ੍ਰਦਾਨ ਕਰਕੇ ਕੁਪੋਸ਼ਣ ਨੂੰ ਜੜ੍ਹ ਤੋਂ ਖਤਮ ਕਰਨਾ ਹੈ। ਇਸੇ ਤਰ੍ਹਾਂ ਪੋਸ਼ਣ ਮੁਹਿੰਮ ਦਾ ਉਦੇਸ਼ ਬੱਚਿਆਂ ਨੂੰ ਕੁਪੋਸ਼ਣ ਤੋਂ ਮੁਕਤ ਕਰਨਾ ਅਤੇ ਬੱਚਿਆਂ, ਕਿਸ਼ੋਰ ਲੜਕੀਆਂ ਅਤੇ ਗਰਭਵਤੀ ਔਰਤਾਂ ਵਿੱਚ ਅਨੀਮੀਆ ਨੂੰ ਖਤਮ ਕਰਨਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਇਸਤਰੀ ਤੇ ਬਾਲ ਵਿਕਾਸ ਵਿਭਾਗ, ਸਿਹਤ, ਸਿੱਖਿਆ ਵਿਭਾਗ ਅਤੇ ਹੋਰ ਵਿਭਾਗਾਂ ਦੇ ਸਹਿਯੋਗ ਨਾਲ ਪੋਸ਼ਣ ਮਹੀਨੇ ਸਬੰਧੀ ਵੱਖ-ਵੱਖ




ਪ੍ਰੋਗਰਾਮ ਕਰਵਾਏ ਜਾਣਗੇ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਬੇਟੀ ਬਚਾਓ-ਬੇਟੀ ਪੜ੍ਹਾਓ ਪ੍ਰੋਗਰਾਮ ਤਹਿਤ ਲੜਕੀਆਂ ਨੂੰ ਬਿਹਤਰ ਭਵਿੱਖ ਅਤੇ ਆਤਮ ਨਿਰਭਰ ਬਣਾਉਣ ਲਈ ਸਾਰੇ ਵਿਭਾਗਾਂ ਤੋਂ ਸੁਝਾਅ ਵੀ ਮੰਗੇ। ਉਨ੍ਹਾਂ ਕਿਹਾ ਕਿ ਬੇਟੀ ਬਚਾਓ-ਬੇਟੀ ਪੜ੍ਹਾਓ ਪ੍ਰੋਗਰਾਮ ਤਹਿਤ ਲੜਕੀਆਂ ਦੇ ਵਿਕਾਸ ਲਈ ਵੱਖ-ਵੱਖ ਪ੍ਰੋਗਰਾਮ ਕੀਤੇ ਜਾਣਗੇ। ਸਿਹਤ ਵਿਭਾਗ ਵੱਲੋਂ ਪੋਸ਼ਣ ਮਹੀਨੇ ਸਬੰਧੀ ਕੀਤੀ ਜਾਣ ਵਾਲੀ ਕਾਰਵਾਈ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ: ਸੀਮਾ ਗਰਗ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ 0 ਤੋਂ 6 ਸਾਲ ਤੱਕ ਦੇ ਬੱਚਿਆਂ, ਕਿਸ਼ੋਰਾਂ, ਗਰਭਵਤੀ ਮਾਵਾਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਦੀ ਸਿਹਤ ਦਾ ਧਿਆਨ ਰੱਖਿਆ ਜਾਵੇਗਾ । ਸਿਹਤ ਅਤੇ ਤੰਦਰੁਸਤੀ ਲਈ ਬਹੁਤ ਸਾਰੇ ਪ੍ਰੋਗਰਾਮ ਚਲਾਏ ਜਾ ਰਹੇ ਹਨ, ਜਿਨ੍ਹਾਂ ਵਿੱਚ ਮਾਵਾਂ ਅਤੇ ਬੱਚਿਆਂ ਦਾ ਸੰਪੂਰਨ ਟੀਕਾਕਰਨ, ਛਾਤੀ ਦਾ ਦੁੱਧ ਚੁੰਘਾਉਣਾ, ਨਮੂਨੀਆ ਲਈ ਸਾਹ ਪ੍ਰੋਗਰਾਮ, ਆਰ.ਬੀ.ਐਸ.ਕੇ ਦੁਆਰਾ ਕਿਸ਼ੋਰਾਂ ਦਾ ਨਿਰੀਖਣ, ਅਨੀਮੀਆ ਤੋਂ ਛੁਟਕਾਰਾ ਪਾਉਣ ਲਈ ਵੀ.ਆਈ.ਐਫ.ਐਸ ਪ੍ਰੋਗਰਾਮ ਸ਼ਾਮਲ ਹਨ। ਇਸ ਤਹਿਤ ਹਰ ਹਫ਼ਤੇ ਆਇਰਨ ਦੀ ਗੋਲੀ ਖੁਆਈ ਜਾਂਦੀ ਹੈ। ਡੀ ਵਾਰਮਿੰਗ ਪਿਲਸ, ਗਰਭਵਤੀ ਔਰਤਾਂ ਲਈ ਪੀ.ਐਮ.ਐਸ.ਐਮ.ਏ ਪ੍ਰੋਗਰਾਮ, ਹਰ ਕਿਸਮ ਦੀ ਮੁਫ਼ਤ ਜਾਂਚ ਸਕੈਨ ਡਿਲੀਵਰੀ ਅਤੇ ਜਨਮ ਤੋਂ ਬਾਅਦ ਦੀ ਦੇਖਭਾਲ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਮਾਂ ਪ੍ਰੋਗਰਾਮ ਤਹਿਤ ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਬੱਚਿਆਂ ਨੂੰ ਆਇਰਨ ਸਪਲੀਮੈਂਟ ਦਿੱਤੇ ਜਾਂਦੇ ਹਨ। ਲੜਕੀਆਂ ਦੀ ਸਿਹਤ ਵਿੱਚ ਸੁਧਾਰ ਲਿਆਉਣ ਲਈ ਜ਼ਿਲ੍ਹੇ ਦੇ ਕੁੱਲ 298 ਸਕੂਲਾਂ ਵਿੱਚੋਂ 254 ਸਕੂਲਾਂ ਵਿੱਚ ਕਿਸ਼ੋਰ ਲੜਕੀਆਂ ਦਾ ਐਚ.ਬੀ ਚੈਕਅੱਪ ਕੀਤਾ ਗਿਆ। ਇਨ੍ਹਾਂ ਵਿੱਚੋਂ 226 (2 ਪ੍ਰਤੀਸ਼ਤ) ਲੜਕੀਆਂ ਗੰਭੀਰ ਖੂਨ ਦੀ ਕਮੀ ਦੀਆਂ ਪਾਈਆਂ ਗਈਆਂ, ਜਿਨ੍ਹਾਂ ਨੂੰ ਵਿਭਾਗ ਵੱਲੋਂ ਆਇਰਨ ਸਪਲੀਮੈਂਟ ਦਿੱਤੇ ਜਾ ਰਹੇ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com






# ਅਧਿਆਪਕ ਦਿਵਸ ਮੌਕੇ ਮੁੱਖ ਮੰਤਰੀ ਦੀ ਕੋਠੀ ਅੱਗੇ ਈਟੀਟੀ ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਦੀ ਖਿੱਚਧੂਹ

**ਸੰਗਰੂਰ, (ਦਲਜੀਤ ਕੌਰ )-** ਅਧਿਆਪਕ ਦਿਵਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਕੋਠੀ ਅੱਗੇ ਰੁਜ਼ਗਾਰ ਮੰਗਣ ਗਏ ਈਟੀਟੀ ਟੈੱਟ ਪਾਸ ਬੇਰੁਜ਼ਗਾਰ ਅਧਿਆਪਕਾਂ ਦੀ ਪੁਲਿਸ ਵੱਲੋਂ ਖਿੱਚਧੂਹ ਕੀਤੀ ਗਈ। ਆਪਣੀ ਹੱਕੀ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ 5994 ਬੇਰੁਜ਼ਗਾਰ ਈ.ਟੀ.ਟੀ. ਅਧਿਆਪਕ ਅੱਜ ਸਵੇਰੇ ਤੋਂ ਹੀ ਸਥਾਨਕ ਵੇਰਕਾ ਮਿਲਕ ਪਲਾਂਟ ਵਿਖੇ ਇਕੱਠੇ ਹੋਣੇ ਸ਼ੁਰੂ ਹੋ ਗਏ ਅਤੇ ਫਿਰ ਇਸ ਬੇਰੁਜ਼ਗਾਰ ਰੋਸ ਮਾਰਚ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਤੱਕ ਪਹੁੰਚੇ ਜਿੱਥੇ ਭਾਰੀ ਪੁਲਿਸ ਬਲ ਲਗਾਕੇ ਇਨ੍ਹਾਂ ਨੂੰ ਰੋਕਿਆ ਗਿਆ। ਜਿੱਥੇ ਪੁਲਿਸ ਦੇ ਨਾਲ ਬੇਰੁਜ਼ਗਾਰ ਅਧਿਆਪਕ ਧੱਕਾਮੁੱਕੀ ਹੋਏ ਤੇ ਪ੍ਰਸ਼ਾਸਨ ਵੱਲੋਂ ਵਾਰ ਹੱਲ ਕਰਾਉਣ ਦੇ ਭਰੋਸੇ ਤੋਂ ਬੇਰੁਜ਼ਗਾਰ ਸ਼ਾਂਤ ਹੋਏ। ਫਿਰ ਬੇਰੁਜ਼ਗਾਰ ਅਧਿਆਪਕਾਂ ਨੇ ਉੱਥੇ ਸੜਕ ਤੇ ਬੈਠ ਕੇ ਹੀ ਪੰਜਾਬ ਸਰਕਾਰ ਖ਼ਿਲਾਫ਼ ਪਿੱਟ ਸਿਆਪਾ ਕੀਤਾ। ਜ਼ਿਲ੍ਹਾ ਸੰਗਰੂਰ ਪ੍ਰਸ਼ਾਸਨ ਵੱਲੋਂ ਜੱਥੇਬੰਦੀ ਦੀ 16 ਸਤੰਬਰ ਨੂੰ ਸਿੱਖਿਆ ਮੰਤਰੀ ਹਰਜੋਤ ਬੈਂਸ ਨਾਲ ਪੰਜਾਬ ਭਵਨ ਚੰਡੀਗੜ੍ਹ ਵਿਖੇ ਮੀਟਿੰਗ ਤੈਅ ਕਰਵਾ ਕੇ ਉਸ ਦਾ ਲਿਖਤੀ ਪੱਤਰ ਸੌਂਪਣ ਤੋਂ ਬਾਅਦ ਇਹ ਬੇਰੁਜ਼ਗਾਰ ਅਧਿਆਪਕ ਸ਼ਾਂਤ ਹੋਏ ਅਤੇ ਉਨ੍ਹਾਂ ਆਪਣਾ ਇਹ ਧਰਨਾ ਖ਼ਤਮ ਕਰ ਦਿੱਤਾ। ਇਸ ਮੌਕੇ ਬੇਰੁਜ਼ਗਾਰ ਈਟੀਟੀ 5994 ਯੂਨੀਅਨ ਸੂਬਾ ਕਮੇਟੀ ਆਗੂ ਬਲਿਹਾਰ ਸਿੰਘ ਬੱਲੀ ਨੇ ਦੱਸਿਆ ਕਿ ਤਕਰੀਬਨ 1 ਸਾਲ ਦਾ ਸਮਾਂ ਭਰਤੀ ਨੂੰ ਹੋ ਚੱਲਿਆ ਹੈ, 5 ਮਾਰਚ, 2023 ਨੂੰ ਵਿਭਾਗ ਵੱਲੋਂ ਪੇਪਰ ਲਿਆ ਗਿਆ, ਜਿਸ ਤੋਂ ਬਾਅਦ ਜੁਲਾਈ ਵਿਚ ਉਮੀਦਵਾਰਾਂ ਦੀ ਡਾਕੂਮੈਂਟ ਵੈਰੀਫਿਕੇਸ਼ਨ ਲਈ ਹੋ ਚੁੱਕੀ ਹੈ ਪ੍ਰੰਤੂ ਪੰਜਾਬ ਸਰਕਾਰ ਭਰਤੀ ਨੂੰ ਗੰਭੀਰਤਾ ਨਾਲ ਬਿਲਕੁਲ ਨਹੀਂ ਲੈ ਰਹੀ, ਬੇਰੁਜ਼ਗਾਰ ਈਟੀਟੀ ਅਧਿਆਪਕ ਬੇਰੁਜ਼ਗਾਰੀ ਦਾ ਆਲਮ ਝੱਲ ਰਹੇ ਹਨ, 6 ਮਹੀ- ਨਿਆਂ ਤੋਂ ਉਪਰ ਸਮਾਂ ਪੇਪਰ ਹੋਇਆ ਹੋ ਚੁੱਕਾ ਹੈ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੁਆਰਾ 31 ਜੁਲਾਈ ਤੱਕ ਭਰਤੀ ਪੂਰੀ ਕਰਨ ਕਿਹਾ ਗਿਆ ਸੀ ਪਰ 5994 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਹਾਲੇ ਤੱਕ ਵੀ ਜਾਰੀ ਨਹੀਂ ਕੀਤੇ ਗਏ ਹਨ, ਪੰਜਾਬ ਦੇ ਸਰਕ- ਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਵੱਡੀ ਕਮੀ ਚੱਲ ਰਹੀ ਹੈ, ਪ੍ਰੰਤੂ ਫਿਰ ਵੀ ਸਰਕਾਰ ਸਾਨੂੰ ਅੱਖੋਂ ਪਰੋਖੇ ਕਰ ਰਹੀ ਹੈ, ਇਸੇ ਕਰਕੇ ਮਜ਼ਬੂਰਨ ਅੱਜ 5 ਸਤੰਬਰ ਅਧਿਆਪਕ ਦਿਵਸ ਮੌਕੇ ਸਾਨੂੰ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਿਹਾਇਸ਼ ਦਾ ਘਿਰਾਓ ਕਰਨਾ ਪਿਆ।



ਬੇਰੁਜ਼ਗਾਰ ਅਧਿਆਪਕਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 5994 ਈਟੀਟੀ ਭਰਤੀ ਜਿਸ ਵਿੱਚ 2994 ਬੈਕਲਾਗ ਪੋਸਟਾਂ ਸਮੇਤ ਇਕੋਂ ਲਿਸਟ ਵਿੱਚ 5994 ਈਟੀਟੀ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਦੇ ਕੇ ਜਲਦੀ ਤੋਂ ਜਲਦੀ ਸਕੂਲਾਂ ਵਿੱਚ ਭੇਜਿਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਸਾਡੀ ਇਹ ਜਾਇਜ਼ ਮੰਗ ਨਾ ਮੰਨੀ ਤਾਂ ਆਉਣ ਵਾਲੇ ਸਮੇਂ ਵਿੱਚ ਸਰਕਾਰ ਵਿਰੁੱਧ ਤਿੱਖੇ ਸੰਘਰਸ਼ ਅਤੇ ਗੁਪਤ ਐਕਸ਼ਨ ਕੀਤੇ ਜਾਣਗੇ।

ਇਸ ਮੌਕੇ ਈਟੀਟੀ 5994 ਸਟੇਟ ਕਮੇਟੀ ਆਗੂ ਮੈਂਬਰ ਬੱਗਾ ਖੁਡਾਲ, ਪਰਮਪਾਲ ਫ਼ਾਜ਼ਿਲਕਾ, ਪ੍ਰਗਟ ਸਿੰਘ, ਪ੍ਰਿਥਵੀ ਵਰਮਾ, ਬੰਟੀ ਕੰਬੋਜ, ਹਰੀਸ਼, ਅਰਸ਼ ਮਾਨ, ਕੁਲਵਿੰਦਰ ਬਰੇਟਾ ਅਤੇ ਪ੍ਰੈੱਸ ਸਕੱਤਰ ਲਵਪ੍ਰੀਤ ਦੰਦੀਵਾਲ ਹਾਜ਼ਰ ਸਨ।

# ਫਰਿਜ਼ਨੋ ਨਿਵਾਸੀ ਸ. ਅਰਵਿੰਦਰ ਸਹੋਤਾ ਦੇ ਪੁੱਤਰ ਦਿਲਪ੍ਰੀਤ ਦੇ ਵਿਆਹ 'ਤੇ ਲੱਗੀਆ ਰੌਣਕਾਂ

## "ਰਿਸ਼ਤੇਦਾਰਾ, ਦੋਸ਼ਤਾ ਅਤੇ ਹੋਰ ਪ੍ਰਮੁੱਖ ਸਖਸ਼ੀਅਤਾਂ ਨੇ ਦਿੱਤਾ ਅਸੀਰਵਾਦ"

**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਫਰਿਜ਼ਨੋ ਨਿਵਾਸੀ ਸ. ਅਰਵਿੰਦਰ ਸਿੰਘ ਸਹੋਤਾ ਦੇ ਲਾਡਲੇ ਸਪੁੱਤਰ ਦਿਲਪ੍ਰੀਤ ਸਿੰਘ ਸਹੋਤਾ (ਪੋਤਰਾ ਸ. ਨਿਰਮਲ ਸਿੰਘ ਸਹੋਤਾ ਅਤੇ ਭਤੀਜਾ ਨਰਿੰਦਰ ਸਿੰਘ ਨਿੱਕ ਸਹੋਤਾ) ਦਾ ਵਿਆਹ ਪੂਰਨ ਗੁਰ ਮਰਿਯਾਦਾ ਨਾਲ ਵਸਿੰਗਟਨ ਦੇ "ਗੁਰਦੁਆਰਾ ਸਿੰਘ ਸਭਾ ਆਫ ਵਸਿੰਗਟਨ" ਵਿਖੇ ਸ. ਗਗਨਦੀਪ ਸਿੰਘ ਬੈਂਸ ਦੀ ਲਾਡਲੀ ਬੇਟੀ ਹਰਕਿਰਤ ਕੌਰ ਬੈਂਸ ਨਾਲ ਹੋਇਆ। ਇਸ ਉਪਰੰਤ ਪਰਿਵਾਰ ਵੱਲੋਂ ਸਮੂੰਹ ਰਿਸ਼ਤੇਦਾਰਾਂ ਅਤੇ ਦੋਸ਼ਤਾ ਨੂੰ ਸ਼ਾਨਦਾਰ ਪਾਰਟੀ ਫਰਿਜ਼ਨੋ ਦੇ ਗੋਲਡਨ ਪੈਲਸ ਵਿੱਚ ਦਿੱਤੀ ਗਈ। ਜਿੱਥੇ ਸਮੂੰਹ ਪਰਿਵਾਰਕ ਰਿਸ਼ਤੇਦਾਰਾਂ ਅਤੇ ਮਿੱਤਰ-ਸੁਨੇਹੀਆਂ ਨੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ, ਉੱਥੇ ਹੋਰ ਇਲਾਕੇ ਭਰ ਦੀਆਂ ਅਮੈਰੀਕਨ ਅਤੇ ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਰਾਜਨੀਤਿਕ ਅਤੇ ਸਮਾਜਿਕ ਸਖਸੀਅਤਾਂ ਨੇ ਵੀ ਆ ਕੇ



ਨਵ-ਵਿਆਹੇ ਬੱਚਿਆ ਨੂੰ ਪਿਆਰ ਦਿੱਤਾ। ਇਸ ਖੁਸ਼ੀ ਭਰੇ ਮਹੌਲ ਵਿੱਚ ਸ਼ਾਨਦਾਰ ਪਾਰਟੀ ਦਾ ਸਭ ਨੇ ਭਰਪੂਰ ਅਨੰਦ ਮਾਣਿਆ। ਸਹੋਤਾ ਪਰਿਵਾਰ ਦਾ ਪਿਛੋਕੜ ਪੰਜਾਬ ਤੋਂ ਜਿਲਾਂ ਜਲੰਧਰ ਦੇ ਪਿੰਡ ਬੜਾ ਤੋਂ ਹੈ। ਜੋ ਬਹੁਤ ਲੰਮੇ ਅਰਸੇ ਤੋਂ ਕੈਲੇਫੋਰਨੀਆਂ ਦੇ ਸ਼ਹਿਰ ਸ਼ੈਲਮਾਂ ਅਤੇ ਫਰਿਜ਼ਨੋ ਵਿੱਚ ਰਹਿ ਰਹੇ ਹਨ। ਇਹ ਇਲਾਕੇ ਦੇ ਭਾਈਚਾਰਕ, ਧਾਰਮਿਕ ਅਤੇ ਰਾਜਨੀਤਿਕ ਕਾਰਜਾਂ ਵਿੱਚ ਹਿੱਸਾ ਲੈ ਪੰਜਾਬੀ ਭਾਈਚਾਰੇ ਦਾ ਮਾਣ ਵਧਾਉਣ ਵਾਲਾ ਪਰਿਵਾਰ ਹੈ। ਜੋ ਲੰਮੇ ਅਰਸੇ ਤੋਂ ਗੁਰਦੁਆਰਾ ਸੈਲਮਾਂ ਨਾਲ ਜੁੜਿਆ ਹੋਇਆ ਹੈ। ਇਸ ਸਮੇਂ ਸਾਰੇ ਹਾਜ਼ਰ ਨਜਦੀਕੀਆਂ ਨੇ ਮਿਲ ਕੇ ਸਹੋਤਾ ਪਰਿਵਾਰ ਨਾਲ ਖੁਸ਼ੀ ਸਾਂਝੀ ਕੀਤੀ। ਮੇਰੇ ਅਤੇ ਸਾਡੇ ਮੀਡੀਆਂ ਗਰੁੱਪ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ" ਵੱਲੋਂ ਸਮੂੰਹ ਸਹੋਤਾ ਪਰਿਵਾਰ ਨੂੰ ਬਹੁਤ-ਬਹੁਤ ਮੁਬਾਰਕਾਂ। ਪਰਮਾਤਮਾ ਇਸ ਨਵ-ਵਿਆਹੀ ਜੋੜੀ ਨੂੰ ਖੁਸ਼ੀਆਂ ਅਤੇ ਚੜਦੀਕਲਾ ਬਖਸ਼ੇ।







# ਮੰਚ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਅਧਿਕਾਰੀਆਂ ਨਾਲ ਕੀਤੀ ਮੀਟਿੰਗ

## ਸ਼ਹੀਦ ਊਧਮ ਸਿੰਘ ਬਾਰੇ ਸਹੀ ਤੱਥ ਛਾਪਣ ਲਈ ਕਿਹਾ



**ਐਸ. ਏ. ਐਸ. ਨਗਰ, (ਦਲਜੀਤ ਕੌਰ)** ਗ਼ਦਰੀ ਸ਼ਹੀਦ ਊਧਮ ਸਿੰਘ ਵਿਚਾਰ ਮੰਚ ਦੇ ਆਗੂਆਂ ਦੀ ਅੱਜ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅਧਿਕਾਰੀਆਂ ਨਾਲ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਸੁਨਾਮ ਊਧਮ ਸਿੰਘ ਵਾਲਾ ਵਿਖੇ ਮੀਟਿੰਗ ਹੋਈ ਜਿਸ ਵਿੱਚ ਨੌਵੀਂ ਕਲਾਸ ਦੀ ਅੰਗਰੇਜ਼ੀ ਦੀ ਕਿਤਾਬ ਵਿਚ ਸ਼ਹੀਦ ਊਧਮ ਸਿੰਘ ਜੀ ਬਾਰੇ ਛਪੇ ਗ਼ਲਤ ਤੱਥਾਂ ਬਾਰੇ ਬੋਰਡ ਅਧਿਕਾਰੀਆਂ ਨੂੰ ਧਿਆਨ ਵਿੱਚ ਲਿਆਂਦਾ।

ਮੰਚ ਦੇ ਪ੍ਰਧਾਨ ਰਾਕੇਸ਼ ਕੁਮਾਰ ਨੇ ਬੋਰਡ ਅਧਿਕਾਰੀਆਂ ਨੂੰ ਦੱਸਿਆ ਕਿ ਸ਼ਹੀਦ ਊਧਮ ਸਿੰਘ ਸੰਬੰਧੀ ਛਪਿਆ ਲੇਖ ਪ੍ਰਮਾਣਿਤ ਤੱਥਾਂ ਤੋਂ ਦੂਰ ਹੈ। ਅਸੀਂ ਇੱਕ ਇੱਕ ਗ਼ਲਤ ਤੱਥ ਬਾਰੇ ਵਿਸਥਾਰ ਵਿੱਚ ਬੋਰਡ ਅਧਿਕਾਰੀਆਂ ਨੂੰ ਦੱਸਿਆ। ਮੰਚ ਆਗੂ ਪ੍ਰਿੰਸੀਪਲ ਅਨਿਲ ਕੁਮਾਰ ਨੇ ਦੱਸਿਆ ਕਿ ਬੋਰਡ ਅਧਿਕਾਰੀਆਂ ਨੂੰ ਸਹੀ ਤੱਥਾਂ ਦੀਆਂ ਸਾਰੀਆਂ ਕਾਪੀਆਂ ਮੁਹੱਈਆ ਕਰਵਾ ਦਿੱਤੀਆਂ ਨੇ। ਅਧਿਕਾਰੀਆਂ ਦਾ ਕਹਿਣਾ ਹੈ ਕਿ ਅਸੀਂ ਜਲਦੀ ਹੀ ਇਹਨਾਂ ਤੱਥਾਂ ਬਾਰੇ ਆਪਣੀ ਇਤਿਹਾਸ ਵਿਚ ਦੀ ਟੀਮ ਨਾਲ ਚਰਚਾ ਕਰਾਂਗੇ। ਅਸੀਂ ਵੀ ਚਾਹੁੰਦੇ ਹਾਂ ਕਿ ਸਹੀ ਲੇਖ ਛਪੇ।

ਬਲਵੀਰ ਚੰਦ ਲੌਂਗੋਵਾਲ ਨੇ ਦੱਸਿਆ ਕਿ ਸ਼ਹੀਦ ਊਧਮ ਸਿੰਘ ਨੇ ਆਪਣੀ ਅਨਮੋਲ ਜ਼ਿੰਦਗੀ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਕੀਤੀ। ਉਹ ਬ੍ਰਿਟਿਸ਼ ਸਾਮਰਾਜੀ ਲੁੱਟ ਤੇ ਉਹਨਾਂ ਵੱਲੋਂ ਕੀਤੇ ਜਾਂਦੇ ਜ਼ੁਲਮਾਂ ਦੇ ਵਿਰੁੱਧ ਸੀ ਤੇ ਵਧੀਆ ਸਮਾਜ ਸਿਰਜਣਾ ਦੀ ਗੱਲ ਕਰਦੇ ਸਨ । ਗ਼ਦਰ ਪਾਰਟੀ ਨਾਲ ਸਬੰਧ ਸੀ।ਭਗਤ ਸਿੰਘ ਨੂੰ ਆਪਣਾ ਦੋਸਤ ਦੱਸਦੇ ਸਨ।

ਮੰਚ ਆਗੂ ਰਾਮ ਸਰੂਪ ਢੈਪਈ ਤੇ ਤਰਸੇਮ ਬਾਵਾ ਨੇ ਦੱਸਿਆ ਕਿ ਇਸ ਸੰਬੰਧੀ ਮੰਚ ਨੇ ਪਹਿਲਾਂ ਹੀ ਪੱਤਰ ਈਮੇਲ ਰਾਹੀਂ ਹੀ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਸਿੱਖਿਆ ਮੰਤਰੀ ਪੰਜਾਬ ਨੂੰ ਭੇਜਿਆ ਹੈ ਅਤੇ ਮੰਗ ਕੀਤੀ ਹੈ ਕਿ ਗ਼ਲਤ ਤੱਥਾਂ ਵਾਲੇ ਲੇਖ ਨੂੰ ਜਲਦੀ ਬਦਲਿਆ ਜਾਵੇ।

# "ਖੇਡਾਂ ਵਤਨ ਪੰਜਾਬ ਦੀਆਂ" ਵਿਚ ਮੇਜਰ ਡਾ. ਸੁਮਿਤ ਮੁਧ ਨੇ ਵਧਾਇਆ ਖਿਡਾਰੀਆਂ ਦਾ ਹੌਸਲਾ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਅਤੇ ਖੇਡ ਵਿਭਾਗ ਪੰਜਾਬ ਵੱਲੋਂ ਨੌਜਵਾਨ ਪੀੜੀ ਨੂੰ ਖੇਡਾਂ ਨਾਲ ਜੋੜ ਕੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਅਤੇ ਖੇਡਾਂ ਦੇ ਖੇਤਰ ਵਿੱਚ ਮੋਹਰੀ ਬਣਾਉਣ ਲਈ ਪਿਛਲੇ ਸਾਲ ਖੇਡਾਂ ਵਤਨ ਪੰਜਾਬ ਦੀਆਂ 2022 ਸ਼ੁਰੂ ਕੀਤੀਆਂ ਗਈਆ ਸਨ, ਜਿਸ ਦੇ ਤਹਿਤ ਇਸ ਸਾਲ ਵੀ ਮੁੜ "ਖੇਡਾਂ ਵਤਨ ਪੰਜਾਬ ਦੀਆਂ 2023 ਸੀਜਨ -2" ਦੀ ਸੁਰੂਆਤ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਪੰਜਾਬ ਦੁਆਰਾ 29 ਅਗਸਤ ਨੂੰ ਬਠਿੰਡਾ ਵਿਖੇ ਰਸਮੀ ਉ-ਦਘਾਟਨ ਕੀਤੀ ਗਿਆ।

ਜਿਲਾ ਪਠਾਨਕੋਟ ਦੇ ਬਲਾਕ ਸੁਜਾਨਪੁਰ ਵਿੱਚ ਮੇਜਰ ਡਾਕਟਰ ਸੁਮਿਤ ਮੁਧ ਚੀਫ ਮਨਿਸਟਰ ਫ਼ੀਲਡ ਅਫਸਰ -ਕਮ- ਸਹਾਇਕ ਕਮਿਸ਼ਨਰ ਜਰਨਲ ਵਿਸ਼ੇਸ਼ ਮਹਿਮਾਨ ਤੌਰ ਤੇ ਸਾਮਿਲ ਹੋਏ।ਡਾਕਟਰ ਸੁਮਿਤ ਮੁਧ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਖਿਡਾਰੀਆਂ ਨੂੰ ਖੇਡਾ ਵਿੱਚ ਵੱਧ ਤੋ ਵੱਧ ਭਾਗ ਲੈਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਖੇਡਾ ਸਿਰਫ ਜਿੱਤ ਲਈ ਹੀ ਨਹੀ ਖੇਡੀਆਂ ਜਾਂਦੀਆਂ, ਖੇਡਾਂ ਸਾਡੇ ਜੀਵਨ ਵਿੱਚ ਸਰਵ ਪੱਖੀ ਵਿਕਾਸ ਲਈ ਵੀ ਮਹੱਤਵਪੂਰਨ ਹਨ। ਸ੍ਰੀ ਤੇਜਦੀਪ ਸਿੰਘ ਸੈਣੀ ਐਸ ਡੀ ਐਮ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ। ਇਸ ਮੌਕੇ ਜਗਜੀਵਨ ਸਿੰਘ ਜਿਲਾ ਖੇਡ ਅਫ਼ਸਰ ਪਠਾਨਕੋਟ , ਖੇਡ ਪ੍ਰੇਮੀ, ਸਿੱਖਿਆ ਵਿਭਾਗ ਦੇ ਅਧਿਆਪਕ ਹਾਜ਼ਰ ਸਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 24 ਸਤੰਬਰ ਦਿਨ ਐਤਵਾਰ ਤੋਂ ਨਿਊਜ਼ੀਲੈਂਡ ਦੀਆਂ ਘੜੀਆਂ ਇਕ ਘੰਟਾ ਅੱਗੇ ਹੋ ਜਾਣਗੀਆਂ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਡੇਅ ਲਾਈਟ ਸੇਵਿੰਗ ਤਹਿਤ ਘੜੀਆਂ ਦਾ ਸਮਾਂ ਇਸ ਮਹੀਨੇ 24 ਸਤੰਬਰ ਦਿਨ ਐਤਵਾਰ ਨੂੰ ਤੜਕੇ ਸਵੇਰੇ 2 ਵਜੇ ਇਕ ਘੰਟਾ ਅੱਗੇ ਕਰ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਛੇ ਕੁ ਮਹੀਨਿਆਂ ਦੀ ਚੱਲ ਰਹੀ ਡੇਅ ਲਾਈਟ ਸੇਵਿੰਗ ਸ਼ੁਰੂ ਹੋ ਜਾਵੇਗੀ। ਇਹ ਸਮਾਂ ਇਸੀ ਤਰ੍ਹਾਂ 07 ਅਪ੍ਰੈਲ 2024 ਤੱਕ ਜਾਰੀ ਰਹੇਗਾ ਅਤੇ ਫਿਰ ਘੜੀਆਂ ਇਕ ਘੰਟਾ ਪਿੱਛੇ ਕਰ ਦਿੱਤੀਆਂ ਜਾਣਗੀਆਂ ਤੇ ਡੇਅ ਲਾਈਟ ਸੇਵਿੰਗ ਖਤਮ ਹੋਵੇਗੀ। ਆਮ ਤੌਰ 'ਤੇ ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਕ ਦਿਨ ਪਹਿਲਾਂ ਯਾਨਿ ਕਿ ਸ਼ਨੀਵਾਰ (23 ਸਤੰਬਰ) ਨੂੰ ਸੌਣ ਤੋਂ ਪਹਿਲਾਂ ਆਪਣੀਆਂ ਚਾਬੀ ਵਾਲੀਆਂ ਘੜੀਆਂ ਤੇ ਕੰਧ ਘੜੀਆਂ (ਟਾਈਮਪੀਸ) ਇਕ ਘੰਟਾ ਅੱਗੇ ਕਰ ਲੈਣ ਤਾਂ ਕਿ ਉਨ੍ਹਾਂ ਨੂੰ ਸਵੇਰੇ ਉਠਣ ਸਾਰ ਬਦਲਿਆ ਹੋਇਆ ਸਮਾਂ ਮਿਲ ਸਕੇ। ਸਮਾਰਟ ਫੋਨਾਂ ਦੇ ਉਤੇ ਇਹ ਸਮਾਂ ਅਕਸਰ ਆਪਣੇ ਆਪ ਬਦਲ ਜਾਂਦਾ ਹੈ। 25 ਸਤੰਬਰ ਨੂੰ ਸੂਰਜ ਸਵੇਰੇ 6.10 ਵਜੇ ਦੀ ਥਾਂ 7.08 ਉਤੇ ਚੜ੍ਹੇਗਾ ਅਤੇ ਸ਼ਾਮ 7.18 ਮਿੰਟ ਉਤੇ ਮਿਟੇਗਾ। 24 ਸਤੰਬਰ ਨੂੰ ਲੋਕਾਂ ਨੂੰ ਸੂਰਜ ਇਕ ਘੰਟਾ ਲੇਟ ਚੜ੍ਹਿਆ ਹੋਇਆ ਪ੍ਰਤੀਤ ਹੋਵੇਗਾ ਤੇ ਇਕ ਘੰਟਾ ਬਾਅਦ ਵਿਚ ਸੂਰਜ ਮਿਟਦਾ ਮਹਿਸੂਸ ਹੋਵੇਗਾ। ਦਿਨ ਦੀ ਲੰਬਾਈ ਰਹੇਗੀ 12 ਘੰਟੇ 09 ਮਿੰਟ ਅਤੇ 48 ਸੈਕਿੰਡ।




ਬਦਲੇ ਹੋਏ ਸਮੇਂ ਅਨੁਸਾਰ ਜਦੋਂ ਭਾਰਤ ਵਿਚ ਦੁਪਹਿਰ ਦੇ 12 ਵੱਜਣਗੇ ਤਾਂ ਨਿਊਜ਼ੀਲੈਂਡ ਦੇ ਵਿਚ ਸ਼ਾਮ ਦੇ 7.30 ਹੋਇਆ ਕਰਨਗੇ ਜਾਂ ਕਹਿ ਲਈਏ ਜਦੋਂ ਨਿਊਜ਼ੀਲੈਂਡ ਦੁਪਹਿਰ ਦੇ 12 ਵਜੇ ਹੋਣਗੇ ਤਾਂ ਇੰਡੀਆ ਸਵੇਰ ਦੇ 4.30 ਹੋਇਆ ਕਰਨਗੇ। ਆਸਟਰੇਲੀਆ: ਆਸਟਰੇਲੀਆ (ਸਿਡਨੀ) ਦੇ ਵਿਚ ਵੀ 01 ਅਕਤੂਬਰ ਨੂੰ ਘੜੀਆਂ ਰਾਤ 2 ਵਜੇ ਇਕ ਘੰਟਾ ਅਗੇ ਹੋ ਜਾਣਗੀਆਂ ਅਤੇ ਇਹ ਬਦਲਿਆ ਸਮਾਂ 7 ਅਪ੍ਰੈਲ 2024 ਤੱਕ ਚੱਲੇਗਾ। ਪਰ ਆਸਟਰੇਲੀਆ ਦੇ ਉਤਰੀ ਅਤੇ ਪੱਛਮੀ ਹਿਸਿਆਂ ਵਿਖੇ ਸਮਾਂ ਨਹੀਂ ਬਦਲਦਾ ਜਿਵੇਂ ਕਿ ਕੁਈਨਜ਼ਲੈਂਡ, ਨਾਰਦਰਨ ਟੈਰੇਟਰੀ ਅਤੇ ਵੈਸਟਰਨ ਆਸਟਰੇਲੀਆ। ਬਦਲੇ ਹੋਏ ਸਮੇਂ ਅਨੁਸਾਰ ਜਦੋਂ ਭਾਰਤ ਵਿਚ ਦੁਪਹਿਰ ਦੇ 12 ਵੱਜਣਗੇ ਤਾਂ ਸਿਡਨੀ ਤੇ ਮੈਲਬੌਰਨ ਦੇ ਵਿਚ ਸ਼ਾਮ ਦੇ 05.30 ਵਜੇ ਹੋਇਆ ਕਰਨਗੇ।

# ਰਿਟਾਇਰਡ ਕਰਮਚਾਰੀਆਂ ਦੀ ਮੀਟਿੰਗ ਪ੍ਰਧਾਨ ਲਾਲ ਸਿੰਘ ਦੀ ਅਗਵਾਈ ਹੇਠ ਹੋਈ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਸੇਵਾਮੁਕਤ ਕਰਮਚਾਰੀ ਯੂਨੀਅਨ ਨਗਰ ਨਿਗਮ ਹੁਸ਼ਿਆਰਪੁਰ ਦੀ ਮੀਟਿੰਗ ਪ੍ਰਧਾਨ ਲਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸੰਦੀਪ ਤਿਵਾੜੀ ਸਹਾਇਕ ਕਮਿਸ਼ਨਰ ਨਗਰ ਨਿਗਮ, ਸਕੱਤਰ ਜਸਵਿੰਦਰ ਸਿੰਘ, ਰਜਿੰਦਰ ਕੁਮਾਰ ਲੇਖਾਕਾਰ, ਕੁਲਦੀਪ ਸਿੰਘ ਐਕਸੀਅਨ, ਕੁਲਵੰਤ ਸਿੰਘ ਜਨਰਲ ਸਕੱਤਰ ਪੰਜਾਬ, ਸੰਜੀਵ ਅਰੋੜਾ ਸਰਪ੍ਰਸਤ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਮੀਟਿੰਗ ਦੌਰਾਨ ਅਧਿਕਾਰੀਆਂ ਦਾ ਧੰਨਵਾਦ ਕੀਤਾ ਗਿਆ ਕਿਉਂਕਿ ਪਿਛਲੇ ਛੇ ਮਹੀਨਿਆਂ ਦੌਰਾਨ ਯੂਨੀਅਨ ਦੀਆਂ 90 ਫੀਸਦੀ ਮੰਗਾਂ ਮੰਨ ਲਈਆਂ ਗਈਆਂ ਹਨ ਅਤੇ ਬਾਕੀ ਵਿਚਾਰ ਅਧੀਨ ਹਨ। ਇਸ ਮੌਕੇ ਸੰਦੀਪ ਤਿਵਾੜੀ ਨੇ ਕਿਹਾ ਕਿ ਸੇਵਾਮੁਕਤ ਕਰਮਚਾਰੀ/ਅਧਿਕਾਰੀ ਅਤੇ ਸੇਵਾ ਕਰ ਰਹੇ ਕਰਮਚਾਰੀ ਸਾਡਾ ਪਰਿਵਾਰ ਹਨ, ਜਿਨ੍ਹਾਂ ਦੀਆਂ ਜਾਇਜ਼ ਮੰਗਾਂ ਨੂੰ ਮੰਨਣਾ ਸਾਡੀ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਬਾਕੀ ਮੰਗਾਂ ਵੀ ਜਲਦੀ ਪੂਰੀਆਂ ਕੀਤੀਆਂ ਜਾਣਗੀਆਂ। ਇਸ ਮੌਕੇ ਕੁਲਵੰਤ ਸਿੰਘ ਜਨਰਲ ਸਕੱਤਰ ਪੰਜਾਬ ਨੇ ਕਿਹਾ ਕਿ ਯੂਨੀਅਨ ਜਲਦੀ ਹੀ ਸਮਾਜ ਸੇਵਾ ਦੇ ਖੇਤਰ ਵਿੱਚ ਕੰਮ ਕਰਨ ਦੀ ਪਹਿਲਕਦਮੀ ਕਰੇਗੀ। ਜਿਸ ਵਿੱਚ ਵਾਤਾਵਰਨ ਦੀ ਸ਼ੁੱਧਤਾ ਲਈ ਬੂਟੇ ਲਗਾਉਣ, ਲੋੜਵੰਦ ਲੋਕਾਂ ਦੀ ਮਦਦ, ਮੈਡੀਕਲ ਕੈਂਪ ਆਦਿ ਦਾ ਆਯੋਜਨ ਕੀਤਾ ਜਾਵੇਗਾ। ਸਰਪ੍ਰਸਤ ਸੰਜੀਵ ਅਰੋੜਾ ਅਤੇ ਪ੍ਰਧਾਨ ਲਾਲ ਸਿੰਘ ਨੇ ਕਿਹਾ ਕਿ ਯੂਨੀਅਨ ਤੋਂ ਬਿਨਾਂ ਮੁਲਾਜ਼ਮਾਂ ਦਾ ਕੋਈ ਵਜੂਦ ਨਹੀਂ ਹੈ। ਚਾਹੇ ਉਹ ਕਲਾਸ 3, ਕਲਾਸ ਕਲਾਸ, ਕਲਾਸ ਵਨ, ਅਨਪੜ੍ਹ ਜਾਂ ਆਈ ਏ ਐਸ ਜਾਂ ਪੀ ਸੀ ਐਸ ਅਫਸਰ ਹੋਵੇ। ਜਦੋਂ ਉਸ 'ਤੇ ਕੋਈ ਸਮੱਸਿਆ ਆਉਂਦੀ ਹੈ ਤਾਂ ਯੂਨੀਅਨ ਵੱਲੋਂ ਹੀ ਇਸ ਦਾ ਹੱਲ ਕੀਤਾ ਜਾਂਦਾ ਹੈ। ਅੰਤ ਵਿਚ ਹਲਕਾ ਹੁਸ਼ਿਆਰਪੁਰ ਦੇ ਪ੍ਰਧਾਨ ਕੇਵਲ ਸਿੰਘ ਹੀਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਜੇਕਰ ਅਸੀਂ ਇਕਜੁੱਟ ਰਹਾਂਗੇ ਤਾਂ ਹੀ ਸਾਰੀਆਂ ਮੰਗਾਂ ਪੂਰੀਆਂ ਕਰ ਸਕਾਂਗੇ। ਉਨ੍ਹਾਂ ਸਮੂਹ ਮੁਲਾਜ਼ਮਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਡਿਊਟੀ ਇਮਾਨਦਾਰੀ ਅਤੇ ਸੁਚੱਜੇ ਢੰਗ ਨਾਲ ਨਿਭਾਉਣ ਤਾਂ ਜੋ ਆਮ ਜਨਤਾ ਨੂੰ ਸਾਰੀਆਂ ਸਹੂਲਤਾਂ ਮਿਲ ਸਕਣ। ਇਸ ਮੌਕੇ ਸੰਜੀਵ ਅਰੋੜਾ ਸਰਪ੍ਰਸਤ, ਕੇਵਲ ਸਿੰਘ ਹੀਰ, ਅਸ਼ਵਨੀ ਸ਼ਰਮਾ ਐਸ.ਡੀ.ਓ., ਰਵਿੰਦਰ ਠਾਕੁਰ, ਜੋਗਿੰਦਰ ਪਾਲ ਆਦੀਆ, ਅਸ਼ਵਨੀ ਕੁਮਾਰ ਜੇ.ਈ., ਸੁਰਜੀਤ ਲਾਲ, ਅਮਰਜੀਤ ਸਿੰਘ, ਮੀਤਾ ਰਾਮ, ਬਲਵਿੰਦਰ ਸਿੰਘ, ਅਵਤਾਰ ਸਿੰਘ, ਬੰਸੀ ਲਾਲ, ਦਰਸ਼ਨ ਸਿੰਘ, ਹਰੀਸ਼ ਕੁਮਾਰ, ਸੁਰਜੀਤ ਬਹਿਲ, ਦਰਸ਼ਨ ਕੁਮਾਰ ਆਦਿ ਹਾਜ਼ਰ ਸਨ।



# ਅੱਠਵੀਂ ਜਮਾਤ ਦੇ ਵਿਦਿਆਰਥੀ ਨੇ ਇੱਕ ਦਿਨ ਲਈ ਪਠਾਨਕੋਟ ਵਿੱਚ ਐਸਐਚਓ ਦਾ ਅਹੁਦਾ ਸੰਭਾਲਿਆ, ਅਤੇ ਨਸ਼ਿਆਂ ਵਿਰੁੱਧ ਲੜਨ ਦਾ ਲਈ ਚੁੱਕੀ ਸੌਂਹ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)–** ਨਸ਼ਿਆਂ ਖਿਲਾਫ ਚੱਲ ਰਹੀ ਮੁਹਿੰਮ ਦੇ ਹਿੱਸੇ ਵਜੋਂ ਇੱਕ ਪਹਿਲਕਦਮੀ ਕਰਦਿਆਂ, ਪਠਾਨਕੋਟ ਪੁਲਿਸ ਵਿਭਾਗ ਦੇ ਐਸ ਐਚ ਓ ਹਰਪ੍ਰੀਤ ਕੌਰ ਬਾਜਵਾ ਦੁਆਰਾ ਸੰਦੀਪਨੀ ਪਬਲਿਕ ਸਕੂਲ ਦੇ ਅੱਠਵੀਂ ਜਮਾਤ ਦੀ ਲੜਕੀ ਦਾ ਮਨੋਬਲ ਵਧਾਉਣ ਲਈ ਉਸ ਨੂੰ ਇੱਕ ਦਿਨ ਲਈ ਸਟੇਸ਼ਨ ਹਾਊਸ ਅਫਸਰ (ਐਸ ਐਚ ਓ) ਦਾ ਅਹੁਦਾ ਦਿੱਤਾ ਗਿਆ ਅਤੇ ਲੜਕੀ ਨੇ ਨਸ਼ਿਆਂ ਖਿਲਾਫ ਲੜਨ ਲਈ ਸੌਂਹ ਚੁੱਕ ਕੇ ਲੋਕਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਲੜਕੀ ਨੇ ਪੁਲਿਸ ਫੋਰਸ ਦੇ ਰੋਜ਼ਾਨਾ ਕਾਰਜਾਂ ਅਤੇ ਉਹਨਾਂ ਦੁਆਰਾ ਸਾਹਮਣਾ ਕੀਤੀਆਂ ਜਾਂਦੀਆਂ ਚੁਣੌ-ਤੀਆਂ ਬਾਰੇ ਅਹਿਮ ਜਾਣਕਾਰੀ ਪ੍ਰਾਪਤ ਕੀਤੀ। ਇਹ ਵਿਲੱਖਣ ਮੌਕਾ ਪਠਾਨਕੋਟ ਪੁਲਿਸ ਵਿਭਾਗ ਦੁਆਰਾ ਜ਼ਿਲ੍ਹੇ ਵਿੱਚ ਲਗਾਤਾਰ ਨਸ਼ਾ ਵਿਰੋਧੀ ਯਤਨਾਂ ਦੇ ਹਿੱਸੇ ਵਜੋਂ ਆਯੋਜਿਤ ਇੱਕ ਲੇਖ ਲਿਖਣ ਮੁਕਾਬਲੇ, ਜਿਸਦਾ ਵਿਸ਼ਾ ਸੀ, "ਨਸ਼ੇ ਤੋਂ ਰਹਿਤ ਇੱਕ ਸੁਸਾਇਟੀ" ਵਿੱਚ ਲੜਕੀ ਦੀ ਸ਼ਾਨਦਾਰ ਕਾਰਗੁਜ਼ਾਰੀ ਦੀ ਮਾਨਤਾ ਵਜੋਂ ਉਸਨੂੰ ਦਿੱਤਾ ਗਿਆ ਹੈ।

ਸੀਨੀਅਰ ਕਪਤਾਨ ਪੁਲਿਸ ਪਠਾਨਕੋਟ ਹਰਕਮਲ ਪ੍ਰੀਤ ਸਿੰਘ ਖੱਖ ਨੇ ਲੜਕੀ ਨੂੰ ਵਧਾਈ ਦਿੱਤੀ ਹੈ। ਸੰਦੀਪਨੀ ਪਬਲਿਕ ਸਕੂਲ ਦੇ ਕੁੱਲ 25 ਵਿਦਿਆਰਥੀਆਂ ਨੇ ਮੁਕਾਬਲੇ ਵਿੱਚ ਭਾਗ ਲਿਆ ਅਤੇ ਸਕੂਲ ਦੇ ਅੰਗਰੇਜ਼ੀ ਵਿਭਾਗ ਦੇ ਮਾਹਿਰਾਂ ਦੇ ਇੱਕ ਪੈਨਲ ਦੁਆਰਾ ਲੇਖਾਂ ਦਾ ਬਾਰੀਕੀ ਨਾਲ ਮੁਲਾਂਕਣ ਕੀਤਾ ਸੀ।

ਇੱਕ ਦਿਨ ਲਈ ਐਸਐਚਓ ਵਜੋਂ ਆਪਣੇ ਤਜ਼ਰਬੇ ਨੂੰ ਦਰਸਾਉਂਦੇ ਹੋਏ, ਨੌਜਵਾਨ ਵਿਦਿਆਰਥੀ ਨੇ ਕਿਹਾ, "ਇੱਕ ਦਿਨ ਲਈ ਸਟੇਸ਼ਨ ਹਾਊਸ ਅਫਸਰ ਹੋਣ ਕਰਕੇ ਮੈਨੂੰ ਸਾਡੇ ਸਮਰਪਿਤ ਪੁਲਿਸ ਅਧਿਕਾਰੀਆਂ ਨਾਲ ਨੇੜਿਓਂ ਗੱਲਬਾਤ ਕਰਨ ਦਾ ਮੌਕਾ ਮਿਲਿਆ ਹੈ। ਮੈਂ ਇੱਕ ਪੁਲਿਸ ਸਟੇਸ਼ਨ ਦੇ ਅੰਦਰੂਨੀ ਕੰਮਕਾਜ ਬਾਰੇ ਜਾਣਿਆ, ਜਿਸ ਵਿੱਚ ਸਾਰੀਆਂ ਪ੍ਰਕਿਰਿਆਵਾਂ ਸ਼ਾਮਲ ਹਨ। ਵੱਖ-ਵੱਖ ਅਪਰਾਧ ਦੀਆਂ ਘਟਨਾਵਾਂ ਲਈ ਐਫਆਈਆਰ ਦਰਜ ਕਰਨ ਬਾਰੇ ਵੀ ਅਹਿਮ ਜਾਣਕਾਰੀ ਪ੍ਰਾਪਤ ਕੀਤੀ ਅਤੇ ਹੈਲਪ ਲਾਈਨ 112, 1930, ਅਤੇ 181, ਵਰਗੀਆਂ ਜ਼ਰੂਰੀ ਸੇਵਾਵਾਂ ਬਾਰੇ ਵੀ ਉਸਨੂੰ ਜਾਣੂ ਕਰਵਾਇਆ ਗਿਆ, ਜੋ ਸਾਡੇ ਭਾਈਚਾਰੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਉਂਦੀਆਂ ਹਨ।" ਇਹ ਪਹਿਲਕਦਮੀ ਨਾ ਸਿਰਫ਼ ਨੌਜਵਾਨ ਦਿਮਾਗਾਂ ਨੂੰ ਪ੍ਰੇਰਿਤ ਕਰਦੀ ਹੈ ਬਲਕਿ ਪਠਾਨਕੋਟ ਪੁਲਿਸ ਵਿਭਾਗ ਦੀ ਕਮਿਊਨਿਟੀ ਨਾਲ ਸਰਗਰਮੀ ਨਾਲ ਜੁੜਨ ਦੀ ਵਚਨਬੱਧਤਾ ਦੀ ਵੀ ਮਿਸਾਲ ਦਿੰਦੀ ਹੈ।



ਐਸ.ਐਸ.ਪੀ ਖੱਖ ਨੇ ਕਿਹਾ ਨਸ਼ਿਆਂ ਵਿਰੁੱਧ ਲੜਾਈ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਹਰੇਕ ਵਿਅਕਤੀ, ਭਾਵੇਂ ਉਮਰ ਦਾ ਕੋਈ ਵੀ ਹੋਵੇ, ਨਸ਼ਾ ਮੁਕਤ ਸਮਾਜ ਸਿਰਜਣ ਵਿੱਚ ਯੋਗਦਾਨ ਪਾ ਸਕਦਾ ਹੈ। ਪਠਾਨਕੋਟ ਪੁਲਿਸ ਵਿਭਾਗ ਨਾਗਰਿਕਾਂ ਨੂੰ ਨਸ਼ਿਆਂ ਦੇ ਹਾਨੀਕਾਰਕ ਪ੍ਰਭਾਵ ਤੋਂ ਦੂਰ ਰਹਿਣ ਦੀ ਅਪੀਲ ਕਰਦਾ ਹੈ ਅਤੇ ਉਨ੍ਹਾਂ ਨੂੰ ਸਮਰਪਿਤ ਹੌਟਲਾਈਨ ਹੈਲਪਲਾਈਨਾਂ ਰਾਹੀਂ ਨਸ਼ਿਆਂ ਨਾਲ ਸਬੰਧਤ ਕਿਸੇ ਵੀ ਗਤੀਵਿਧੀ ਦੀ ਰਿਪੋਰਟ ਕਰਨ ਲਈ ਉਤਸ਼ਾਹਿਤ ਕਰਦਾ ਹੈ। ਸਾਡਾ ਮੰਨਣਾ ਹੈ ਕਿ ਮਹੱਤਵਪੂਰਨ ਜਾਣਕਾਰੀ ਸਾਂਝੀ ਕਰਨ ਦੁਆਰਾ, ਅਸੀਂ ਸਮੂਹਿਕ ਤੌਰ ਤੇ ਸਾਡੇ ਭਾਈਚਾਰੇ ਵਿੱਚ ਨਸ਼ਿਆਂ ਦੇ ਖਤਰੇ ਦਾ ਮੁਕਾਬਲਾ ਕਰ ਸਕਦੇ ਹਾਂ। ਉਹਨਾਂ ਕਿਹਾ "ਯੂ ਸ਼ੇਅਰ, ਵੀ ਕੇਅਰ" ਮੁਹਿੰਮ ਸਿਰਫ਼ ਇੱਕ ਨਾਅਰਾ ਨਹੀਂ ਹੈ; ਇਹ ਨਸ਼ਿਆਂ ਦੇ ਖਿਲਾਫ ਹਰ ਉਸ ਵਿਅਕਤੀ ਨਾਲ ਹੱਥ ਮਿਲਾਉਣ ਅਤੇ ਇੱਕ ਫਰਕ ਲਿਆਉਣ ਲਈ ਸਖਤ ਕਾਰਵਾਈ ਕਰਵਾਉਣ ਦਾ ਸੱਦਾ ਹੈ ਜੋ ਨਸ਼ਿਆਂ ਨੂੰ ਪੰਜਾਬ ਵਿੱਚੋਂ ਜੜ ਤੋਂ ਖਤਮ ਕਰਨਾ ਚਾਹੁੰਦੇ ਹਨ। ਆਓ ਸਭ ਮਿਲ ਕੇ ਇੱਕ ਤੰਦਰੁਸਤ ਪੰਜਾਬ ਦੀ ਸਿਰਜਣਾ ਕਰੀਏ।

# ਫਿਲਮ ਮਸਤਾਨੇ ਨੌਜਵਾਨਾਂ ਨੂੰ ਸਿੱਖ ਇਤਿਹਾਸ ਅਤੇ ਗੌਰਵਮਈ ਵਿਰਸੇ ਨਾਲ ਜੋੜਣ ਦਾ ਉੱਤਮ ਉਪਰਾਲਾ - ਭਾਈ ਸਰਬਜੀਤ ਸਿੰਘ



**ਫਗਵਾੜਾ (ਬੀ.ਕੇ.ਰੱਤੂ)–** ਸੋਸ਼ਲ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਪ੍ਰਭਾਵ ਕਾਰਣ ਸਿੱਖ ਇਤਿਹਾਸ ਅਤੇ ਸਿੱਖੀ ਸਰੂਪ ਤੋਂ ਦੂਰ ਹੋ ਰਹੇ ਬੱਚਿਆਂ ਅਤੇ ਨੌਜਵਾਨਾਂ ਨੂੰ ਆਪਣੇ ਵਿਰਸੇ ਨਾਲ ਜੋੜਣ ਲਈ ਸਿੱਖ ਸੰਸਥਾਵਾਂ ਨੂੰ ਸਿਆਸਤ ਤੋਂ ਉੱਪਰ ਉੱਠ ਕੇ ਸਾਰਥਿਕ ਕਦਮ ਚੁੱਕਣ ਦੀ ਲੋੜ ਹੈ। ਇਸ ਲਈ ਉਨਾਂ ਨੂੰ ਅਜਿਹੇ ਸਾਧਨਾਂ ਦੀ ਭਾਲ ਕਰਨ ਦੀ ਲੋੜ ਹੈ ਜਿਹੜੇ ਕਿ ਅੱਜ ਦੀ ਯੁਵਾ ਪੀੜੀ ਦੇ ਪਸੰਦੀਦਾ ਹੋਣ ਅਤੇ ਜਿਸ ਨਾਲ ਉਹ ਆਪਣੇ ਗੌਰਵਮਈ ਵਿਰਸੇ ਤੇ ਮਾਣ ਕਰ ਸਕਣ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਥ ਦੇ ਮਹਾਨ ਵਿਦਵਾਨ ਅਤੇ ਪ੍ਰਸਿਧ ਕਥਾਵਾਚਕ ਭਾਈ ਸਰਬਜੀਤ ਸਿੰਘ ਮੁੱਖ ਸਰਪ੍ਰਸਤ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਨੇ ਅੱਜ ਇੱਥੇ ਸਤਲੁਜ ਥੀਏਟਰ ਵਿਚ ਪਿੰਡ ਭਾਰਟਾ ਖੁਰਦ ਦੇ 56 ਸਕੂਲੀ ਬੱਚਿਆਂ ਅਤੇ ਨੌਜਵਾਨਾਂ ਨੂੰ ਮਸਤਾਨੇ ਫਿਲਮ ਦਿਖਾਉਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝਾ ਕੀਤਾ। ਉਨਾਂ ਕਿਹਾ ਕਿ ਇਸ ਫਿਲਮ ਵਿਚ ਸਿੱਖ ਕੌਮ ਦੇ ਮਾਣਮੱਤੇ ਇਤਿਹਾਸ ਦੀ ਝਲਕ ਸਾਫ ਨਜਰ ਆਉਂਦੀ ਹੈ। ਉਨਾ ਕਿਹਾ ਕਿ ਫਿਲਮ ਵਿਚ ਕਿਰਦਾਰ ਭਾਵੇਂ ਨਕਲੀ ਹਨ ਪਰ ਉਨਾ ਦੀ ਭਾਵਨਾ ਅਤੇ ਉਨਾਂ ਵਲੋਂ ਕੀਤੀ ਗਈ ਅਰਦਾਸ ਬਿਲਕੁਲ ਅਸਲੀ ਅਤੇ ਜਾਗਰੂਕ ਕਰਨ ਵਾਲੀ ਹੈ।

ਉਨਾ ਨੇ ਹੋਰ ਸੰਸਥਾਵਾਂ ਨੂੰ ਬੇਨਤੀ ਕੀਤੀ ਕਿ ਅਜਿਹੇ ਪ੍ਰਚਾਰ ਸਾਧਨਾਂ ਰਾਹੀਂ ਨੌਜਵਾਨਾਂ ਨੂੰ ਆਪਣੇ ਪੁਰਖਿਆਂ ਵਲੋਂ ਕੀਤੀਆਂ ਗਈਆਂ ਕੁਰਬਾਨੀਆਂ ਤੋਂ ਜਾਣੂ ਕਰਵਾਉਣ। ਉਨਾਂ ਨੇ ਫਿਲਮ ਦੇ ਨਿਰਦੇਸ਼ਕ ਅਤੇ ਪ੍ਰੋਡਿਊਸਰ ਨੂੰ ਵੀ ਬੇਨਤੀ ਕੀਤੀ ਉਹ ਭਵਿੱਖ ਵਿਚ ਵੀ ਅਜਿਹੇ ਉਪਰਾਲੇ ਜਾਰੀ ਰੱਖਣ। ਉਨਾਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਬਚਿਆਂ ਨੂੰ ਵੀ ਇਹ ਫਿਲਮ ਦਿਖਾਈ ਜਾਵੇਗੀ। ਇਸ ਮੌਕੇ ਉਨਾ ਦੇ ਨਾਲ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ, ਜਨਰਲ ਸਕੱਤਰ ਜਗਜੀਤ ਸਿੰਘ, ਨਰਿੰਦਰ ਸਿੰਘ ਭਾਰਟਾ, ਜਸਵੀਰ ਸਿੰਘ, ਤਰਲੋਚਨ ਸਿੰਘ, ਹਰਮਨਪ੍ਰੀਤ ਸਿੰਘ, ਗੁਰਦੀਪ ਕੌਰ ਅਤੇ ਹੋਰ ਪਤਵੰਤੇ ਮੌਜੂਦ ਸਨ।

# ਭਗਵੰਤ ਮਾਨ ਦੇ ਜ਼ਕਰੀਆ ਫੈਸਲਿਆਂ ਤੋਂ ਪੰਜਾਬੀ ਨਾ ਪਹਿਲਾਂ ਡਰਦੇ ਸਨ ਤੇ ਨਾ ਹੁਣ ਡਰਣਗੇ- ਜਸਵੀਰ ਸਿੰਘ ਗੜ੍ਹੀ

**ਫਗਵਾੜਾ1 ਸਤੰਬਰ (ਬੀ.ਕੇ.ਰੱਤੂ)–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸ: ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਨੋਟ ਰਾਹੀਂ ਕਹੀ ਹੈ ਕਿ ਅੰਗਰੇਜ਼ੀ ਦਾ ਯੂ-ਟਰਨ ਹਿੰਦੀ-ਪੰਜਾਬੀ ਵਿੱਚ ਥੁੱਕ ਕੇ ਚੱਟਣਾ ਬਣ ਜਾਂਦਾ ਹਨ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਇਹੋ ਨੀਤੀ ਚੱਲ ਰਹੀ ਹੈ। ਜਨਤਕ ਵਿਰੋਧ ਤੋਂ ਡਰਦਿਆਂ ਫੈਸਲਾ ਵਾਪਸ ਲੈ ਲਿਆ ਵਾਲੀ ਪਿਰਤ ਚੱਲ ਰਹੀ ਹੈ, ਇਹ ਸਭ ਕੁਝ ਪਿਛਲੇ 18 ਮਹੀਨਿਆਂ ਵਿੱਚ ਭਗਵੰਤ ਮਾਨ ਦੀ ਸਰਕਾਰ ਵਿੱਚ ਹੋਇਆ। ਤਾਜ਼ਾ ਫੈਸਲਾ 13278 ਪਿੰਡਾਂ ਦੀਆਂ ਪੰਚਾਇਤਾਂ ਨੂੰ ਭੰਗ ਕਰਨ ਦੇ ਮਾਮਲੇ ਵਿੱਚ ਲਿਆ ਗਿਆ ਹੈ। ਇਸ ਤੋਂ ਪਹਿਲਾਂ ਜੁਗਾੜੂ ਰੇਹੜੀ ਦਾ ਮਾਮਲਾ, ਮਾਛੀਵਾੜਾ ਵਿੱਚ ਇੰਡਸਟਰੀਅਲ ਪਾਰਕ ਬਣਾਉਣ ਦਾ ਫੈਸਲਾ ਵਾਪਸ ਲੈਣਾ ਆਦਿ ਅਹਿਮ ਹਨ। ਕਹਾਵਤ ਹੈ ਕਿ ਬੱਕਰੀ ਦੁੱਧ ਮੀਂਗਣਾਂ ਪਾਕੇ ਦਿੰਦੀ ਹੈ, ਜਦੋਂ ਸਰਕਾਰ ਨੇ ਪਿੰਡਾਂ ਦੀਆਂ ਪੰਚਾਇਤਾਂ ਨੂੰ ਬਹਾਲ ਕਰ ਦਿੱਤਾ ਹੈ ਤਾਂ ਪੰਚਾਇਤਾਂ ਦੇ ਫੰਡ ਵੀ ਬਹਾਲ ਕਰਨੇ ਚਾਹੀਦੇ ਹਨ ਤਾਂ ਜੋ ਰੁਕੇ ਹੋਏ ਵਿਕਾਸ ਕਾਰਜਾਂ ਨੂੰ ਨੇਪਰੇ ਚਾੜ੍ਹਿਆ ਜਾ ਸਕੇ।



ਸ: ਜਸਵੀਰ ਗੜ੍ਹੀ ਨੇ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਗਾਰੰਟੀ ਦਿੱਤੀ ਸੀ ਕਿ ਪੰਜਾਬ ਵਿੱਚ ਧਰਨੇ ਨਹੀਂ ਲੱਗਣ ਦਿੱਤੇ ਜਾਣਗੇ, ਪਰ ਅੱਜ ਪੰਜਾਬ ਧਰਨੇ ਵਾਲਾ ਸੂਬਾ ਬਣ ਗਿਆ ਹੈ। ਕਿਸਾਨਾਂ, ਦਲਿਤਾਂ, ਮਜ਼ਦੂਰਾਂ ਅਤੇ ਮੁਲਾਜ਼ਮਾਂ 'ਤੇ ਨਾ ਸਿਰਫ਼ ਲਾਠੀਚਾਰਜ ਕੀਤਾ ਜਾ ਰਿਹਾ ਹੈ ਸਗੋਂ ਨਿਰਦੋਸ਼ਾਂ ਤੇ ਝੂਠੇ ਪੁਲਿਸ ਕੇਸ ਵੀ ਦਰਜ ਕੀਤੇ ਜਾ ਰਹੇ ਹਨ। ਸ: ਗੜ੍ਹੀ ਨੇ ਕਿਹਾ ਕਿ ਸਰਕਾਰ ਨੇ ਸੂਬੇ ਵਿਚ ਪਟਵਾਰ ਯੂਨੀਅਨ ਦੇ ਮੁੱਦੇ 'ਤੇ ਐਸਮਾ ਲਾਗੂ ਕਰਨ ਦਾ ਤਾਨਾਸ਼ਾਹੀ ਫੈਸਲਾ ਦਿੱਤਾ ਹੈ, ਜਿਸ ਵਿਚ ਮੁਲਾਜ਼ਮਾਂ ਦੀਆਂ ਨੌਕਰੀਆਂ ਖੋਹਣ ਦੀ ਧਮਕੀ ਵੀ ਦਿੱਤੀ ਹੈ । ਪਰ ਪੰਜਾਬੀ ਨਾ ਤਾਂ ਜ਼ਕਰੀਆ ਦੇ ਸਮੇਂ ਸਿਰ ਦੇਣ ਤੋਂ ਡਰਦੇ ਸਨ ਤੇ ਨਾ ਹੀ ਅੱਜ ਭਗਵੰਤ ਮਾਨ ਦੇ ਜ਼ਕਰੀਆ ਫੈਸਲਿਆਂ ਤੋਂ ਡਰਣਗੇ। ਬਹੁਜਨ ਸਮਾਜ ਪਾਰਟੀ ਪੰਜਾਬ ਦੇ ਲੋਕਾਂ ਦੇ ਨਾਲ ਹੈ। ਸਰਕਾਰ ਨੂੰ ਅਪੀਲ ਹੈ ਕਿ ਪਟਵਾਰ ਯੂਨੀਅਨ ਦੀਆਂ ਮੰਗਾਂ ਨੂੰ ਪ੍ਰਵਾਨ ਕਰਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਗਿਰਦਾਵਰੀ ਦਾ ਕੰਮ ਕਰਵਾਇਆ ਜਾਵੇ ਅਤੇ ਬਹਾਨੇ ਬਣਾਕੇ ਗਿਰਦਾਵਰੀ ਤੋਂ ਭੱਜਣ ਦੀ ਬਜਾਏ ਸਹਿਯੋਗ ਲੈਕੇ ਕੰਮ ਕਰਨ ਤਾਂਕਿ ਕਿਸਾਨਾਂ-ਮਜ਼ਦੂਰਾਂ ਨੂੰ ਮੁਆਵਜ਼ਾ ਮਿਲ ਸਕੇ ਅਤੇ ਕਰਮਚਾਰੀਆਂ ਦੀਆਂ ਮੰਗਾਂ ਪੂਰੀਆਂ ਹੋ ਸਕਣ।

# ਆਉ ! ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਰਿਸ਼ਤੇ ਨੂੰ ਮਜ਼ਬੂਤ ਕਰਨ ਵੱਲ ਧਿਆਨ ਦੇਈਏ

ਅਧਿਆਪਕ ਦੀ ਗੱਲ ਕਰੀਏ ਤਾਂ ਉਹ ਸਮਾਜ ਦਾ ਰਾਹ ਦਸੇਰਾ ਹੁੰਦਾ ਹੈ ਅਤੇ ਸਿਰਫ਼ ਭਾਸ਼ਣ ਦੇਣਾ ਤੇ ਸਿਲੇਬਸ ਪੂਰਾ ਕਰਵਾ ਦੇਣਾ ਹੀ ਇਸ ਕਿੱਤੇ ਲਈ ਕਾਫ਼ੀ ਨਹੀਂ ਹੁੰਦਾ ਅਧਿਆਪਕ ਦਾ ਕੰਮ ਮੋਮਬੱਤੀ ਵਾਂਗ ਖ਼ੁਦ ਨੂੰ ਬਾ਼ਲ ਕੇ ਦੂਸਰਿਆਂ ਨੂੰ ਵਿੱਦਿਆ ਦਾ ਚਾਨਣ ਵੰਡਣਾ ਹੈ। ਨੈਤਿਕ ਕਦਰਾਂ-ਕੀਮਤਾਂ ਤੇ ਸਿਰਫ਼ ਭਾਸ਼ਣ ਝਾੜਨਾ ਹੀ ਕਾਫ਼ੀ ਨਹੀਂ ਸਗੋਂ ਵਿਦਿਆਰਥੀਆਂ ਦੇ ਸਾਹਮਣੇ ਉਸ ਤਰੀਕੇ ਨਾ਼ਲ ਵਿਚਰਨਾ ਚਾਹੀਦਾ ਹੈ ਜਿਸ ਤਰ੍ਹਾਂ ਅਸੀਂ ਉਹਨਾਂ ਤੋਂ ਉਮੀਦ ਕਰਦੇ ਹਾਂ ਹਰ ਗੱਲ ਗੁੱਸੇ ਨਾਲ ਵੀ ਨਹੀਂ ਸਿਖਾਈ ਜਾ ਸਕਦੀ।

ਅਜਿਹੇ ਸਮੇਂ ਚ' ਕੇਵਲ ਅਧਿਆਪਕ ਹੀ ਇੱਕ ਅਜਿਹਾ ਵਿਅਕਤੀ ਹੈ ਜੋ ਕਿ ਦੂਸਰਿਆਂ ਨੂੰ ਪੜ੍ਹਾ ਲਿਖਾ ਕੇ ਇੱਕ ਚੰਗਾ ਇਨਸਾਨ ਬਣਾਉਣ ਦੇ ਨਾਲ-ਨਾਲ ਉੱਚ ਅਹੁਦਿਆਂ ਤੇ ਪਹੁੰਚਦਾ ਦੇਖ ਕੇ ਖ਼ੁਸ਼ੀ ਮਹਿਸੂਸ ਕਰਦਾ ਹੈ। ਅਧਿਆਪਕ ਦਾ ਕਿੱਤਾ ਦੁਨੀਆਂ ਦੇ ਸਭ ਕੰਮਾਂ ਦੇ ਨਾਲੋਂ ਚੰਗਾ, ਉੱਤਮ ਅਤੇ ਸਤਿਕਾਰ ਵਾਲਾ ਹੈ।

ਅਧਿਆਪਕ ਵਰਗ ਨੂੰ ਵੀ ਚਾਹੀਦਾ ਹੈ ਕਿ ਉਹ ਵੀ ਆਪਣੇ ਆਪ ਨੂੰ ਡਾ. ਰਾਧਾ ਕ੍ਰਿਸ਼ਨਨ ਦੀ ਤਰ੍ਹਾਂ ਰੂਪ ਵਿੱਚ ਦੇਸ਼ ਦਾ ਨਿਰਮਾਤਾ ਬਣਾਉਣ ਲਈ ਹਰ ਤਰ੍ਹਾਂ ਦਾ ਬਲੀਦਾਨ ਦੇਣ ਲਈ ਹਰ ਸਮੇਂ ਤਿਆਰ ਰੱਖੇ। ਆਪਣੇ ਨਿੱਜੀ ਹਿੱਤਾਂ ਦਾ ਦੇਸ਼ ਦੇ ਹਿੱਤਾਂ ਲਈ ਤਿਆਗ ਕਰਨ। ਆਪਣੇ ਆਪ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਦੇ ਹੋਏ ਵਿਦਿਆਰਥੀਆਂ ਲਈ ਅਤੇ ਸਮਾਜ ਲਈ ਰੋਲ ਮਾਡਲ ਬਣ ਕੇ ਦਿਖਾਉਣ।

ਲੋੜ ਹੈ ਉਹਨਾਂ ਨੂੰ ਵਿਸ਼ਵਾਸ ਵਿੱਚ ਲੈਣ ਦੀ ਅੱਜ ਨਸ਼ੇ ਦੀ ਹਨ੍ਹੇਰੀ ਝੁੱਲ ਰਹੀ ਹੈ ਅਤੇ ਹੋਰ ਬਹੁਤ ਸਾਰੀਆਂ ਸਮੱਸਿਆਵਾਂ ਹਨ, ਜਿਹਨਾਂ ਤੋਂ ਬਹੁਤ ਸਾਰੇ ਮਾਪੇ ਅਣਜਾਣ ਹਨ ਇਹਨਾਂ ਹਾਲਾਤਾਂ ਵਿੱਚ ਅਧਿਆਪਕ ਨੂੰ ਹੋਰ ਵੀ ਸੁਚੇਤ ਰੂਪ ਨਾਲ ਵਿਦਿਆਰਥੀਆਂ ਵੱਲ ਧਿਆਨ ਦੇਣ ਦੀ ਲੋੜ ਹੈ ਅਧਿਆਪਨ ਦੇ ਨਾਲ-ਨਾਲ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਉਹਨਾਂ ਨੂੰ ਉਤਸ਼ਾਹਿਤ ਕਰੇ ਅਤੇ ਸਮੇਂ-ਸਮੇਂ 'ਤੇ ਉਹਨਾਂ ਦੀਆਂ ਸਮਾਜ ਪ੍ਰਤੀ ਜ਼ਿੰਮੇਵਾਰੀਆਂ ਤੋਂ ਜਾਣੂ ਕਰਵਾਉਂਦਾ ਰਹੇ ਅੱਜ ਲੋੜ ਹੈ ਕਿ ਇਸ ਰਿਸ਼ਤੇ ਨੂੰ ਹੋਰ ਮਜ਼ਬੂਤ ਕੀਤਾ ਜਾਵੇ ਅਧਿਆਪਕ ਪ੍ਰਤੀ ਸਤਿਕਾਰ ਦੀ ਭਾਵਨਾ ਬਣੇ ਅਤੇ ਅਧਿਆਪਕ ਵੀ ਅਧਿਆਪਕ ਹੋਣ ਦਾ ਫਰਜ਼ ਨਿਭਾਉਣ ਨੂੰ ਤਰਜ਼ੀਹ ਦੇਣ ਤਾਂ ਕਿ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਮਜ਼ਬੂਤ ਰਿਸ਼ਤਾ ਬਣੇ ਅਤੇ ਵਿਦਿਆਰਥੀਆਂ ਦੀ ਜ਼ਿੰਦਗੀ ਵਿੱਚ ਕਾਮਯਾਬੀ ਹਾਸਲ ਕਰ ਸਕੇ।

**– ਰਾਜਿੰਦਰ ਰਾਣੀ, ਪਿੰਡ ਗੰਢੂਆਂ ਜ਼ਿਲ੍ਹਾ ਸੰਗਰੂਰ**

# ਪੰਚਾਇਤਾਂ ਭੰਗ ਕਰਨ ਦੇ ਮਸਲੇ 'ਤੇ ਮੁੱਖ ਮੰਤਰੀ ਪੰਜਾਬੀਆਂ ਤੋਂ ਮੰਗਣ ਮੁਆਫੀ : ਜਾਖੜ

**ਚੰਡੀਗੜ੍ਹ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਚਾਇਤਾਂ ਭੰਗ ਕਰਨ ਦੇ ਮਾਮਲੇ ਦੀ ਜ਼ਿੰਮੇਵਾਰੀ ਅਧਿਕਾਰੀਆਂ ਉਪਰ ਪਾਉਣ ਤੇ ਮੁੱਖ ਮੰਤਰੀ ਦੀ ਕਰੜੇ ਸ਼ਬਦਾਂ ਵਿਚ ਆਲੋਚਨਾ ਕਰਦਿਆਂ ਕਿਹਾ ਹੈ ਕਿ ਆਪਣੀਆਂ ਨਾਕਾਮੀਆਂ ਦੂਜਿਆਂ ਤੇ ਸੁਟਣ ਨਾਲ ਸਰਕਾਰ ਨਹੀਂ ਚਲਦੀ। ਇਥੇ ਭਾਜਪਾ ਪੰਜਾਬ ਦੇ ਮੁੱਖ ਦਫਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਮਾਮਲੇ ਤੇ ਤੁਰੰਤ ਮੁੱਖ ਮੰਤਰੀ ਭਗਵੰਤ ਮਾਨ ਆਪਣੀ ਗਲਤੀ ਮੰਨਕੇ ਪੰਜਾਬੀਆਂ ਤੋਂ ਮਾਫੀ ਮੰਗਣ, ਕਿਉਂਕਿ ਇਸ ਗਲਤੀ ਲਈ ਉਹ ਖੁਦ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਇਸ ਵਰਤਾਰੇ ਨਾਲ ਪੰਜਾਬ ਸਰਕਾਰ ਦੀ ਬੇਇਜ਼ਤੀ ਹੋਈ ਹੈ, ਆਮ ਆਦਮੀ ਪਾਰਟੀ ਦੀ ਨਹੀਂ।




ਸੁਨੀਲ ਜਾਖੜ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਨੂੰ ਲਾਵਾਰਿਸ ਛੱਡ ਕੇ ਆਪਣੇ ਬੌਸ ਦੇ ਸਾਰਥੀ ਬਣ ਕੇ ਉਹਨਾਂ ਲਈ ਦੇਸ਼ ਭਰ ਵਿੱਚ ਸਿਆਸੀ ਜ਼ਮੀਨ ਤਿਆਰ ਕਰਨ ਵਿੱਚ ਲੱਗੇ ਹੋਏ ਹਨ। ਮੁੱਖ ਮੰਤਰੀ ਦਾ ਧਿਆਨ ਰਾਸ਼ਟਰੀ ਰਾਜਨੀਤੀ ਵਿੱਚ ਹੈ, ਤਾਂ ਅਜਿਹੇ ਵਿੱਚ ਪੰਜਾਬ ਵੱਲ ਉਹਨਾਂ ਦਾ ਕੋਈ ਧਿਆਨ ਨਹੀਂ ਹੈ, ਜਿਸ ਕਾਰਨ ਪੰਜਾਬੀਆਂ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਇਹ ਵੀ ਦੱਸਣ ਕਿ ਪੰਚਾਇਤਾਂ ਭੰਗ ਕਰਨ ਦਾ ਫੈਸਲਾ ਕਿਸਦਾ ਸੀ ਤੇ ਕੀ ਇਹ ਫੈਸਲਾ ਕੈਬਨਿਟ ਮੀਟਿੰਗ ਵਿੱਚ ਵਿਚਾਰਿਆ ਗਿਆ ਸੀ ਜਾਂ ਨਹੀਂ। ਉਨ੍ਹਾਂ ਕਿਹਾ ਕਿ ਮਾਨਯੋਗ ਅਦਾਲਤ ਦਾ ਸਖਤ ਰੁੱਖ ਵੇਖ ਕੇ ਹੀ ਪੰਜਾਬ ਸਰਕਾਰ ਨੇ ਨਮੋਸ਼ੀ ਤੋਂ ਬਚਣ ਲਈ ਹੀ ਇਹ ਫੈਸਲਾ ਵਾਪਿਸ ਲਿਆ ਹੈ।

ਜਾਖੜ ਨੇ ਸ਼ੰਕਾ ਪ੍ਰਗਟ ਕੀਤੀ ਕਿ ਇਹ ਫੈਸਲਾ ਕਿਤੇ ਦਿੱਲੀ ਤੋਂ ਤਾਂ ਨਈ ਆਇਆ ਸੀ। ਜਾਖੜ ਨੇ ਕਿਹਾ ਕਿ ਇਹ ਝੂਠ ਦੀ ਸਰਕਾਰ ਹੈ ਤੇ ਝੂਠ ਤੇ ਝੂਠ ਬੋਲ ਕੇ ਡੰਗ ਟਪਾ ਰਹੀ ਹੈ। ਇਸ ਮਸਲੇ ਤੇ ਵੀ ਸਰਕਾਰ ਨੇ ਝੂਠ ਹੀ ਬੋਲੇ ਹਨ। ਸਰਕਾਰ ਨੇ ਫੈਸਲਾ ਵਾਪਸ ਨਹੀਂ ਲਿਆ ਸਗੋਂ ਫ਼ੈਸਲਾ ਵਾਪਸ ਲੈਣ ਲਈ ਇਹਨਾਂ ਨੂੰ ਮਜਬੂਰ ਕੀਤਾ ਗਿਆ ਹੈ। ਇਸ ਫ਼ੈਸਲੇ ਨੇ ਸਰਕਾਰ ਦੀ ਕਿਰਕਿਰੀ ਕਰਵਾਈ ਹੈ।

ਸੁਨੀਲ ਜਾਖੜ ਨੇ ਕਿਹਾ ਕਿ ਹਾਲੇ ਵੀ ਸਰਕਾਰ ਇਸ ਮਸਲੇ ਤੇ ਆਪਣੀ ਗਵਾਚੀ ਸਾਖ ਬਚਾਉਣ ਲਈ ਰਾਹ ਲੱਭ ਰਹੀ ਹੈ। ਸਰਕਾਰ ਚਾਹੁੰਦੀ ਹੈ ਕਿ ਪੰਚਾਇਤਾਂ ਬਹਾਲ ਰਹਿਣ, ਪਰ ਵਿੱਤੀ ਕੰਮ ਪ੍ਰਬੰਧਕ ਕਰਨ। ਹਾਲੇ ਵੀ ਪੰਚਾਇਤਾਂ ਤੇ ਵਿੱਤੀ ਐਮਰਜੈਂਸੀ ਲੱਗੀ ਹੋਈ ਹੈ। ਉਨ੍ਹਾਂ ਕਿਹਾ ਇਸ ਮਸਲੇ ਤੇ ਅਸੀਂ ਰੱਜ ਕੇ ਵਿਰੋਧ ਕਰਾਂਗੇ ਜਿੰਨਾ ਚਿਰ ਪੰਚਾਇਤਾਂ ਨੂੰ ਬਹਾਲ ਕਰਕੇ ਸਾਰੇ ਅਧਿਕਾਰ ਵਾਪਿਸ ਨਹੀਂ ਦਿੱਤੇ ਜਾਂਦੇ। ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਗਠਜੋੜ ਤੇ ਬੋਲਦਿਆਂ ਸੁਨੀਲ ਜਾਖੜ ਨੇ ਕਿਹਾ ਕਿ ਹੁਣ ਸੱਚ ਜਗ ਜਾਹਿਰ ਹੋ ਚੁੱਕਾ ਹੈ ਜਿਹੜੇ ਲੋਕ ਕਹਿੰਦੇ ਸਨ ਕਿ ਕੇਜਰੀਵਾਲ ਤੇ ਭਗਵੰਤ ਮਾਨ ਦਾ ਇੰਡੀਆ ਗੱਠਜੋੜ ਨਾਲ ਕੋਈ ਵਾਹ ਵਾਸਤਾ ਨਹੀਂ, ਉਹ ਹੁਣ ਜਵਾਬ ਦੇਣ।

ਜਾਖੜ ਨੇ ਤਸਵੀਰਾਂ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਦੀ ਵਿਰੋਧੀ ਧਿਰ ਕਾਂਗਰਸ ਅਧਿਕਾਰਿਤ ਤੌਰ ਤੇ ਆਮ ਆਦਮੀ ਪਾਰਟੀ ਦੇ ਨਾਲ ਇੱਕਮਿਕ ਹੋ ਗਈ ਹੈ। ਕਾਂਗਰਸ ਹਾਈ ਕਮਾਂਡ ਨੂੰ ਵੀ ਪਤਾ ਸੀ ਕਿ ਪੰਜਾਬ ਕਾਂਗਰਸ ਦੀ ਆਮ ਆਦਮੀ ਪਾਰਟੀ ਨਾਲ ਪਹਿਲਾਂ ਹੀ ਸਾਂਠ ਗਾਂਠ ਹੋ ਚੁੱਕੀ ਸੀ। ਇਸੇ ਲਈ ਕਾਂਗਰਸ ਵੱਲੋਂ ਦੂਜੀਆਂ ਪਾਰਟੀਆਂ ਨਾਲ ਗੱਠਜੋੜ ਕਰਨ ਤੇ ਵਿਰੋਧ ਕਰਨ ਵਾਲੇ ਦਿੱਲੀ ਦੇ ਪ੍ਰਧਾਨ ਨੂੰ ਤਾਂ ਬਦਲ ਦਿੱਤਾ ਗਿਆ, ਪਰ ਪੰਜਾਬ ਵਾਲੇ ਵਿਰੋਧ ਕਰਨ ਵਾਲਿਆਂ ਖਿਲਾਫ਼ ਕੋਈ ਕਾਰਵਾਈ ਨਹੀਂ ਹੋਈ, ਇਸ ਤੋਂ ਸਾਫ਼ ਹੈ ਕਿ ਪੰਜਾਬ ਦੀ ਕਾਂਗਰਸ ਦੇ ਲੀਡਰ ਅੰਦਰ ਖਾਤੇ ਪਹਿਲਾਂ ਹੀ ਆਮ ਆਦਮੀ ਪਾਰਟੀ ਨਾਲ ਸਮਝੌਤਾ ਕਰ ਚੁੱਕੇ ਹਨ।

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪ੍ਰਵਾਸੀਆਂ ਦੇ ਸ਼ੋਸ਼ਣ 'ਚ ਉਹੀ ਵਿਅਕਤੀ ਸ਼ਾਮਿਲ ਜੋ 15 ਸਾਲ ਤੋਂ ਇਮੀਗ੍ਰੇਸ਼ਨ ਦੇ ਨਿਸ਼ਾਨੇ 'ਤੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਪੰਜਾਬੀ ਦੇ ਵਿਚ ਕੁਝ ਕਹਾਵਤਾਂ ਕਈ ਵਾਰ ਕਹਾਣੀਆਂ ਬਣ ਕੇ ਸਾਹਮਣੇ ਆਉਂਦੀਆਂ ਹਨ। ਇਕ ਕਹਾਵਤ ਹੈ ਕਿ 'ਚੋਰ ਚੋਰੀ ਤੋਂ ਜਾਏ ਪਰ ਹੇਰਾਫੇਰੀ ਤੋਂ ਨਾ ਜਾਏ' ਅਤੇ ਦੂਜੀ ਹੈ ਕਿ 'ਮੂੰਹ ਤੋਂ ਲਾਹੀ ਲੋਈ, ਕੀ ਕਰੇਗਾ ਕੋਈ।'' ਭਾਵ ਕਿ ਚੋਰ ਚੋਰੀ ਕਰਨ ਤੋਂ ਹਟ ਸਕਦਾ ਹੈ, ਪਰ ਹੇਰਾਫੇਰੀ ਨਹੀਂ ਛੱਡ ਸਕਦਾ, ਇਸੀ ਤਰ੍ਹਾਂ ਬੇਸ਼ਰਮ ਤੇ ਢੀਠ ਬੰਦੇ ਧੋਖੇ ਕਰਨਾ ਨਹੀਂ ਛੱਡਦੇ, ਮੌਕਾ ਮਿਲਦਿਆਂ ਹੀ ਕਾਰਾ ਕਰ ਜਾਂਦੇ ਹਨ। ਅਜਿਹਾ ਹੀ ਇਕ ਧੋਖੇਬਾਜ਼ ਅਤੇ ਢੀਠ ਕਿਸਮ ਦਾ ਵਿਅਕਤੀ ਸਾਹਮਣੇ ਆਇਆ ਹੈ ਜਿਹੜਾ 100 ਤੋਂ ਵੱਧ ਪ੍ਰਵਾਸੀ ਵਿਅਕਤੀਆਂ ਦਾ ਨਿਊਜ਼ੀਲੈਂਡ ਦਾ ਵਰਕ ਵੀਜ਼ਾ (ਬਿਨਾਂ ਕੰਮ ਵਾਲਾ ) ਲਗਵਾ ਕੇ ਸ਼ੋਸ਼ਣ ਕਰ ਗਿਆ। ਕਥਿਤ ਤੌਰ 'ਤੇ ਇਸ ਦੋਸ਼ੀ ਮੰਨੇ ਜਾ ਰਹੇ ਇਸ ਵਿਅਕਤੀ ਉਤੇ ਇਮੀਗ੍ਰੇਸ਼ਨ ਨਿਊਜ਼ੀਲੈਂਡ 15 ਸਾਲਾਂ ਤੋਂ ਨਿਗ੍ਹਾ ਰੱਖ ਰਹੀ ਹੈ ਅਤੇ




ਜਾਂਚ ਦੇ ਅਧੀਨ ਹੈ। ਇਸ ਦੇ ਬਾਵਜੂਦ ਅਗਲਾ ਖੇਡ ਖੇਡ ਗਿਆ। ਨਿਊਜ਼ ਹੱਬ ਦੀ ਖਬਰ ਅਨੁਸਾਰ ਸ਼ੋਸ਼ਣ ਨਾਲ ਜੁੜੀਆਂ ਮੰਨੀਆਂ ਜਾਂਦੀਆਂ ਕੰਪਨੀਆਂ ਵਿੱਚੋਂ ਇੱਕ ਕੰਪਨੀ ਦੀਵਾਲੀਏਪਨ ਦਾ ਸ਼ਿਕਾਰ ਹੋਣ ਦੇ ਬਾਵਜੂਦ ਵੀ ਇਮੀਗ੍ਰੇਸ਼ਨ ਨਿਊਜ਼ੀਲੈਂਡ ਤੋਂ ਮਾਨਤਾ ਪ੍ਰਾਪਤ ਰਹੀ ਹੈ। ਇਮੀਗ੍ਰੇਸ਼ਨ ਅਧਿਕਾਰੀਆਂ ਦਾ ਮੰਨਣਾ ਹੈ ਕਿ 115 ਪ੍ਰਵਾਸੀਆਂ, ਕਈ ਕੰਪਨੀਆਂ, ਸੰਪਤੀਆਂ ਅਤੇ ਵਿਅਕਤੀਆਂ ਦੇ ਸ਼ੋਸ਼ਣ ਦਾ ਇੱਕ ਵਿਆਪਕ ਮਾਮਲਾ ਹੈ, ਇਸ ਨੂੰ ਸਾਹਮਣੇ ਲਿਆਂਦਾ ਜਾ ਰਿਹਾ ਹੈ। ਰਵੀ ਕੁਮਾਰ ਨਾਂਅ ਦੇ ਵਿਅਕਤੀ ਦਾ ਇਸ ਮਾਮਲੇ ਵਿਚ ਨਾਂਅ ਪ੍ਰਕਾਸ਼ਿਤ ਹੋਇਆ ਹੈ। ਇਹ ਵਿਅਕਤੀ ਪਹਿਲਾਂ ਵੀ ਕਈ ਸਾਲਾਂ ਤੋਂ ਇਮੀਗ੍ਰੇਸ਼ਨ ਜਾਂਚ ਦੇ ਅਧੀਨ ਸੀ। ਉਹ ਅਦਾਲਤਾਂ ਵਿੱਚੋਂ ਲੰਘਿਆ ਹੋਇਆ ਸੀ ਪਰ ਹੁਣ ਫਿਰ ਤਾਜ਼ਾ ਮਾਮਲੇ ਵਿਚ ਸ਼ਮੂਲੀਅਤ ਨਜ਼ਰ ਆ ਰਹੀ ਹੈ। ਸੀ. ਪੀ. ਐਲ. ਮਜ਼ਦੂਰ ਪੂਰਤੀ ਕੰਪਨੀ ਵੀ ਪ੍ਰਵਾਸੀ ਸ਼ੋਸ਼ਣ ਮਾਮਲੇ ਨਾਲ ਸਬੰਧਿਤ ਹੈ।

# 2021 ਰੈਜ਼ੀਡੈਂਟ ਵੀਜ਼ੇ ਰਾਹੀਂ 207,085 ਤੋਂ ਵੱਧ ਲੋਕ ਹੋ ਚੁੱਕੇ ਹਨ ਪੱਕੇ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲ)-** ਨਿਊਜ਼ੀਲੈਂਡ ਇਮੀਗ੍ਰੇਸ਼ਨ ਵਾਲਿਆਂ ਨੇ '2021 ਰੈਜ਼ੀਡੈਂਟ ਵੀਜ਼ਾ' ਅਰਜ਼ੀਆਂ ਦਾ ਕਾਫੀ ਕੰਮ ਨਿਬੇੜ ਲਿਆ ਗਿਆ ਹੈ। 26 ਅਗਸਤ 2023 ਤੱਕ ਪ੍ਰਾਪਤ ਹੋਏ ਅੰਕੜੇ ਦਸਦੇ ਹਨ ਕਿ ਇਸ ਵੀਜ਼ਾ ਸ਼੍ਰੇਣੀ ਤਹਿਤ ਕੁੱਲ 106,456 ਅਰਜ਼ੀਆਂ (ਅੱਪਡੇਟਿਡ) ਪ੍ਰਾਪਤ ਹੋਈਆਂ ਹਨ। ਇਨ੍ਹਾਂ




ਅਰਜ਼ੀਆਂ ਦੇ ਵਿਚ ਪੱਕੇ ਹੋਣ ਵਾਲਿਆਂ ਦੀ ਅੱਪਡੇਟਡ ਕੁੱਲ ਗਿਣਤੀ 217,701 ਬਣਦੀ ਹੈ। ਉਪਰੋਕਤ ਅਰਜ਼ੀਆਂ ਦੇ ਵਿਚੋਂ ਇਮੀਗ੍ਰੇਸ਼ਨ ਵਿਭਾਗ ਵਾਲਿਆਂ ਨੇ ਬਹੁਤਾ ਕੰਮ ਖਿਚਦਿਆਂ 101,854 ਅਰਜ਼ੀਆਂ ਦਾ ਨਿਬੇੜਾ ਕਰ ਦਿੱਤਾ ਹੈ ਅਤੇ 207,085 ਲੋਕਾਂ ਨੂੰ ਰੈਜ਼ੀਡੈਂਟ ਵੀਜ਼ਾ ਦੇ ਕੇ ਉਨ੍ਹਾਂ ਦਾ ਸੁਪਨਾ ਸਾਕਾਰ ਕਰ ਦਿੱਤਾ ਹੈ। ਇਸ ਦੌਰਾਨ 484 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ।

ਕਿੰਨੇ ਕੁ ਰਹਿ ਗਏ? ਲਗਪਗ 10,615 ਲੋਕਾਂ ਦੀ ਕਿਸਮਤ ਦਾ ਫੈਸਲਾ 4,118 ਬਚੀਆਂ ਅਰਜ਼ੀਆਂ ਦੇ ਵਿਚ ਲਪੇਟਿਆ ਪਿਆ ਹੈ, ਇਨ੍ਹਾਂ ਨੂੰ 'ਅਪਰੂਵਲ' ਵਾਲੀ ਈਮੇਲ ਆਉਣ ਦੀ ਹਮੇਸ਼ਾਂ ਬਿੜਕ ਬਣੀ ਰਹਿੰਦੀ ਹੈ, ਲਗਦਾ ਹੈ ਇਹ ਸਾਰਾ ਕਾਰਜ ਸਤੰਬਰ ਮਹੀਨੇ ਤੱਕ ਹੋ ਜਾਵੇਗਾ। ਪਹਿਲੇ ਗੇੜ ਦੀਆਂ ਅਰਜ਼ੀਆਂ 1 ਦਸੰਬਰ 2021 ਨੂੰ ਸ਼ੁਰੂ ਹੋਈਆਂ ਸਨ ਅਤੇ ਦੂਜੇ ਗੇੜ ਦੀਆਂ 1 ਮਾਰਚ 2022 ਨੂੰ ਸ਼ੁਰੂ ਹੋਈਆਂ ਸਨ ਤੇ 31 ਜੁਲਾਈ 2022 ਨੂੰ ਬੰਦ ਕਰ ਦਿੱਤੀਆਂ ਗਈਆਂ ਸਨ। ਪ੍ਰਤੀ ਅਰਜ਼ੀ ਫੀਸ 2160 ਡਾਲਰ ਰੱਖੀ ਗਈ ਸੀ। ਭਾਰਤੀਆਂ ਦੀ ਸੰਖਿਆ: ਇਸ ਵੀਜ਼ਾ ਸ਼੍ਰੇਣੀ ਅਧੀਨ 55,500 ਅਰਜ਼ੀਆਂ ਭਾਰਤੀਆਂ ਦੀਆਂ ਹਨ।

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਐਸਮਾ ਖ਼ਿਲਾਫ਼ ਆਵਾਜ਼ ਉਠਾਉਣ ਦਾ ਸੱਦਾ

**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਲਿਖਤੀ ਪ੍ਰੈਸ ਬਿਆਨ ਰਾਹੀਂ ਪੰਜਾਬ ਸਰਕਾਰ ਵੱਲੋਂ ਹੜਤਾਲ 'ਤੇ ਜਾਣ ਵਾਲੇ ਸਰਕਾਰੀ ਮੁਲਾਜ਼ਮਾਂ 'ਤੇ 'ਜਰੂਰੀ ਸੇਵਾਵਾਂ ਐਕਟ' (ਐਸਮਾ) ਮੜ੍ਹਕੇ, ਉਹਨਾਂ ਦੇ ਮੁੱਢਲੇ ਜਮਹੂਰੀ ਅਧਿਕਾਰਾਂ ਉਪਰ ਛਾਪਾ ਮਾਰਨ ਦੀ ਧਮਕੀ ਦਾ ਵਿਰੋਧ ਕੀਤਾ ਹੈ।




ਕਮੇਟੀ ਆਗੂਆਂ ਦਾ ਵਿਚਾਰ ਹੈ ਕਿ ਪੰਜਾਬ ਸਰਕਾਰ ਦਾ ਰਵੱਈਆ ਮੁਲਾਜ਼ਮਾਂ ਅਤੇ ਸਮੂਹ ਲੋਕ-ਹਿੱਸਿਆਂ ਦੀਆਂ ਮੰਗਾਂ ਉਪਰ ਗੌਰ ਕਰਕੇ ਹੱਲ ਕਰਨ ਵਾਲਾ ਹੋਣ ਦੀ ਬਜਾਏ ਸ਼ਰੇਆਮ ਧਮਕੀ ਭਰਿਆ ਅਤੇ ਗੈਰ ਜਮਹੂਰੀ ਹੈ।

ਉਹਨਾਂ ਕਿਹਾ ਕਿ ਸਰਕਾਰ ਦਾ ਐਲਾਨ ਬਹੁਤ ਚਲਾਕੀ ਭਰਿਆ ਵੀ ਹੈ ਜੋ ਪੰਜਾਬ ਦੇ ਲੋਕਾਂ ਖ਼ਾਸ ਕਰਕੇ ਬੇਰੁਜ਼ਗਾਰ ਨੌਜਵਾਨਾਂ ਨੂੰ ਗੁੰਮਰਾਹ ਕਰਕੇ, ਹੜਤਾਲੀ ਮੁਲਾਜ਼ਮਾਂ ਦੇ ਖ਼ਿਲਾਫ਼ ਖੜ੍ਹਾ ਕਰਨ ਵਾਲਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਪੰਜਾਬ ਵਾਸੀਆਂ ਅਤੇ ਖਾਸ ਕਰਕੇ ਸਮੂਹ ਲੋਕ-ਪੱਖੀ ਸੰਸਥਾਵਾਂ ਨੂੰ ਜਾਗਦੇ ਰਹਿਣ ਦਾ ਹੋਕਾ ਦਿੰਦਿਆਂ ਕਿਹਾ ਹੈ ਕਿ ਇਹ ਸਰਕਾਰ ਵੱਲੋਂ ਪੰਜਾਬੀਆਂ ਅੱਗੇ ਮੁੱਢਲਾ ਟੈਸਟ ਪੇਪਰ ਪੇਸ਼ ਕੀਤਾ ਗਿਆ ਹੈ ਕਿ ਹੋਰ ਤਬਕਿਆਂ ਨੂੰ ਝਾਂਸੇ ਵਿੱਚ ਲਿਆ ਜਾ ਸਕੇ। ਕਮੇਟੀ ਦਾ ਕਹਿਣਾ ਹੈ ਕਿ ਜੇਕਰ ਸ਼ੁਰੂ ਵਿੱਚ ਹੀ ਅਜੇਹੇ ਕਦਮਾਂ ਨੂੰ ਪਿਛਲ-ਮੋੜਾ ਦੇਣ ਲਈ ਗ਼ਦਰੀ ਬਾਬਿਆਂ, ਭਗਤ ਸਿੰਘ ਅਤੇ ਬੀ.ਕੇ. ਦੱਤ ਵਰਗਿਆਂ ਦੀ ਵਿਰਾਸਤ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਨਾ ਦਿੱਤਾ ਤਾਂ ਵਾਰੋ-ਵਾਰੀ ਸਮੂਹ ਹੱਕ ਮੰਗਦੇ ਲੋਕਾਂ ਵੱਲ ਇਹ ਧੱਕੜ ਅਤੇ ਗੈਰ-ਜਮਹੂਰੀ ਕਦਮ ਅੱਗੇ ਵਧਣਗੇ। ਉਹਨਾਂ ਕਿਹਾ ਕਿ ਮੁੱਖ ਮੰਤਰੀ ਦਾ ਧਮਕੀ-ਨੁਮਾ ਬਿਆਨ ਜਾਹਰ ਕਰਦਾ ਹੈ ਕਿ ਪੰਜਾਬ ਦੇ ਰਾਜਨੀਤਕ ਮੰਚ ਦੇ ਪਰਦੇ ਅੱਗੇ-ਪਿੱਛੇ ਕੀ ਚੱਲ ਰਿਹਾ ਹੈ।

ਕਮੇਟੀ ਦਾ ਵਿਚਾਰ ਹੈ ਕਿ ਸਾਡੇ ਆਜ਼ਾਦੀ ਸੰਗਰਾਮੀਆਂ ਨੇ ਲੋਕਾਂ ਦੀਆਂ ਸ਼ਹਿਰੀ ਆਜ਼ਾਦੀਆਂ, ਜਮਹੂਰੀ ਅਧਿਕਾਰਾਂ ਅਤੇ ਸਵੈ-ਮਾਣ ਭਰੇ ਰਾਜ ਅਤੇ ਸਮਾਜ ਲਈ ਫਾਂਸੀ ਦੇ ਰੱਸੇ ਚੁੰਮੇ, ਜਮਹੂਰੀ ਹੱਕਾਂ 'ਤੇ ਪਾਬੰਦੀਆਂ ਮੜ੍ਹਨ ਵਾਲੇ ਅਜਿਹੇ ਬਿਆਨ ਪੰਜਾਬ ਸਰਕਾਰ ਵੱਲੋਂ ਸਰਕਾਰੀ ਦਫ਼ਤਰਾਂ 'ਚ ਡਾ. ਬੀ.ਆਰ.ਅੰਬੇਦਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਲਾਉਣ ਉਪਰ ਵੀ ਤਿੱਖੇ ਸੁਆਲ ਖੜੇ ਕੀਤੇ ਗਏ।




ਅਦਾਰਾ 'ਦੇਸ਼ ਦੁਆਬਾ' ਸਵਰਗੀ ਸ੍ਰੀ ਦੇਸ ਰਾਜ ਕਾਲੀ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ।

# ਹੇਸਟਿੰਗਜ਼ ਗੁਰਦੁਆਰਾ ਸਾਹਿਬ ਦਾ ਸਮਾਜਿਕ ਕਾਰਜਾਂ ਲਈ ਕੌਂਸਿਲ ਵੱਲੋਂ ਸਨਮਾਨ

ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)- ਗੁਰਬਾਣੀ ਜਿੱਥੇ ਰੂਹਾਨੀਅਤ ਦਾ ਸੋਮਾ ਹੈ, ਉਥੇ ਸੰਸਾਰ ਦੇ ਵਿਚ ਬਾਹਰੀ ਪਦਾਰਥਾਂ ਸੰਗ ਵਿਰਚਦਿਆਂ ਜੀਵਨ ਜਾਚ ਨੂੰ 'ਕਿਰਤ ਕਰੋ', 'ਨਾਮ ਜਪੋ' ਅਤੇ 'ਵੰਡ ਛਕੋ' ਦੇ ਸੰਦਰਭ ਵਿਚ ਬਤੀਤ ਕਰਨ



ਦਾ ਬਲ ਵੀ ਬਖਸ਼ਦੀ ਹੈ। ਦੇਸ਼-ਵਿਦੇਸ਼ ਸਥਾਪਿਤ ਗੁਰਦੁ-ਆਰਾ ਸਾਹਿਬਾਨ ਆਪਣੇ ਪਰਉਪਕਾਰੀ ਯਤਨਾਂ (ਵਿਚਿ ਦੁਨੀਆ ਸੇਵ ਕਮਾਈਐ) ਵਿਚ ਭਾਵੇਂ ਹਮੇਸ਼ਾਂ ਨਿਸ਼ਕਾਮ ਭਾਵਨਾ ਨਾਲ ਲੱਗੇ ਰਹਿੰਦੇ ਹਨ ਪਰ ਪਾਰਖੂ ਸਰਕਾਰੀ ਨਜ਼ਰਾਂ ਬਣਦਾ ਸਤਿਕਾਰ ਕਰਨਾ ਕਦੇ ਨਹੀਂ ਭੁੱਲਦੀਆਂ। ਅਜਿਹਾ ਹੀ ਸਤਿਕਾਰ ਗੁਰਦੁਆਰਾ ਸਾਹਿਬ ਹੇਸਟਿੰਗਜ਼ ਨੂੰ ਸਥਾਨਕ ਕੌਂਸਿਲ ਵੱਲੋਂ 'ਨਾਗਰਿਕ ਸਨਮਾਨ' ਭੇਟ ਕਰਕੇ ਕੀਤਾ ਗਿਆ ਹੈ।

**ਨਾਗਰਿਕ ਸਨਮਾਨ (ਸਿਵਿਕ ਆਨਰਜ਼) ਕੀ ਹੈ?**

ਨਾਗਰਿਕ ਸਨਮਾਨ (ਸਿਵਿਕ ਆਨਰਜ਼) ਰਾਹੀਂ ਉਹਨਾਂ ਲੋਕਾਂ ਜਾਂ ਸੰਸਥਾਵਾਂ ਨੂੰ ਮਾਨਤਾ ਦਿੱਤੀ ਜਾਂਦੀ ਹੈ ਜਿਨ੍ਹਾਂ ਨੇ ਆਪਣੀ ਨਿੱਜੀ ਅਗਵਾਈ, ਪ੍ਰੇਰਨਾ, ਕੁਰਬਾਨੀ ਜਾਂ ਕਿਸੇ ਸਮਾਜਿਕ ਉਦੇਸ਼ ਲਈ ਸਮਰਪਣ ਕਰਕੇ, ਭਾਈਚਾਰਕ ਭਲਾਈ ਲਈ ਮਹੱਤਵਪੂਰਨ ਯੋਗਦਾਨ ਪਾਇਆ ਹੁੰਦਾ ਹੈ।

ਇਹ ਮਾਨ-ਸਨਮਾਨ ਇਸ ਵਾਰ ਹੇਸਟਿੰਗਜ਼ ਕੌਂਸਿਲ ਦੇ ਸਲਾਨਾ ਐਵਾਰਡ ਸਮਾਰੋਹ ਵਿਚ 'ਹੇਸਟਿੰਗਜ਼ ਸਿੱਖ ਟੈਂਪਲ' (ਨਿਊਜ਼ੀਲੈਂਡ ਸਿੱਖ ਸੁਸਾਇਟੀ ਹੇਸਟਿੰਗਜ਼) ਨੂੰ ਭੇਟ ਕੀਤਾ ਗਿਆ। ਹੇਸਟਿੰਗਜ਼ ਦੀ ਮੇਅਰ ਸਾਂਡਰਾ ਹੇਜਲਹਰਟਸ ਨੇ ਜਿੱਥੇ ਬਾਕੀ ਕੌਂਸਲਰਾਂ ਦੀ ਹਾਜ਼ਰੀ ਵਿਚ ਇਹ ਐਵਾਰਡ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਰਨੈਲ ਸਿੰਘ, ਸਕੱਤਰ ਲਖਬੀਰ ਸਿੰਘ ਢਿੱਲੋਂ, ਮੀਤ ਸਕੱਤਰ ਜਗਦੀਪ ਸਿੰਘ ਜੱਜ, ਖਜ਼ਾਨਚੀ ਸ. ਰਣਜੀਤ ਸਿੰਘ ਜੀਤਾ, ਬੂਟਾ ਸਿੰਘ ਬਰਾੜ, ਮਹਿੰਦਰ ਸਿੰਘ ਨਾਗਰਾ, ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘਾਂ ਦੇ ਜੱਥੇ ਭਾਈ ਗੁਰਨਾਮ ਸਿੰਘ, ਭਾਈ ਹਰਪ੍ਰੀਤ ਸਿੰਘ ਅਤੇ ਭਾਈ ਓਂਕਾਰ ਸਿੰਘ ਹੋਰਾਂ ਨੂੰ ਭੇਟ ਕੀਤਾ ਉਥੇ ਗੁਰਦੁਆਰਾ ਸਾਹਿਬ ਕਮੇਟੀ ਨੇ ਇਸ ਨੂੰ ਸਮੂਹ ਸੰਗਤ ਦੇ ਉਮਦ ਨੂੰ ਸਮਰਪਿਤ ਕੀਤਾ।

ਇਸ ਮੌਕੇ ਸਿਹਤ ਵਿਭਾਗ ਦੇ ਵਿਚ ਬਹੁਤ ਸੋਹਣਾ ਕੰਮ ਕਰ ਰਹੀ ਦਮਨਜੋਤ ਕੌਰ, ਉਨ੍ਹਾਂ ਦੇ ਮਾਤਾ, ਪਿਤਾ ਸ. ਪਰਮਜੀਤ ਸਿੰਘ ਤੇ ਸਮਾਜ ਸੇਵਕ ਗੁਰਸ਼ਰਨ ਸਿੰਘ ਵੀ ਹਾਜ਼ਿਰ ਸਨ। ਇਹ ਨਾਗਰਿਕ ਸਨਮਾਨ ਐਵਾਰਡ ਹੇਸਟਿੰਗ ਸਿੱਖ ਸੁਸਾਇਟੀ ਅਤੇ ਸਮੂਹ ਸੰਗਤ ਵੱਲੋਂ ਕਰੋਨਾ ਕਾਲ ਦੌਰਾਨ ਫ੍ਰੀ ਫੂਡ ਪਾਰਸਲ, ਵੈਕਸੀਨ ਟੀਕਾਕਰਣ, ਗੈਬਰੀਅਲ ਤੂਫਾਨ ਦੌਰਾਨ ਭਾਈਚਾਰੇ ਦੀ ਬਹੁ-ਪ੍ਰਕਾਰੀ ਸਹਾਇਤਾ ਅਤੇ ਪੀਣਯੋਗ ਪਾਣੀ ਦੀ ਕਿੱਲਤ (ਗੰਦਾ ਪਾਣੀ) ਵੇਲੇ ਮੁਫਤ ਪਾਣੀ ਦੀ ਸੇਵਾ ਕਰਨ ਬਦਲੇ ਭੇਟ ਕੀਤਾ ਗਿਆ। ਮੇਅਰ ਨੇ ਆਪਣੇ ਵੱਲੋਂ ਪ੍ਰਕਾਸ਼ਿਤ ਕਰਵਾਏ ਗਏ ਪਰਚੇ ਦੇ ਵਿਚ ਹੇਸਟਿੰਗ ਸਿੱਖ ਸੁਸਾਇਟੀ ਦੇ ਕੀਤੇ ਕਾਰਜਾਂ ਦੀ ਭਰਪੂਰ ਸਲਾਹਣਾ ਕੀਤੀ। ਅਜਿਹੇ ਪਰਚੇ ਇਕ ਇਤਿਹਾਸਕ ਦਸਤਾਵੇਜ ਹੋ ਨਿਬੜਦੇ ਹਨ ਜਦੋਂ ਆਉਣ ਵਾਲੀਆਂ ਪੀੜ੍ਹੀਆਂ ਕਿਸੇ ਵੇਲੇ ਹੋਏ ਸਮਾਜਿਕ ਕਾਰਜਾਂ ਦੀ ਸੂਚੀ ਬਨਾਉਣ ਵਿਚ ਲੱਗੇਗੀ। ਗੁਰਦੁਆਰਾ ਕਮੇਟੀ ਨੇ ਸਮੂਹ ਸਾਧ ਸੰਗਤ ਅਤੇ ਸਹਾਇਤਾ ਦੇ ਵਿਚ ਸਹਿਯੋਗ ਕਰਨ ਵਾਲੇ ਹਰਕੇ ਵਿਅਕਤੀ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ।

# ਜ਼ਿਲ੍ਹੇ ’ਚ ‘ਖੇਡਾਂ ਵਤਨ ਪੰਜਾਬ ਦੀਆਂ’ ਖੇਡ ਮੁਕਾਬਲਿਆਂ ਦਾ ਹੋਇਆ ਸ਼ਾਨਦਾਰ ਆਗਾਜ਼

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੇ ਗਏ ‘ਖੇਡਾਂ ਵਤਨ ਪੰਜਾਬ ਦੀਆਂ’ ਖੇਡ ਮੁਕਾਬਲਿਆਂ ਤਹਿਤ ਜ਼ਿਲ੍ਹੇ ਵਿਚ ਬਲਾਕ ਪੱਧਰੀ ਖੇਡ ਮੁਕਾਬਲਿਆਂ ਦਾ ਅੱਜ ਸ਼ਾਨਦਾਰ ਆਗਾਜ਼ ਹੋਇਆ। ਜ਼ਿਲ੍ਹੇ ਦੇ 5 ਬਲਾਕਾਂ ਵਿਚ ਅੱਜ ਪਹਿਲੇ ਪੜਾਅ ਦੇ ਮੁਕਾਬਲਿਆਂ ਦੀ ਸ਼ੁਰੂਆਤ ਹੋਈ, ਜਿਸ ਵਿਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਧਿਆਨ ਸਿੰਘ ਮੁਲਤਾਨੀ ਅਤੇ ਬਲਾਕ ਹੁਸ਼ਿਆਰਪੁਰ-2 ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੋਹਨ ਵਿਚ ਐਸ.ਡੀ.ਐਮ ਹੁਸ਼ਿਆਰਪੁਰ ਪ੍ਰੀਤ ਇੰਦਰ ਸਿੰਘ ਬੈਂਸ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਕਰਵਾਈ।

ਬਲਾਕ ਗੜ੍ਹਸ਼ੰਕਰ ਵਿਚ ਖੇਡ ਮੁਕਾਬਿਲਆਂ ਦੀ ਸ਼ੁਰੂਆਤ ਕਰਵਾਉਂਦੇ ਹੋਏ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਯਤਨਾਂ ਸਦਕਾ ਪੰਜਾਬ ਵਿਚ ਪਿਛਲੇ ਸਾਲ ਤੋਂ ਹੀ ਸਪੋਰਟਸ ਦੇ ਨਵੇਂ ਯੁੱਗ ਦੀ ਸ਼ੁਰੂਆਤ ਹੋ ਚੁੱਕੀ ਹੈ ਅਤੇ ਹੁਣ ਪੰਜਾਬ ਦੀ ਜਵਾਨੀ ਖੇਡਾਂ ਵਿਚ ਆਪਣਾ ਵਿਸ਼ੇਸ਼ ਯੋਗਦਾਨ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਹੋਣ ਵਾਲੇ ‘ਖੇਡਾਂ ਵਤਨ ਪੰਜਾਬ ਦੀਆਂ’ ਖੇਡ ਮੁਕਾਬਲਿਆਂ ਨੇ ਪੰਜਾਬ ਦੀ ਜਵਾਨੀ ਨੂੰ ਇਕ ਨਵੀਂ ਦਿਸ਼ਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਪੂਰੇ ਦੇਸ਼ ਵਿਚ ਪੰਜਾਬ ਮੋਹਰੀ ਸੂਬੇ ਵਜੋਂ ਉਭਰੇਗਾ। ਬਲਾਕ ਟਾਂਡਾ ਵਿਚ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਬਲਾਕ ਤਲਵਾੜਾ ਵਿਚ ਵਿਧਾਇਕ ਦਸੂਹਾ ਐਡਵੋਕੇਟ ਕਰਮਬੀਰ ਸਿੰਘ ਘੁੰਮਣ ਅਤੇ ਬਲਾਕ ਮੁਕੇਰੀਆਂ ਵਿਚ ਹਲਕਾ ਇੰਚਾਰਜ ਗੁਰਧਿਆਨ ਸਿੰਘ ਮੁਲਤਾਨੀ ਨੇ ਆਯੋਜਿਤ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਹਿਲਕਦਮੀ ਦੇ ਚੱਲਦਿਆਂ ਸੂਬੇ ਵਿਚ ਖੇਡ ਸਭਿਆਚਾਰ ਪ੍ਰਫੁਲਿਤ ਹੋ ਰਿਹਾ ਹੈ, ਜਿਸ ਲਈ ਉਹ ਵਧਾਈ ਦੇ ਪਾਤਰ ਹਨ। ਉਨ੍ਹਾਂ ਕਿਹਾ ਕਿ ਬਲਾਕ ਪੱਧਰ ਤੋਂ ਲੈ ਕੇ ਸੂਬਾ ਪੱਧਰ ਤੱਕ ਹੋਣ ਵਾਲੇ ਖੇਡ ਮੁਕਾਬਲਿਆਂ ਨਾਲ ਸੂਬੇ ਦੇ ਪਿੰਡ ਪੱਧਰ ’ਤੇ ਖਿਡਾਰੀਆਂ ਨੂੰ ਇਕ ਵੱਡਾ ਪਲੇਟਫਾਰਮ ਮਿਲਿਆ ਹੈ, ਜਿਸ ਰਾਹੀਂ ਉਹ ਆਪਣੀ ਪ੍ਰਤਿਭਾ ਨੂੰ ਸਭ ਦੇ ਸਾਹਮਣੇ ਰੱਖ ਪਾਉਣਗੇ। ਇਸ ਦੌਰਾਨ ਮੁੱਖ ਮਹਿਮਾਨਾਂ ਨੇ ਖਿਡਾਰੀਆਂ ਨਾਲ ਗੱਲਬਾਤ ਕਰਕੇ ਉਨ੍ਹਾਂ ਦਾ ਹੌਂਸਲਾ ਵੀ ਵਧਾਇਆ।




ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਗੜ੍ਹਸ਼ੰਕਰ ਵਿਚ ਬਲਾਕ ਟੂਰਨਾਮੈਂਟ ਦੇ ਉਦਘਾਟਨ ਵਿਚ ਰੱਸਾ ਕੱਸੀ ਦੇ ਅੰਡਰ-17 ਦੇ ਮੈਚ ਵਿਚ ਪਹਿਲੇ ਸਥਾਨ ’ਤੇ ਸਰਕਾਰੀ ਹਾਈ ਸਕੂਲ ਬਿੱਲੜੋਂ, ਦੂਜੇ ਸਥਾਨ ’ਤੇ ਸਰਕਾਰੀ ਹਾਈ ਸਕੂਲ ਪੋਸੀ ਅਤੇ ਤੀਜੇ ਸਥਾਨ ’ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਹਿਪੁਰ ਖੁਰਦ ਰਿਹਾ। ਅਥਲੈਟਿਕਸ ਸ਼ਾਟਪੁਟ ਵਿਚ ਮੋਹਿਲ ਪਹਿਲੇ, ਹਰਸ਼ ਦੂਜੇ ਅਤੇ ਨੀਰਜ ਤੀਜੇ ਸਥਾਨ ’ਤੇ ਰਿਹਾ। ਲੰਬੀ ਛਲਾਂਗ ਵਿਚ ਅਦਿਤਿਆ ਸ਼ਰਮਾ ਪਹਿਲੇ, ਜਸਕਰਨ ਦੂਜੇ ਅਤੇ ਮੋਹਿਤ ਤੀਜੇ ਸਥਾਨ ’ਤੇ ਰਿਹਾ। ਲੜਕਿਆਂ ਦੀ 60 ਮੀਟਰ ਦੌੜ ਵਿਚ ਲੱਕੀ ਪਹਿਲੇ, ਮਨਿੰਦਰ ਸਿੰਘ ਦੂਜੇ ਅਤੇ ਹਰਜਾਪ ਸਿੰਘ ਤੀਜੇ ਸਥਾਨ ’ਤੇ ਰਿਹਾ।

ਬਲਾਕ ਹੁਸ਼ਿਆਰਪੁਰ-2 ਵਿਚ ਰੱਸਾ-ਕੱਸੀ ਅੰਡਰ-17 ਦੇ ਜੀ.ਐਮ.ਏ ਸਕੂਲ ਚੱਬੇਵਾਲ ਪਹਿਲੇ, ਜੀ.ਐਚ.ਐਸ ਬਜਵਾੜਾ ਦੂਜੇ ਸਥਾਨ ’ਤੇ ਰਿਹਾ। ਲੰਬੀ ਛਲਾਂਗ ਵਿਚ ਰਾਹੁਲ ਪਹਿਲੇ, ਸਾਹਿਲ ਦੂਜੇ ਅਤੇ ਲਵਪ੍ਰੀਤ ਤੀਜੇ ਸਥਾਨ ’ਤੇ ਰਿਹਾ। ਲੜਕਿਆਂ ਦੀ 800 ਮੀਟਰ ਦੌੜ ਵਿਚ ਪਵਨ ਪਹਿਲੇ, ਮੋਹਿਤ ਦੂਜੇ ਅਤੇ ਸਾਗਰ ਤੀਜੇ ਸਥਾਨ ’ਤੇ ਰਿਹਾ। ਵਾਲੀਬਾਲ ਮੈਚ ਵਿਚ ਅੱਤੋਵਾਲ ਪਹਿਲੇ ਅਤੇ ਪੁਰਹੀਰਾਂ ਦੂਜੇ ਸਥਾਨ ’ਤੇ ਰਿਹਾ।

ਬਲਾਕ ਟਾਂਡਾ ਵਿਚ ਫੁੱਟਬਾਲ ਮੈਚ ਵਿਚ ਫਤਹਿ ਅਕਾਦਮੀ ਪਹਿਲੇ ਅਤੇ ਗਿਆਨੀ ਕਰਤਾਰ ਸਿੰਘ ਮੈਮੋਰੀਅਲ ਕਾਲਜ ਟਾਂਡਾ ਦੂਜੇ ਸਥਾਨ ’ਤੇ ਰਿਹਾ। ਅਥਲੈਟਿਕਸ ਵਿਚ ਲੰਬੀ ਛਲਾਂਗ ਵਿਚ ਰਾਹੁਲ ਪਹਿਲੇ, ਰਾਜਵੀਰ ਦੂਜੇ ਅਤੇ ਹਰਮਜੋਤ ਤੀਜੇ ਸਥਾਨ ’ਤੇ ਰਿਹਾ। ਲੜਕੀਆਂ ਦੀ 800 ਮੀਟਰ ਦੌੜ ਵਿਚ ਤਰਨਪ੍ਰੀਤ ਕੌਰ ਪਹਿਲੇ, ਸੁਨੇਹਾ ਕੁਮਾਰੀ ਦੂਜੇ ਸਥਾਨ ’ਤੇ ਰਹੀ। ਬਲਾਕ ਮੁਕੇਰੀਆਂ ਵਿਚ ਖੋ-ਖੋ ਮੈਚ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਂਡਾ ਰਾਮ ਸਹਾਏ ਪਹਿਲੇ ਸਥਾਨ ਅਤੇ ਵਿਕਟੋਰੀਆ ਇੰਟਰਨੈਸ਼ਨ ਸਕੂਲ ਦੂਜੇ ਸਥਾਨ ’ਤੇ ਰਿਹਾ। ਅਥਲੈਟਿਕਸ ਦੇ ਸ਼ਾਟਪੁਟ ਮੁਕਾਬਲਿਆਂ ਵਿਚ ਡਿੰਪਲ ਪਹਿਲੇ, ਸਾਹਿਲ ਦੂਜੇ ਅਤੇ ਹਰਸ਼ ਪੱਟੀ ਤੀਜੇ ਸਥਾਨ ’ਤੇ ਰਿਹਾ।

ਬਲਾਕ ਤਲਵਾੜਾ ਵਿਚ ਲੜਕਿਆਂ ਦੀ 600 ਮੀਟਰ ਦੌੜ ਵਿਚ ਪ੍ਰਿਆਂਸ਼ ਪਹਿਲੇ, ਕਰਨ ਚੌਧਰੀ ਦੂਜੇ ਅਤੇ ਗੁਰਦੀਪ ਸਿੰਘ ਤੀਜੇ ਸਥਾਨ ’ਤੇ ਰਿਹਾ। ਇਸੇ ਤਰ੍ਹਾਂ 800 ਮੀਟਰ ਦੌੜ ਵਿਚ ਸਾਗਰ ਪਹਿਲੇ, ਵਿਕਾਸ ਦੂਜੇ ਅਤੇ ਤਨਿਕ ਕੌਸ਼ਲ ਤੀਜੇ ਸਥਾਨ ’ਤੇ ਰਿਹਾ। ਵਾਲੀਬਾਲ ਵਿਚ ਨੰਗਲ ਖਨੌੜਾ ਪਹਿਲੇ ਅਤੇ ਸੰਸਕਾਰ ਵੈਲੀ ਫਤਹਿਪੁਰ ਦੂਜੇ ਤੇ ਜੀ.ਐਚ.ਐਸ ਅਮਰੋਹ ਤੀਜੇ ਸਥਾਨ ’ਤੇ ਰਿਹਾ। ਲੜਕਿਆਂ ਦੀ 1500 ਮੀਟਰ ਦੌੜ ਵਿਚ ਸੰਦੀਪ ਕੁਮਾਰ ਪਹਿਲੇ ਅਤੇ ਸਾਹਿਲ ਚੌਧਰੀ ਦੂਜੇ ਸਥਾਨ ’ਤੇ ਰਿਹਾ।

# ਜਿਲ੍ਹਾ ਰੋਜ਼ਗਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਕਰਵਾਏ ਗਏ ਕਰੀਅਰ ਗਾਈਡੈਂਸ ਪ੍ਰੋਗਰਾਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵੱਲੋਂ ਖਾਲਸਾ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਗੜ੍ਹਦੀਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਡੱਫਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਾਰਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਜੋਵਾਲ ਵਿਖੇ ਦਸਵੀਂ ਅਤੇ ਬਾਹਰਵੀਂ ਦੇ ਬੱਚਿਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਸਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਜ਼ਿਲ੍ਹਾ ਰੋਜ਼ਗਾਰ ਅਫਸਰ ਗੁਰਮੇਲ ਸਿੰਘ ਵਲੋਂ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਵੱਖ—ਵੱਖ ਸਟਰੀਮਾਂ ਦੀ ਪੜ੍ਹਾਈ, ਆਈ.ਟੀ.ਆਈ. ਕੋਰਸ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਪਲੇਸਮੈਂਟ ਅਫਸਰ ਰਾਕੇਸ਼ ਕੁਮਾਰ ਵਲੋਂ ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀ ਜਾਂਦੀ ਮੁਫ਼ਤ ਇੰਟਰਨੈੱਟ ਸੁਵਿਧਾ, ਸਵੈ—ਰੋਜ਼ਗਾਰ ਸਕੀਮਾਂ ਦੇ ਬਾਰੇ ਜਾਣਕਾਰੀ, ਸ਼ਾਰਟ—ਟਰਮ ਤਕਨੀਕੀ ਕੋਰਸਾਂ ਬਾਰੇ, ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਦੌਰਾਨ ਪੰਜਾਬ ਸਰਕਾਰ ਦੀਆਂ ਵੱਖ—ਵੱਖ ਨੌਕਰੀਆਂ ਅਤੇ ਬੈਂਕਿੰਗ ਸੈਕਟਰ ਦੀਆਂ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ ਵੀ ਦਿੱਤੀ ਗਈ। ਯੰਗ ਪ੍ਰੋਫੈਸ਼ਨਲ ਵਿਕਰਮ ਸਿੰਘ ਵਲੋਂ ਵਿਦਿਆਰਥੀਆਂ




ਨੂੰ ਨੈਸ਼ਨਲ ਕਰੀਅਰ ਸਰਵਿਸਜ਼ ਪੋਰਟਲ ’ਤੇ ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਵਿਦਿਆਰਥੀਆਂ ਨੂੰ ਰੋਜ਼ਗਾਰ ਦਫਤਰ ਦੀ ਮੋਬਾਇਲ ਐਪ ਡੀ ਬੀ ਈ ਈ ਆਨਲਾਈਲ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈਣ ਬਾਰੇ ਦੱਸਿਆ। ਵਿਦਿਆਰਥੀਆਂ ਨੂੰ ਆਪਣੇ ਭਵਿੱਖ ਦੀ ਕਰੀਅਰ ਸਬੰਧੀ ਹੁਣ ਤੋਂ ਹੀ ਆਪਣੀ ਪਲੈਨਿੰਗ ਬਣਾਉਣ ਲਈ ਕਿਹਾ ਗਿਆ ਅਤੇ ਜੇਕਰ ਕੋਈ ਮੁਸ਼ਕਲ ਆਉਂਦੀ ਹੈ ਤਾਂ ਰੋਜ਼ਗਾਰ ਬਿਊਰੋ ਨਾਲ ਸੰਪਰਕ ਕਰਨ ਲਈ ਕਿਹਾ। ਇਸ ਗਾਈਡੈਂਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਣ ਲਈ ਜ਼ਿਲ੍ਹਾ ਗਾਈਡੈਂਸ ਕਾਊਂਸਲਰ ਡੀ.ਈ.ਓ. ਦਫਤਰ ਹੁਸ਼ਿਆਰਪੁਰ ਅਮਰੀਕ ਸਿੰਘ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਗਏ।

ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਫੂਡ ਕਰਾਫਟ ਇੰਸਟੀਚਿਊਟ ਰਾਮ ਕਲੋਨੀ ਕੈਂਪ ਹੁਸ਼ਿਆਰਪੁਰ ਦੇ ਜ਼ਿਲ੍ਹਾ ਕੁਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ ਵੱਲੋਂ ਵਿਦਿਆਰਥੀਆਂ ਨੂੰ ਹੁਨਰ ਦੀ ਮਹੱਤਤਾ ਬਾਰੇ ਦੱਸਦੇ ਹੋਏ ਇਹ ਜਾਣਕਾਰੀ ਦਿੱਤੀ ਗਈ ਕਿ ਅੱਜ ਦੇ ਸਮੇਂ ਵਿੱਚ ਕੋਈ ਵੀ ਨੌਕਰੀ ਜਾਂ ਕਾਰੋਬਾਰ ਸ਼ੁਰੂ ਕਰਨ ਵਿੱਚ ਹੁਨਰ ਦਾ ਵਿਸ਼ੇਸ਼ ਮਹੱਤਵ ਹੈ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਫੂਡ ਕਰਾਫਟ ਇੰਸਟੀਚਿਊਟ ਪੂਰੇ ਭਾਰਤ ਦੇ 13 ਫੂਡ ਕਰਾਫਟ ਇੰਸਟੀਚਿਊਟਾਂ ਵਿੱਚੋਂ ਇੱਕ ਹੈ। ਇਸ ਵਿੱਚ ਵੱਖ—ਵੱਖ ਤਰ੍ਹਾਂ ਦੇ ਡਿਪਲੋਮਾ, ਡਿਗਰੀ ਅਤੇ ਸ਼ੋਰਟ ਟਰਮ ਕੋਰਸਿਸ ਕਰਾਏ ਜਾਂਦੇ ਹਨ ਅਤੇ ਇਨ੍ਹਾਂ ਕੋਰਸਿਸ ਕਰਨ ਦੌਰਾਨ ਵਿਦਿਆਰਥੀਆਂ ਦੀ ਨਾਮੀ 5 ਸਤਾਰਾ ਹੋਟਲਾਂ ਵਿੱਚ ਆਨ ਜਾਬ ਟਰੇਨਿੰਗ ਕਰਵਾਈ ਜਾਂਦੀ ਹੈ, ਟਰੇਨਿੰਗ ਉਪਰੰਤ ਇਨ੍ਹਾਂ ਹੋਟਲਾਂ ਦੁਆਰਾ ਹੀ ਨੌਕਰੀ ਵੀ ਦੇ ਦਿੱਤੀ ਜਾਂਦੀ ਹੈ। ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਨੌਕਰੀ ਤੋਂ ਇਲਾਵਾ ਵਿਦਿਆਰਥੀ ਆਪਣੇ ਸਵੈ- ਰੋਜ਼ਗਾਰ ਦਾ ਕੰਮ ਵੀ ਸ਼ੁਰੂ ਕਰ ਸਕਦੇ ਹਨ ਅਤੇ ਬਾਹਰਲੇ ਮੁਲਕਾਂ ਵਿੱਚ ਜਾ ਕੇ ਵੀ ਇਨ੍ਹਾਂ ਕੋਰਸਾਂ ਰਾਹੀਂ ਰੋਜ਼ਗਾਰ ਹਾਸਲ ਕਰ ਸਕਦੇ ਹਨ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਸਬੰਧਤ ਚਾਰੇ ਸਕੂਲਾਂ ਦੇ ਸਮੂਹ ਸਟਾਫ ਅਤੇ ਤਕਰੀਬਨ 300 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਇਸ ਪ੍ਰੋਗਰਾਮ ਵਿੱਚ ਭਾਗ ਲਿਆ।

# ਐਸ ਡੀ ਐਮ ਫਿਲੌਰ ਸ ਸਿਮਰਨਜੀਤ ਸਿੰਘ ਨੂੰ ਕੀਤਾ ਸਨਮਾਨਿਤ

**ਫਿਲੌਰ, ਅੱਪਰਾ (ਜੱਸੀ)–**ਫਿਲੌਰ ਵਿਖੇ ਵਧੀਆ ਪ੍ਰਸ਼ਾਸਨਿਕ ਸੇਵਾਵਾਂ ਨਿਭਾ ਰਹੇ ਐਸ ਡੀ ਐਮ ਫਿਲੌਰ ਸ ਸਿਮਰਨਜੀਤ ਸਿੰਘ ਨੂੰ ਕਾਂਗਰਸ ਸੇਵਾ ਦਲ ਦੇ ਸਮੂਹ



ਅਹੁਦੇਦਾਰਾਂ ਵਲੋਂ ਚੌਧਰੀ ਸੋਮਪਾਲ ਮੈਂਗੜਾ ਚੇਅਰਮੈਨ ਕਾਂਗਰਸ ਸੇਵਾ ਦਲ ਪੰਜਾਬ ਦੀ ਅਗਵਾਈ ਹੇਠ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਦੌਰਾਨ ਬੋਲਦਿਆ ਚੌਧਰੀ ਸੋਮਪਾਲ ਮੈਂਗੜਾ ਨੇ ਕਿਹਾ ਕਿ ਹਰ ਵਿਅਕਤੀ ਨੂੰ ਆਪਣੇ ਕੰਮ ਦੇ ਪ੍ਰਤੀ ਵਫਾਦਾਰ ਤੇ ਸਮਰਪਿਤ ਹੋਣਾ ਚਾਹੀਦਾ ਹੈ। ਇਸ ਮੌਕੇ ਬੋਲਦਿਆਂ ਐਸ ਡੀ ਐਮ ਫਿਲੌਰ ਸ ਸਿਮਰਨਜੀਤ ਸਿੰਘ ਨੇ ਕਿਹਾ ਕਿ ਲੋਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨਾ ਹੀ ਉਸਦਾ ਮਕਸਦ ਹੈ। ਇਸ ਮੌਕੇ ਸੌਨੂੰ ਪੰਮਾ, ਭੈਵਭ ਸ਼ਰਮਾ, ਕੌਸ਼ਲ, ਸੁਰਿੰਦਰ ਕੈਂਥ, ਪਰਮਜੀਤ ਭਾਰਤੀ, ਸ਼ੰਕਰ ਸੰਧੂ, ਲਖਵਿੰਦਰ ਉਰਫ ਲੱਖੂ ਵੀ ਹਾਜਰ ਸਨ।

# ਕਿੱਕ ਬਾਕਸਿੰਗ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤਣ ਵਾਲੇ ਹਿਮਾਂਸ਼ੂ ਸ਼ਰਮਾ ਦਾ ਸੰਤੋਸ਼ ਕਟਾਰੀਆ ਵਿਧਾਇਕ ਨੇ ਕੀਤਾ ਸਨਮਾਨ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)–** ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਅੱਜ ਪੰਜਾਬ ਦੇ ਖਿਡਾਰੀ ਰਾਸ਼ਟਰੀ ਪੱਧਰ ਦੀਆਂ ਖੇਡਾਂ ਵਿੱਚ ਤਮਗੇ ਹਾਸਲ ਕਰ ਰਹੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਬਣਦੇ ਸਾਰ ਹੀ ਮੁੱਖ ਮੰਤਰੀ ਪੰਜਾਬ ਦੀ ਦੂਰ ਦ੍ਰਿਸ਼ਟੀ ਨਾਲ ਸਾਲ 2022 ਵਿੱਚ ਖੇਡਾਂ ਵਤਨ ਪੰਜਾਬ ਦੀਆਂ ਕਰਵਾਈਆਂ ਗਈਆਂ ਅਤੇ ਹੁਣ ਦੂਜੇ ਸਾਲ ਵਿੱਚ ਖੇਡਾਂ ਵਤਨ ਪੰਜਾਬ ਦੀਆਂ 2023 ਕਰਵਾਇਆ ਜਾ ਰਹੀਆਂ ਹਨ, ਤਾਂ ਜੋਂ ਬੱਚੇ ਨਸ਼ਿਆਂ ਤੋਂ ਰਹਿਤ ਰਹਿ ਕੇ ਰਾਸ਼ਟਰੀ ਪੱਧਰ ਤੇ ਸੰਸਾਰ ਪੱਧਰ ‘ਤੇ ਤਮਗੇ ਲੈ ਕੇ ਆਉਣ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਹਲਕਾ ਬਲਾਚੌਰ ਬੀਬੀ ਸੰਤੋਸ਼ ਕਟਾਰੀਆ ਨੇ ਪਿੰਡ ਕਿਸ਼ਨਪੁਰਾ ਵਿਖੇ ਹਿਮਾਂਸ਼ੂ ਸ਼ਰਮਾ ਨੂੰ ਹਰੀਵੰਸ਼ ਤਾਨਾ ਭਗਤ ਇੰਡੋਰ ਸਟੇਡੀਅਮ ਰਾਂਚੀ (ਝਾਰਖੰਡ) ਵਿਖੇ ਰਾਸ਼ਟਰੀ ਪੱਧਰ ਦੀਆਂ ਖੇਡਾਂ ਦੌਰਾਨ ਕਿੱਕ ਬਾਕਸਿੰਗ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤਣ ‘ਤੇ ਉਸ ਦੇ ਘਰ ਪਹੁੰਚ ਕੇ ਮੁਬਾਰਕਬਾਦ ਦਿੰਦਿਆਂ ਹੋਇਆਂ ਕੀਤਾ ਤੇ ਉਸਦਾ ਸਨਮਾਨ ਵੀ ਕੀਤਾ। ਉਨ੍ਹਾਂ ਪਿਤਾ ਦੇਵੀ ਦਿਆਲ ਤੇ ਮਾਤਾ ਜੋਤੀ ਕੌਸ਼ਲ ਨੂੰ ਵੀ ਵਧਾਈਆਂ ਦਿੱਤੀਆਂ। ਬੀਬੀ ਸੰਤੋਸ਼ ਕਟਾਰੀਆ ਨੇ ਕਿਹਾ ਕਿ ਸਾਡੇ ਹਲਕੇ ਲਈ ਬਹੁਤ ਮਾਣ ਦੀ ਗੱਲ ਹੈ ਕਿ ਆਮ ਪਰਿਵਾਰ ਦਾ ਬੱਚਾ ਜੋ ਇੱਕ ਪਿੰਡ ਦਾ ਵਸਨੀਕ ਹੋਣ ਦੇ ਨਾਤੇ ਇੰਨੀ ਗਗਨਚੁੰਬੀ ਉਚਾਈ ਨੂੰ ਛੂਹ ਗਿਆ।



ਇਸ ਮੌਕੇ ਸੀਨੀਅਰ ਨੇਤਾ ਅਸ਼ੋਕ ਕਟਾਰੀਆ ਨੇ ਵੀ ਹਿਮਾਂਸ਼ੂ ਸ਼ਰਮਾ ਤੇ ਉਸ ਦੇ ਪਰਿਵਾਰ ਅਤੇ ਸਮੂਹ ਪਿੰਡ ਵਾਸੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਹਿਮਾਂਸ਼ੂ ਸ਼ਰਮਾ ਇਸ ਹਲਕੇ ਬਲਾਚੌਰ ਲਈ ਹੀ ਨਹੀ ਸਗੋਂ ਪੂਰੇ ਪੰਜਾਬ ਲਈ ਬੱਚਿਆਂ ਲਈ ਮਿਸਾਲ ਬਣ ਗਿਆ ਹੈ। ਇਸ ਦੀ ਜਾਣਕਾਰੀ ਮੀਡੀਆ ਨੂੰ ਦਿੰਦੇ ਹੋਏ ਚੰਦਰ ਮੋਹਨ ਜੇਡੀ ਹਲਕਾ ਬਲਾਚੌਰ ਤੇ ਜਿਲ੍ਹਾ ਮੀਡੀਆ ਇੰਚਾਰਜ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਬੀਬੀ ਸੰਤੋਸ਼ ਕਟਾਰੀਆ ਬੱਚਿਆਂ ਨੂੰ ਵੱਧ ਤੋਂ ਵੱਧ ਖੇਡਾਂ ਵੱਲ ਪ੍ਰੇਰਿਤ ਕਰ ਰਹੇ ਹਨ, ਉਹਨਾਂ ਪਿਛਲੇ ਦਿਨੀਂ ਪਿੰਡਾਂ ਵਿੱਚ ਬੱਚਿਆਂ ਨੂੰ ਖੇਡ ਕਿੱਟਾਂ ਵੀ ਵੰਡਿਆਂ ਸਨ। ਇਸ ਮੌਕੇ ‘ਤੇ ਨਰੇਸ਼ ਕੁਮਾਰ ਸਰਕਲ ਇੰਚਾਰਜ ਕਿਸ਼ਨਪੁਰ, ਜਸਵੀਰ ਘੁੰਮਣ, ਗੁਰਮੁੱਖ ਪਾਬਲਾ ਸਰਕਲ ਇੰਚਾਰਜ ,ਬਲਵੀਰ ਸਿੰਘ ਭੰਗੂ, ਜਸਵਿੰਦਰ ਬਛੂਆਂ, ਰੇਖਾ ਦੇਵੀ ਸਰਪੰਚ ਸਾਬਕਾ, ਚਰਨਜੀਤ ਸਿੰਘ, ਰਮੇਸ਼ ਲਾਲ, ਰਮੇਸ਼ ਚੰਦ ਆਦਿ ਹਾਜ਼ਰ ਸਨ।

# ਸ਼੍ਰੀ ਖੁਰਾਲਗੜ੍ਹ ਸਾਹਿਬ ਚ ਇੱਕ 23 ਸਾਲ ਦੇ ਨੌਜਵਾਨ ਦੀ ਸੱਪ ਲੜਨ ਨਾਲ ਮੌਤ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਲੰਘੀ ਰਾਤ ਗੜਸ਼ੰਕਰ ਅਧੀਨ ਪੈਂਦੇ ਇਤਿਹਾਸਕ ਪਿੰਡ ਸ਼੍ਰੀ ਖੁਰਾਲਗੜ੍ਹ ਸਾਹਿਬ ਵਿਖੇ ਦਿਲ ਨੂੰ ਦਹਿਲਾਉਣ ਵਾਲੀ ਦਰਦਨਾਕ ਘਟਨਾ ਨਾਲ ਪਿੰਡ ਸੋਗ ਫੈਲ ਗਿਆ, ਜਦੋਂ ਇੱਕ ਨੌਜਵਾਨ ਗੁਰਪ੍ਰੀਤ ਸਿੰਘ ਉਮਰ 23ਸਾਲ ਪੁੱਤਰ ਮਹਿੰਦਰ ਸਿੰਘ ਦੀ ਸੱਪ ਦੇ ਡੰਗਣ ਨਾਲ ਮੌਤ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਨੌਜਵਾਨ ਗੁਰਪ੍ਰੀਤ ਸਿੰਘ ਬਿਜਲੀ ਗਈ ਹੋਣ ਕਰਕੇ ਵਿਹੜੇ ਵਿੱਚ ਬੈਠਾ ਸੀ ਕਿ ਅਚਾਨਕ ਉਸ ਨੂੰ ਕਿਸੇ ਜ਼ਹਿਰੀਲੇ ਜਾਨਵਰ ਦੇ ਕੱਟਣ ਕਾਰਨ ਦਰਦ ਮਹਿਸੂਸ ਹੋਇਆ ਤੇ ਪਰਿਵਾਰਕ ਮੈਂਬਰ ਉਸ ਨੂੰ ਗੜਸ਼ੰਕਰ ਹਸਪਤਾਲ ਦੇ ਗਏ ਪਰ ਰਸਤੇ ਚ ਜਾਦੇ ਸਮੇਂ ਉਸ ਨੇ ਦਮ ਤੋੜ ਦਿੱਤਾ।ਇਸ ਦਰਦਨਾਕ ਮੌਤ ਨਾਲ ਪਿੰਡ ਚ ਸੋਗ ਦੀ ਲਹਿਰ ਫੈਲ ਗਈ।

# 'ਬਿੱਲ ਲਿਆਓ, ਇਨਾਮ ਪਾਓ' ਯੋਜਨਾ ਦਾ ਉਦੇਸ਼ ਜੀ.ਐਸ.ਟੀ ਤਹਿਤ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਉਣਾ - ਡਿਪਟੀ ਕਮਿਸ਼ਨਰ

## ਉਪਭੋਗਤਾ ਕੋਈ ਵੀ ਸਾਮਾਨ ਖਰੀਦਣ ਸਮੇਂ ਵਿਕਰੇਤਾ ਤੋਂ ਬਿੱਲ ਜ਼ਰੂਰ ਪ੍ਰਾਪਤ ਕਰਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਟੈਕਸ ਚੋਰੀ ਨੂੰ ਰੋਕਣ ਲਈ 'ਬਿੱਲ ਲਿਆਓ, ਇਨਾਮ ਪਾਓ' ਯੋਜਨਾ ਤਹਿਤ 'ਮੇਰਾ ਬਿੱਲ' ਐਪ ਤਿਆਰ ਕੀਤੀ ਗਈ ਹੈ। ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿਚ ਇਸ ਐਪ 'ਤੇ ਬਿੱਲ ਅਪਲੋਡ ਕਰਨ ਦੀ ਸ਼ੁਰੂਆਤ ਦੌਰਾਨ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਇਸ ਯੋਜਨਾ ਦਾ ਉਦੇਸ਼ ਜੀ.ਐਸ.ਟੀ ਤਹਿਤ ਨਿਯਮਾਂ ਦੀ ਪਾਲਣਾਂ ਨੂੰ ਯਕੀਨੀ ਬਣਾਉਣ ਦੇ ਨਾਲ-ਨਾਲ ਗ੍ਰਾਹਕਾਂ ਨੂੰ ਬਿੱਲ ਲੈਣ ਲਈ ਉਤਸ਼ਾਹਿਤ ਕਰਕੇ ਮਾਲੀਆ ਨੂੰ ਵਧਾਉਣਾ ਹੈ।



ਉਨ੍ਹਾਂ ਕਿਹਾ ਕਿ ਇਹ ਯੋਜਨਾ ਉਪਭੋਗਤਾਵਾਂ ਨੂੰ ਕੋਈ ਵੀ ਸਾਮਾਨ ਖਰੀਦਣ ਸਮੇਂ ਵਿਕਰੇਤਾ ਤੋਂ ਬਿੱਲ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨ ਲਈ ਜਾਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 'ਮੇਰਾ ਬਿੱਲ' ਐਪ ਐਂਡਰਾਇਡ ਫੋਨ ਲਈ ਗੁਗਲ ਪਲੇਅ ਸਟੋਰ ਤੇ ਐਪਲ ਲਈ ਐਪ ਸਟੋਰ 'ਤੇ ਡਾਊਨਲੋਡ ਕੀਤੀ ਜਾ ਸਕਦੀ ਹੈ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਪਭੋਗਤਾ ਨੂੰ 'ਮੇਰਾ ਬਿੱਲ' ਐਪ 'ਤੇ ਖਰੀਦ ਦਾ ਬਿੱਲ ਅਪਲੋਡ ਕਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ, ਜਿਸ ਤੋਂ ਉਪਰੰਤ ਉਪਭੋਗਤਾ ਲੱਕੀ ਡਰਾਅ ਵਿਚ ਸ਼ਾਮਿਲ ਹੋਣ ਯੋਗ ਹੋ ਜਾਵੇਗਾ ਅਤੇ ਲੱਕੀ ਡਰਾਅ ਹਰ ਮਹੀਨੇ ਦੀ 7 ਤਾਰੀਕ ਨੂੰ ਕੱਢਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਰ ਜ਼ਿਲ੍ਹੇ ਤੋਂ ਵੱਧ ਤੋਂ ਵੱਧ 10 ਪੁਰਸਕਾਰ ਦਿੱਤੇ ਜਾਣੇ ਹਨ ਅਤੇ ਯੋਗ ਬਿੱਲ ਦੀ ਰਕਮ ਘੱਟ ਤੋਂ ਘੱਟ 200 ਰੁਪਏ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਹ ਇਨਾਮ ਵਸਤੂ/ਸੇਵਾ ਲਈ ਅਦਾ ਕੀਤੇ ਹਰ ਕਰ ਯੋਗ ਰਕਮ ਦੇ 5 ਗੁਣਾ ਦੇ ਬਰਾਬਰ ਹੋਵੇਗਾ। ਪਰੰਤੂ ਇਹ ਇਨਾਮ ਵੱਧ ਤੋਂ ਵੱਧ 10 ਹਜ਼ਾਰ ਰੁਪਏ ਤੱਕ ਦੇ ਮੁੱਲ ਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਜੇਤੂਆਂ ਦੀ ਸੂਚੀ ਟੈਕਸ ਵਿਭਾਗ ਦੀ ਵੈਬਸਾਈਟ 'ਤੇ ਪਾਈ ਜਾਵੇਗੀ ਅਤੇ ਜੇਤੂਆਂ ਨੂੰ ਮੋਬਾਇਲ ਐਪ ਰਾਹੀਂ ਵੀ ਸੂਚਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਜੇਤੂ ਉਪਭੋਗਤਾਵਾਂ ਵਲੋਂ ਮੋਬਾਇਲ ਐਪ 'ਤੇ ਸਹੀ ਬੈਂਕ ਆਕਊਂਟ ਨੰਬਰ ਅਤੇ ਆਈ.ਐਫ.ਐਸ.ਸੀ ਕੋਡ ਅਪਲੋਡ ਕਰਨਾ ਜ਼ਰੂਰੀ ਹੋਵੇਗਾ ਅਤੇ ਇਨਾਮ ਰਾਸ਼ੀ ਉਨ੍ਹਾਂ ਦੇ ਦਿੱਤੇ ਗਏ ਖਾਤਿਆਂ ਵਿਚ ਸਿੱਧੇ ਤੌਰ 'ਤੇ ਭੇਜੀ ਜਾਵੇਗੀ।

ਕੋਮਲ ਮਿੱਤਲ ਨੇ ਦੱਸਿਆ ਕਿ ਪੈਟਰੋਲੀਅਮ ਉਤਪਾਦ (ਕੱਚਾ ਤੇਲ, ਪੈਟਰੋਲ, ਡੀਜ਼ਲ, ਹਵਾਬਾਜੀ, ਟਰਬਾਇਨ ਇੰਜਨ ਤੇ ਕੁਦਰਤੀ ਗੈਸ) ਅਤੇ ਸ਼ਰਾਬ ਦੇ ਨਾਲ-ਨਾਲ ਬਿਜਨੈਸ ਟੂ ਬਿਜਨੈਸ ਦੇ ਲੈਣ-ਦੇਣ ਦੇ ਵਿਕਰੀ ਬਿੱਲ ਇਸ ਯੋਜਨਾ ਵਿਚ ਹਿੱਸਾ ਲੈਣ ਯੋਗ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਵਸਤੂਆਂ ਦੀ ਖਰੀਦ ਮੌਕੇ ਵਿਕਰੇਤਾਵਾਂ ਵਲੋਂ ਬਿੱਲ ਲੈਣ ਲਈ ਜ਼ਿਲ੍ਹਾ ਵਾਸੀਆਂ ਨੂੰ ਇਸ ਯੋਜਨਾ ਵਿਚ ਵੱਧ ਤੋਂ ਵੱਧ ਹਿੱਸਾ ਲੈਣ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਯੋਜਨਾ ਲੋਕਾਂ ਲਈ ਬਣਾਈ ਗਈ ਹੈ ਅਤੇ ਇਸ ਰਾਹੀਂ ਸਰਕਾਰ ਟੈਕਸ ਚੋਰੀ ਵੀ ਰੋਕ ਸਕੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਟੈਕਸ ਕਾਨੂੰਨਾਂ ਦੀ ਪਾਲਣਾ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ। ਇਸ ਮੌਕੇ ਸਹਾਇਕ ਕਮਿਸ਼ਨਰ ਰਾਜ ਟੈਕਸ ਡਾ. ਨਵਜੋਤ ਸ਼ਰਮਾ, ਰਾਜ ਟੈਕਸ ਅਫ਼ਸਰ ਸੰਦੀਪ ਕੁਮਾਰ, ਜਗਤਾਰ ਸਿੰਘ, ਪਰਮਿੰਦਰ ਕੌਰ ਤੋਂ ਇਲਾਵਾ ਅਮਰਜੀਤ ਅਤੇ ਲਵਪ੍ਰੀਤ ਸਿੰਘ ਵੀ ਮੌਜੂਦ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਬੇਗਮਪੁਰਾ ਏਡ ਇੰਟਰਨੈਸ਼ਨਲ ਫਰਾਂਸ ਅਤੇ ਭਾਰਤ ਟੀਮ ਮਿਲਕੇ ਕਰਨਗੀਆਂ ਉੜੀਸਾਂ ਦੇ ਆਦਿ-ਵਾਸੀਆਂ ਦੀ ਹਰ ਤਰ੍ਹਾਂ ਦੀ ਮਦਦ- ਭਾਈ ਮੈਂਗੜਾ

## ਕਿਹਾ ਉੜੀਸਾ ਦੇ ਆਦਿਵਾਸੀਆਂ ਪਰਿਵਾਰਾਂ ਦੀ ਤਰਸਯੋਗ ਹਾਲਤ ਵੇਖਕੇ ਰੂਹ ਕੰਬ ਗਈ





**ਫਗਵਾੜਾ (ਬੀ.ਕੇ.ਰੱਤੂ)–** ਭਾਰਤ ਟੀਮ ਦੇ ਸੀਨੀਅਰ ਆਗੂ ਵੀਰ ਅਵਤਾਰ ਸਿੰਘ , ਡਾਕਟਰ ਰਾਜ ਕੁਮਾਰ, ਵੀਰ ਗੁਰਪ੍ਰੀਤ ਸਿੰਘ ਫੋਟੋਗ੍ਰਾਫਰ, ਭਾਰਤ ਦੇ ਸੂਬੇ ਉੜੀਸਾਂ ਦੇ ਜਿਲੇ ਰਾਏਗੁੜ ਦੇ ਪਿੰਡ ਡਗੇਡਬੂਡਣੀ ਦੇ ਆਦਿਵਾਸੀ ਬਸਤੀ ਦੀਆਂ ਬਿਰਧ ਔਰਤਾਂ ਨੂੰ ਤੰਨ ਢੱਕਣ ਲਈ ਕੱਪੜੇ, ਮੈਡੀਕਲ ਕੈਂਪ, ਅਤੇ ਪੀਣ ਵਾਲੇ ਪਾਣੀ ਵਾਲਾ ਸਮਰਸੀਵੱਲ ਲਾ ਕੇ ਸੇਵਾਵਾ ਕੀਤੀਆਂ। ਭਾਈ ਰਾਮ ਸਿੰਘ ਮੈਂਗੜਾ ਨੇ ਦੱਸਿਆ ਕਿ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਵੱਲੋਂ ਉੜੀਸਾ ਦੀਆਂ ਬਸਤੀਆਂ ਝੁੰਗੀਆਂ ਝੋਪੜੀਆਂ ਵਿੱਚ ਰਹਿ ਰਹੇ ਆਦਿਵਾਸੀਆਂ ਦੀਆਂ ਮਦਦ ਲਈ ਮੈਡੀਕਲ ਕੈਂਪ ਅਤੇ ਆਦਿਵਾਸੀਆਂ ਬਸਤੀਆਂ ਦੀਆਂ ਬਿਰਧ ਔਰਤਾਂ ਲਈ ਤੰਨ ਢੱਕਣ ਲਈ ਕੱਪੜੇ ਦਾ ਪ੍ਰਬੰਧ ਕਰਕੇ ਦੇ ਰਹੀ ਹੈ ਏਹ ਜਾਣਕਾਰੀ ਪ੍ਰੈਸ ਨੂੰ (ਬੇਗਮਪੁਰਾ ਏਡ ਇੰਟਰਨੈਸ਼ਨਲ) ਟੀਮ ਫਰਾਂਸ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਨੇ ਪੱਤਰਕਾਰਾਂ ਨਾਲ ਸਾਂਝੀ ਕੀਤੀ ਅਤੇ ਕਿਹਾ ਉੜੀਸਾ ਦੇ ਆਦਿਵਾਸੀਆਂ ਪਰਿਵਾਰਾਂ ਦੇ ਹਲਾਤ ਬਹੁਤ ਹੀ ਤਰਸਯੋਗ ਨੇ ਜੋ ਵੇਖਕੇ ਰੂਹ ਕੰਬ ਗਈ ਉਨ੍ਹਾਂ ਕਿਹਾ ਦੇਸ਼ ਦੀਆਂ ਹੁਣ ਤੱਕ ਦੀਆਂ ਰਹਿ ਚੁੱਕੀਆਂ ਸਰਕਾਰਾਂ ਨੂੰ ਗਰੀਬ ਮਜਦੂਰਾਂ ਦੇ ਕੰਮ ਆਉਣਾ ਚਾਹੀਦਾ ਹੈ ਜੋ ਦੇਸ਼ ਦੇ ਲੋਕਾਂ ਨੂੰ ਰੋਜਗਾਰ ਦੇਵੇ ਜੋ ਦੇਸ਼ ਵਿੱਚ ਰਹਿ ਰਹੇ ਲੋਕ ਕੁਝ ਪੈਸਾ ਧੇਲਾ ਕੁਮਾਕੇ ਦੋ ਵਕਤ ਦੀ ਰੋਟੀ ਖਾ ਸਕਣ ਤੇ ਤੰਨ ਢੱਕਣ ਲਈ ਕੱਪੜਾ ਲੈ ਸਕਣ ਏਹ ਸਭ ਹਲਾਤਾਂ ਲਈ ਕਿਤੇ ਨਾ ਕਿਤੇ ਸਰਕਾਰੀ ਸਿਸਟਮ ਹੀ ਜਿੰਮੇਵਾਰ ਹੈ।




ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਦੇ ਮੁੱਖੀ ਭਾਈ ਰਾਮ ਸਿੰਘ ਮੈਂਗੜਾ ਜੀ ਨੇ ਦੱਸੀਆਂ ਮੈਡੀਕਲ ਕੈਂਪ ਦੀਆਂ ਸੇਵਾਵਾਂ ਡਾ ਰਾਜ ਕੁਮਾਰ ਜੀ ਐਮ ਬੀ ਐਸ ਐਮ ਡੀ ਆਪਣੀ ਮੈਡੀਕਲ ਟੀਮ ਨਾਲ ਦੇ ਰਹੇ ਨੇ ਜੋ ਬਸਤੀਆਂ ਵਿੱਚ ਰਹਿ ਰਹੇ ਲੋਕਾਂ ਦਾ ਚੈਕ ਅੱਪ ਕਰਕੇ ਦਵਾਈਆਂ ਦੇ ਕੇ ਇਲਾਜ਼ ਕਰ ਰਹੇ ਨੇ ਜਿਕਰਯੋਗ ਹੈ ਕੇ ਡਾ ਰਾਜ ਕੁਮਾਰ ਜੀ ਪਹਿਲਾਂ ਵੀ ਆਪਣੀ ਟੀਮ ਸਮੇਤ ਕਾਂਸੀ ਬਨਾਰਸ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜਨਮ ਸਥਾਨ ਤੇ ਕੈਂਪ ਲਗਵਾ ਕੇ ਮੈਡੀਕਲ ਸੇਵਾਵਾਂ ਕਰ ਚੁੱਕੇ ਹਨ । ਤੇ ਹੁਣ ਉੜੀਸਾ ਵਿੱਚ ਵੀ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਵੱਲੋਂ ਸੇਵਾਵਾ ਕਰ ਰਹੇ ਹਨ। ਏਸੇ ਤਰ੍ਹਾਂ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਭਾਰਤ ਦੇ ਸੀਨੀਅਰ ਮੈਂਬਰ ਵੀਰ ਅਵਤਾਰ ਸਿੰਘ ਜੀ, ਵੀਰ ਗੁਰਪ੍ਰੀਤ ਸਿੰਘ ਫੋਟੋਗ੍ਰਾਫਰ ਦੀ ਟੀਮ ਬਿਰਧ ਆਦਿਵਾਸੀ ਔਰਤਾਂ ਦੇ ਤੰਨ ਢੱਕਣ ਲਈ ਸਾੜੀਆਂ ਅਤੇ ਕੱਪੜੇ ਦਾ ਪ੍ਰਬੰਧ ਕਰਕੇ ਦੇ ਰਹੇ ਹਨ ਜੋ ਕੇ ਬਹੁਤ ਹੀ ਵੱਡਮੁੱਲੀ ਸੇਵਾ ਹੈ ਸੰਸਥਾ ਮੁੱਖੀ ਭਾਈ ਮੈਂਗੜਾ ਜੀ ਨੇ ਕਿਹਾ ਕੇ ਏਹ ਬਹੁਤ ਹੀ ਸ਼ਰਮਿੰਦਿਆਂ ਕਰਨ ਵਲੀ ਗੱਲ ਹੈਂ ਕੇ ਦੇਸ਼ ਦੀਆਂ ਧੀਆਂ ਭੈਣਾਂ ਬਿਰਧ ਮਾਤਾਵਾਂ ਕੋਲ ਤੰਨ ਤਕ ਢੱਕਣ ਵਾਸਤੇ ਕੱਪੜੇ ਤਕ ਨਹੀਂ ਲੈ ਹੁੰਦੇ ਜੋ ਕੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਉਪਰਾਲੇ ਕੀਤੇ ਗਏ ਹਨ । ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਆਦਿਵਾਸੀਆਂ ਦੀਆਂ ਮੁਸ਼ਕਲਾਂ ਨੂੰ ਵੇਖੀਆਂ ਕੇ ਇਹ ਪਾਣੀ ਪੀਣ ਵਾਲਾ ਅੱਜ ਵੀ ਟੋਬੀਆ ਵਿੱਚੋਂ ਪੀ ਰਹੇ ਨੇ ਤੇ ਜੋ ਪਾਣੀ ਦਾ ਖੂਹ ਕੋਲ ਹੈ ਉਸ ਉੱਤੇ ਉੱਚ ਜਾਤੀ ਦੇ ਲੋਕਾਂ ਦਾ ਕਬਜ਼ਾ ਹੈਂ ਜੋ ਪੀਣ ਵਾਲਾ ਪਾਣੀ ਨਹੀਂ ਲੈਣ ਦਿੰਦੇ ਏਸ ਮੁਸ਼ਕਲ ਨੂੰ ਵੇਖਦੀਆਂ ਪੀਣ ਵਾਲੇ ਪਾਣੀ ਲਈ ਸਮਰਸੀਵੱਲ ਬੋਰ ਕਰਵਾਕੇ ਦਿੱਤਾ ਤਾਂ ਜੋ ਬਸਤੀਆਂ ਵਿੱਚ ਰਹਿ ਰਹੇ ਲੋਕਾਂ ਨੂੰ ਸਾਫ਼ ਪੀਣ ਦਾ ਪਾਣੀ ਨਸੀਬ ਹੋ ਸਕੇ। ਉਨ੍ਹਾਂ ਦੱਸੀਆਂ ਸਾਡੀ ਸੰਸਥਾ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਲਗਤਾਰ ਲੋਕਾਂ ਨਾਲ ਸਪੰਰਕ ਰੱਖਕੇ ਉਨ੍ਹਾਂ ਦੀ ਹਰ ਸੰਭਵ ਮਦਦ ਕਰੇਗੀ । ਅਤੇ ਜਲਦੀ ਹੀ ਬੱਚਿਆਂ ਦੀ ਪੜਾਈ ਵਾਸਤੇ ਇਕ ਸਕੂਲ ਬਣਵਾਕੇ ਦੇਵੇਗੀ।

# 'ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਕੈਂਪਸ' ਦੇ ਬੈਚਲਰ ਡਿਗਰੀ ਦੇ ਦੂਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਵੱਲੋ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਦੇ ਅੰਦਰ ਚੱਲ ਰਹੇ ਸਰਕਾਰੀ ਕਾਲਜ 'ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ, ਹੁਸ਼ਿਆਰਪੁਰ ਕੈਂਪਸ' ਵਿਖੇ ਚੱਲ ਰਹੇ ਬੈਚਲਰ ਆਫ ਸਾਇੰਸ ਇੰਨ ਆਈ.ਟੀ ਦੇ ਦੂਜੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਕੈਂਪਸ ਡਾਇਰੈਕਟਰ-ਕਮ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ ਬਲਜਿੰਦਰ ਵਿਰਕ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬੀ.ਐਸ.ਸੀ (ਆਈ.ਟੀ.) ਦੇ ਦੂਜੇ ਸਮੈਸਟਰ ਵਿੱਚ ਰੀਆ ਠਾਕੁਰ ਨੇ 8.76 ਫੀਸਦੀ ਅੰਕ ਲੈ ਕੇ ਪਹਿਲਾ , ਕੰਚਨ ਨੇ 8.67 ਫੀਸਦੀ ਅੰਕ ਲੈ ਕੇ ਦੂਜਾ, ਵੰਧਨਾ ਅਤੇ ਤਮੰਨਾ ਨੇ 8.48 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਨ੍ਹਾ



ਸ਼ਾਨਦਾਰ ਨਤੀਜਿਆਂ ਲਈ ਸੈਨਿਕ ਇੰਸਟੀਚਿਊਟ ਕੈਂਪਸ ਡਾਇਰੈਕਟਰ-ਕਮ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫਸਰ ਕਮਾਂਡਰ ਬਲਜਿੰਦਰ ਵਿਰਕ ਨੇ ਪ੍ਰਿੰਸੀਪਲ ਡਾ : ਪਰਮਿੰਦਰ ਕੌਰ ਸੈਣੀ, ਪ੍ਰੋ. ਰੀਤੂ ਤਿਵਾਰੀ, ਪ੍ਰੋ. ਸੁਖਵਿੰਦਰ ਸਿੰਘ, ਪ੍ਰੋ. ਜਸਵੀਰ ਸਿੰਘ, ਪ੍ਰੋ. ਚਾਂਦਨੀ ਸ਼ਰਮਾ, ਪ੍ਰੋ. ਸੰਦੀਪ ਕੌਰ , ਪ੍ਰੋ. ਸਿਮਰਨਜੋਤ ਸਿੰਘ ਅਤੇ ਪ੍ਰੋ. ਜਸਪ੍ਰੀਤ ਸਿੰਘ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਪ੍ਰਿੰਸੀਪਲ ਡਾ : ਪਰਮਿੰਦਰ ਕੌਰ ਸੈਣੀ ਨੇ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਦੇ ਅਕੈਡਮਿਕ ਸਟਾਫ ਵੱਲੋ ਦਿਲ ਲਗਾ ਕੇ ਕਰਵਾਈ ਗਈ ਮਿਹਨਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਆਉਣ ਵਾਲੇ ਸਮੇ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰ ਕੇ ਅੱਗੇ ਵਧਣ ਲਈ ਕਿਹਾ।

# ਗ੍ਰਾਮ ਪੰਚਾਇਤਾਂ ਨੂੰ ਦੁਬਾਰਾ ਬਹਾਲ ਕਰਕੇ ਫਿਰ ਦਰਜ ਕੀਤੀ ਲੋਕਤੰਤਰ ਦੀ ਜਿੱਤ : ਕੰਵਰਵੀਰ ਸਿੰਘ ਟੋਹੜਾ

**ਚੰਡੀਗੜ੍ਹ–** ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸੰਵਿਧਾਨ ਦੀ ਉਲੰਘਣਾ ਕਰਦੇ ਹੋਏ ਪੰਚਾਇਤਾਂ, ਬਲਾਕ ਸੰਮਤੀਆਂ ਅਤੇ ਜਿਲਾ ਪਰਿਸ਼ਦਾਂ ਨੂੰ ਭੰਗ ਕਰ ਉਹਨਾਂ ਦੇ ਅਧਿਕਾਰ ਖੋਹੇ ਜਾਣ ਨੂੰ ਲੈ ਇਹ ਮਾਮਲਾ ਮਾਨਯੋਗ ਅਦਾਲਤ ਵਿੱਚ ਪੁੱਜ ਗਿਆ ਸੀ, ਜਿਸ 'ਤੇ ਅੱਜ ਮਾਨਯੋਗ ਅਦਾਲਤ ਨੇ ਆਪਣਾ ਫੈਸਲਾ ਸੁਣਾਉਂਦਿਆਂ ਹੋਈਆਂ ਪੰਜਾਬ ਸਰਕਾਰ ਦੇ ਫੈਸਲੇ ਨੂੰ ਰੱਦ ਕਰਦਿਆਂ ਅੱਜ ਸਾਰੀਆ ਗ੍ਰਾਮ ਪੰਚਾਇਤਾਂ ਨੂੰ ਦੁਬਾਰਾ ਬਹਾਲ ਕਰ ਦਿੱਤਾ ਗਿਆ ਹੈ। ਯੂਥ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਇੰਜੀ. ਕੰਵਰਵੀਰ ਸਿੰਘ ਟੋਹੜਾ ਨੇ ਮਾਨਯੋਗ ਅਦਾਲਤ ਵਲੋਂ ਸੁਨਾਏ ਫੈਸਲੇ ਨੂੰ ਲੋਕਤੰਤਰਿਕ ਦੀ ਜਿੱਤ ਕਰਾਰ ਦਿੱਤਾ। ਕੰਵਰਵੀਰ ਸਿੰਘ ਟੋਹੜਾ ਨੇ ਕਿਹਾ ਕਿ ਇਹ ਲੋਕਤੰਤਰਿਕ ਦੀ ਜਿੱਤ ਹੈ ਉਹਨਾਂ ਸੂਬੇ ਭਰ ਦੀਆਂ ਪੰਚਾਇਤਾਂ ਦੇ ਪੰਚ-ਸਰਪੰਚ ਸਾਹਿਬਾਨਾਂ ਅਤੇ ਸਮੂਹ ਲੋਕਾਂ ਨੂੰ ਵਧਾਈ ਦਿੰਦਿਆਂ ਮਾਨਯੋਗ ਹਾਈਕੋਰਟ ਦਾ ਵੀ ਧੰਨਵਾਦ ਕੀਤਾ। ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਵੱਲੋ ਲਿਖੇ ਸੰਵਿਧਾਨ ਦੀ ਅੱਜ ਜਿੱਤ ਹੋਈ ਹੈ ਅਤੇ ਇਹ ਸਮੂਹ ਪੰਜਾਬੀਆਂ ਦੀ ਵੱਡੀ ਜਿੱਤ ਹੈ ਪੰਚਾਇਤੀ ਸੰਸਥਾਵਾਂ ਦੇ ਸਮੁੱਚੇ ਮੈਂਬਰਾਂ ਨੂੰ ਮੁਬਾਰਕਬਾਦ ਦਿੰਦਿਆਂ ਉਹਨਾਂ ਕਿਹਾ ਕਿ ਉਹਨਾਂ ਦਾ ਆਪਣਾ ਕਾਰਜਕਾਲ ਮੁਕੰਮਲ ਹੋਣ ਤੋਂ ਪਹਿਲਾਂ ਪੰਚਾਇਤਾਂ ਨੂੰ ਭੰਗ ਕਰਨ ਦਾ ਫ਼ੈਸਲਾ ਪੂਰੀ ਤਰ੍ਹਾਂ ਗੈਰ-ਸੰਵਿਧਾਨਕ ਸੀ।



ਕੰਵਰਵੀਰ ਸਿੰਘ ਟੋਹੜਾ ਨੇ ਕਿਹਾ ਕਿ ਪੰਜਾਬ ਵਿਚਲੀ ਆਮ ਆਦਮੀ ਦੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋ ਪੰਜਾਬ ਦੀਆਂ ਸਾਰੀਆਂ ਗ੍ਰਾਮ ਪੰਚਾਇਤਾਂ, ਬਲਾਕ ਸੰਮਤੀਆਂ ਅਤੇ ਜਿਲਾ ਪਰਿਸ਼ਦਾਂ ਨੂੰ ਸੰਵਿਧਾਨ ਦੀ ਉਲੰਘਣਾ ਕਰਕੇ ਮਿਤੀ 10/08/2023 ਨੂੰ ਭੰਗ ਕਰ ਦਿੱਤਾ ਗਿਆ ਸੀ। ਜਿਸਦੇ ਵਿਰੁੱਧ ਮਾਣਯੋਗ ਹਾਈਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਗਈ ਸੀ। ਅੱਜ ਸਾਰੀਆਂ ਗ੍ਰਾਮ ਪੰਚਾਇਤਾਂ ਨੂੰ ਦੁਬਾਰਾ ਬਹਾਲ ਕਰ ਦਿੱਤਾ ਗਿਆ ਹੈ। ਕੰਵਰਵੀਰ ਸਿੰਘ ਟੋਹੜਾ ਨੇ ਕਿਹਾ ਕਿ ਮਾਣਯੋਗ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਬਾਬਾ ਸਾਹਿਬ ਜੀ ਦੀਆਂ ਫੋਟੋਆਂ ਲਗਾਉਣ ਨਾਲ ਬਾਬਾ ਸਾਹਿਬ ਜੀ ਦਾ ਮਾਣ ਨਹੀ ਵਧਣਾ। ਕ੍ਰਿਪਾ ਕਰਕੇ ਉਹਨਾਂ ਦੇ ਸੰਵਿਧਾਨ ਨੂੰ ਮੰਨੋ ਅਤੇ ਹਰ ਕੰਮ ਸੰਵਿਧਾਨ ਦੇ ਮੁਤਾਬਿਕ ਕਰੋ ਤਾਂ ਜੋ ਤੁਹਾਡੇ ਲਏ ਫੈਸਲੇ ਰੱਦ ਨਾ ਹੋਣ।

## ਮਾਮਲਾ ਪੰਚਾਇਤਾਂ ਭੰਗ ਕਰਨ ਦਾ ਨੋਟੀਫਿਕੇਸ਼ਨ ਵਾਪਸ ਲੈਣ ਦਾ


# ਫਜੀਹਤ ਕਰਵਾਕੇ ਹੀ ਮੰਨੀ ਭਗਵੰਤ ਮਾਨ ਸਰਕਾਰ- ਵਿਜੇ ਸਾਂਪਲਾ

**ਫਗਵਾੜਾ 31 ਅਗਸਤ (ਬੀ.ਕੇ.ਰੱਤੂ)** ਪੰਜਾਬ ਸਰਕਾਰ ਵੱਲੋਂ ਪੰਚਾਇਤਾਂ ਭੰਗ ਕਰਨ ਦੇ ਫੈਸਲੇ 'ਤੇ ਯੂ-ਟਰਨ ਲੈਣ ਤੋਂ ਬਾਅਦ ਭਾਜਪਾ ਨੇ ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦੀ ਸਰਕਾਰ ਦੀ ਕਾਰਜਸ਼ੈਲੀ ਨੂੰ ਲੈ ਕੇ ਸਵਾਲ ਖੜੇ ਕੀਤੇ ਹਨ। ਮੁੱਖ ਮੰਤਰੀ ਨੂੰ ਨਸੀਹਤ ਦਿੰਦਿਆਂ ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਕਿਹਾ ਕਿ ਸਰਕਾਰ ਚਲਾਉਣ ਲਈ ਕਾਮੇਡੀ ਨਹੀਂ ਸਗੋਂ ਵਚਨਬੱਧਤਾ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਸੂਬੇ ਦਾ ਸੰਤਾਪ ਹੀ ਮੰਨਿਆ ਜਾਵੇਗਾ ਕਿ ਚੁਣੀਆਂ ਹੋਈਆਂ ਪੰਚਾਇਤਾਂ ਨੂੰ ਸਮੇਂ ਤੋਂ ਪਹਿਲਾਂ ਭੰਗ ਕਰਨ ਦਾ ਨਾਦਿਰਸ਼ਾਹੀ ਫ਼ਰਮਾਨ ਰੱਦ ਕਰਵਾਉਣ ਲਈ ਸਰਪੰਚਾਂ ਨੂੰ ਮਾਣਯੋਗ ਅਦਾਲਤ ਦੀ ਸ਼ਰਨ ਲੈਣੀ ਪਈ। ਉਨ੍ਹਾਂ ਮੁੱਖ ਮੰਤਰੀ ਨੂੰ ਸਵਾਲ ਕੀਤਾ ਕਿ ਪੰਚਾਇਤਾਂ ਨੂੰ ਕਾਰਜਕਾਲ ਪੂਰਾ ਹੋਣ ਤੋਂ ਕਈ ਮਹੀਨੇ ਪਹਿਲਾਂ ਗੈਰ ਕਾਨੂੰਨੀ ਢੰਗ ਨਾਲ ਭੰਗ ਕਰਨ ਦਾ ਨੋਟੀਫਿਕੇਸ਼ਨ ਆਖਿਰ ਕਿਸ ਦੇ ਇਸ਼ਾਰੇ 'ਤੇ ਜਾਰੀ



ਕੀਤਾ ਗਿਆ ਸੀ। ਸਾਂਪਲਾ ਨੇ ਕਿਹਾ ਕਿ ਤਾਨਾਸ਼ਾਹੀ ਰੁਝਾਨ ਰੱਖਣ ਵਾਲੇ 'ਆਪ' ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਹੀ ਅਜਿਹੀ ਗੈਰ-ਲੋਕਤੰਤਰੀ ਸਲਾਹ ਦੇ ਸਕਦੇ ਹਨ। ਜਿਹਨਾਂ ਨੂੰ ਖੁਸ਼ ਕਰਨ ਲਈ ਭਗਵੰਤ ਮਾਨ ਨਾ ਸਿਰਫ਼ ਪੰਜਾਬ ਦਾ ਖ਼ਜ਼ਾਨਾ ਲੁਟਾ ਰਹੇ ਹਨ ਸਗੋਂ ਪੰਜਾਬ ਦੇ ਹਿੱਤਾਂ ਨਾਲ ਵੀ ਲਗਾਤਾਰ ਖਿਲਵਾੜ ਕੀਤਾ ਜਾ ਰਿਹਾ ਹੈ। ਪੰਚਾਇਤਾਂ ਨੂੰ ਭੰਗ ਕਰਨ ਸਬੰਧੀ 10 ਅਗਸਤ ਦੇ ਨੋਟੀਫਿਕੇਸ਼ਨ ਨੂੰ ਕੁਦਰਤੀ ਨਿਆਂ ਦੇ ਸਿਧਾਂਤਾਂ ਦੇ ਵਿਰੁੱਧ ਦੱਸਦਿਆਂ ਉਨ੍ਹਾਂ ਕਿਹਾ ਕਿ ਸਾਲ 2019 ਵਿੱਚ ਚੁਣੀਆਂ ਗਈਆਂ ਸੂਬੇ ਦੀਆਂ ਸਾਰੀਆਂ ਪੰਚਾਇਤਾਂ ਦਾ ਕਾਰਜਕਾਲ ਜਨਵਰੀ 2024 ਵਿੱਚ ਖਤਮ ਹੋਣਾ ਹੈ। ਇਸ ਤੋਂ ਪਹਿਲਾਂ ਪੰਚਾਇਤਾਂ ਨੂੰ ਭੰਗ ਕਰਨ ਦਾ ਨੋਟੀਫਿਕੇਸ਼ਨ ਗੈਰ-ਕਾਨੂੰਨੀ ਸੀ। ਜਿਸ ਨੂੰ ਹੁਣ ਮਾਣਯੋਗ ਅਦਾਲਤ 'ਚ ਫਜੀਹਤ ਕਰਵਾ ਕੇ ਭਗਵੰਤ ਮਾਨ ਸਰਕਾਰ ਵਾਪਸ ਲੈਣ ਲਈ ਮਜਬੂਰ ਹੋਈ ਹੈ। ਇੱਥੇ ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਸੂਬਾ ਸਰਕਾਰ ਨੇ ਗ੍ਰਾਮ ਪੰਚਾਇਤਾਂ ਦੀਆਂ ਚੋਣਾਂ 31 ਦਸੰਬਰ ਤੱਕ ਕਰਵਾਉਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ, ਜਿਸ ਨੂੰ ਲੈ ਕੇ ਪੰਚਾਇਤਾਂ 'ਚ ਹੀ ਨਾਰਾਜਗੀ ਨਹੀਂ ਸੀ ਬਲਕਿ ਵਿਰੋਧੀ ਪਾਰਟੀਆਂ ਵੀ ਹੈਰਾਨ ਸਨ। ਕਿਉਂਕਿ ਉਮੀਦ ਕੀਤੀ ਜਾ ਰਹੀ ਸੀ ਕਿ ਪੰਜਾਬ ਸਰਕਾਰ ਇਸ ਸਾਲ ਨਿਗਮ ਚੋਣਾਂ ਕਰਵਾਉਣ ਦਾ ਐਲਾਨ ਕਰੇਗੀ। ਪਰ ਭਗਵੰਤ ਮਾਨ ਸਰਕਾਰ ਨੇ ਅਣਜਾਨਪੁਣੇ ਦਾ ਪ੍ਰਦਰਸ਼ਨ ਕਰਦਿਆਂ ਸਾਲਾਂ ਤੋਂ ਭੰਗ ਪਈਆਂ ਨਿਗਮਾਂ ਦੀਆਂ ਚੋਣਾਂ ਕਰਵਾਉਣ ਦੀ ਬਜਾਏ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਕਰੀਬ ਚਾਰ ਮਹੀਨੇ ਪਹਿਲਾਂ ਹੀ ਪੰਚਾਇਤੀ ਚੋਣਾਂ ਕਰਵਾਉਣ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ, ਜਿਸ ਨੂੰ ਮਾਮਲਾ ਕੋਰਟ ਵਿਚ ਜਾਣ ਤੋਂ ਬਾਅਦ ਵੀਰਵਾਰ ਨੂੰ ਵਾਪਸ ਲੈ ਲਿਆ ਗਿਆ ਹੈ।

# ਧੰਨ-ਧੰਨ ਨਾਭ ਕੰਵਰ ਰਾਜਾ ਸਾਹਿਬ ਜੀ ਦੀ 83 ਵੀਂ ਬਰਸੀ ਬੈਰਗਾਮੋ ਵਿਖੇ 10 ਸਤੰਬਰ ਨੂੰ ਮਨਾਈ ਜਾਵੇਗੀ



ਬੈਰਗਾਮੋ (ਇਟਲੀ) (ਟੇਕ ਚੰਦ ਜਗਤਪੁਰ, ਦਲਵੀਰ ਕੈਂਥ)-ਅਲੌਕਿਕ ਸ਼ਕਤੀ ਦੇ ਮਾਲਕ, ਰੂਹਾਨੀਅਤ ਦੇ ਮੁਜੱਸਮਾ, ਮਹਾਨ ਪਾਕਿ-ਪਵਿਤਰ ਰੂਹ ਧੰਨ-ਧੰਨ ਨਾਭ ਕੰਵਰ ਰਾਜਾ ਸਾਹਿਬ ਜੀ ਦੀ 83ਵੀਂ ਬਰਸੀ ਤੇ ਵਿਸ਼ੇਸ਼ ਸਮਾਗਮ ਗੁਰਦੁਆਰਾ ਸਿੰਘ ਸਭਾ ਕੌਰਤੇਨੌਵਾ(ਬੈਰਗਾਮੋ) ਵਿਖੇ ਸਮੂਹ ਸੰਗਤ ਦੇ ਸਹਿਯੋਗ ਨਾਲ 10ਸਤੰਬਰ ਦਿਨ ਐਤਵਾਰ ਨੂੰ ਆਯੋਜਿਤ ਕੀਤਾ ਜਾ ਰਿਹਾ ਹੈ।ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦਿਆ ਸ ਸੁਖਵਿੰਦਰ ਸਿੰਘ ਗੋਬਿੰਦਪੁਰੀ ਨੇ ਦੱਸਿਆ ਕਿ 8 ਸਤੰਬਰ ਦਿਨ ਸੁਕਰਵਾਰ ਨੂੰ ਸ੍ਰੀ ਅਖੰਡ ਪਾਠ ਆਰੰਭ ਕਰਵਾਏ ਜਾਣਗੇ।10 ਸਤੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਵਿਸ਼ੇਸ਼ ਦੀਵਾਨ ਸਜੇਗਾ ਜਿਸ ਵਿਚ ਪੰਜਾਬ ਤੋਂ ਉਚੇਚੇ ਤੌਰ ਤੇ ਪਹੁੰਚੇ ਢਾਡੀ ਜਥਾ ਗਿਆਨੀ ਸੁੱਖਨਰੰਜਨ ਸਿੰਘ ਸੁੰਮਣ ਅਤੇ ਢਾਡੀ ਜਥਾ ਗਿਆਨੀ ਜਤਿੰਦਰ ਸਿੰਘ ਨੂਰਪੁਰੀ ਧੰਨ-ਧੰਨ ਸ੍ਰੀ ਨਾਭ ਕੰਵਰ ਰਾਜਾ ਸਾਹਿਬ ਜੀ ਦੀ ਜੀਵਨੀ ਅਤੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਗੇ।ਉਨ੍ਹਾਂ ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕਰਦਿਆ ਕਿਹਾ ਕਿ ਇਸ ਸਮਾਗਮ ਚ ਵੱਧ -ਚੜ ਕੇ ਸਮੂਲੀਅਤ ਕਰਨ।

# 28 ਤੋਂ 30 ਸਤੰਬਰ ਤੱਕ ਖਟਕੜ ਕਲ੍ਹਾਂ ਵਿਖੇ ਮੇਲੇ ਵਾਂਗ ਮਨਾਇਆ ਜਾਵੇਗਾ ਇਨਕਲਾਬ ਫੈਸਟੀਵਲ - ਰਾਖੀ ਭੰਡਾਰੀ

## ਫੈਸਟੀਵਲ ਦੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਖਟਕੜ ਕਲ੍ਹਾਂ ਦਾ ਕੀਤਾ ਦੌਰਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**-ਪ੍ਰਮੁੱਖ ਸਕੱਤਰ ਰਾਖੀ ਗੁਪਤਾ ਭੰਡਾਰੀ, ਸੈਰ ਸਪਾਟਾ ਅਤੇ ਸਭਿਆਚਾਰਿਕ ਮਾਮਲੇ ਵਿਭਾਗ ਵੱਲੋਂ ਖਟਕੜ ਕਲ੍ਹਾਂ ਵਿਖੇ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਵਸ 'ਤੇ 28 ਤੋਂ 30 ਸਤੰਬਰ ਤੱਕ ਮਨਾਏ ਜਾਣ ਵਾਲੇ ਇਨਕਲਾਬ ਫੈਸਟੀਵਲ ਸਬੰਧੀ ਚੱਲ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਦੌਰਾ ਕੀਤਾ ਗਿਆ, ਜਿਸ ਮੌਕੇ 'ਤੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ। ਇਸ ਦੌਰਾਨ ਪ੍ਰਮੁੱਖ ਸਕੱਤਰ ਰਾਖੀ ਗੁਪਤਾ ਭੰਡਾਰੀ, ਸੈਰ ਸਪਾਟਾ ਅਤੇ ਸਭਿਆਚਾਰਿਕ ਮਾਮਲੇ ਵਿਭਾਗ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਵਸ 'ਤੇ 28 ਤੋਂ 30 ਸਤੰਬਰ ਤੱਕ ਖਟਕੜ ਕਲ੍ਹਾ ਵਿਖੇ ਇਕ ਮੇਲੇ ਦੇ ਰੂਪ ਵਿਚ ਇਨਕਲਾਬ ਫੈਸਟੀਵਲ ਕਰਵਾਇਆ ਜਾਏਗਾ। ਇਨਕਲਾਬ ਫੈਸਟੀਵਲ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਦੇ ਲਈ ਪਹਿਲਾਂ ਵੀ ਚੰਡੀਗੜ ਵਿਖੇ



ਵੀ.ਸੀ. ਰਾਹੀਂ ਬੈਠਕਾਂ ਕਰਕੇ ਫੈਸਟੀਵਲ ਨੂੰ ਮਨਾਉਣ ਸਬੰਧੀ ਮੁਢਲੀ ਰੂਪ-ਰੇਖਾ ਤਿਆਰ ਕੀਤੀ ਗਈ ਸੀ। ਇਸੇ ਦੇ ਮੱਦੇਨਜ਼ਰ ਉਹ ਅੱਜ ਖੁਦ ਖਟਕੜ ਕਲ੍ਹਾਂ ਵਿਖੇ ਚੱਲ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਆਏ ਹਨ। ਉਨ੍ਹਾਂ ਨੇ ਕਿਹਾ ਕਿ ਖਟਕੜ ਕਲ੍ਹਾਂ ਵਿਖੇ ਬਣਾਏ ਗਏ ਮਿਊਜ਼ਮ ਨੂੰ ਅਪਗਰੇਡ ਕੀਤਾ ਜਾ ਰਿਹਾ ਹੈ, ਜਿਸ ਨੂੰ 28 ਸਤੰਬਰ ਤੋਂ ਪਹਿਲਾ ਪਹਿਲਾਂ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇਨਕਲਾਬ ਫੈਸਟੀਵਲ ਦੌਰਾਨ ਤਿੰਨ ਦਿਨਾਂ ਦਾ ਪ੍ਰੋਗਰਾਮ ਕਰਵਾਇਆ ਜਾਵੇਗਾ, ਜਿਸ ਵਿਚ ਪ੍ਰਸਿੱਧ ਪੰਜਾਬੀ ਸੰਗੀਤਕਾਰ, ਕਲਾਕਾਰ ਅਤੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀ ਵੀ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ। ਇਸ ਦੌਰਾਨ ਕਲਾਕਾਰਾਂ ਵੱਲੋ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਦੀ ਜੀਵਨੀ ਸਬੰਧੀ ਨਾਟਕਾਂ ਰਾਹੀਂ ਪੇਸ਼ਕਾਰੀ ਕੀਤੀ ਜਾਵੇਗੀ। ਇਸ ਦੌਰਾਨ ਬੱਚਿਆਂ ਲਈ ਝੂਲੇ ਅਤੇ ਖਾਣ-ਪੀਣ ਦੇ ਸਟਾਲ ਵੀ ਲਗਾਏ ਜਾਣਗੇ, ਜੋ ਕਿ ਵਿਸ਼ੇਸ਼ ਤੌਰ 'ਤੇ ਖਿੱਚ ਦਾ ਕੇਂਦਰ ਹੋਣਗੇ। ਇਸ ਮੌਕੇ 'ਤੇ ਐਸ.ਡੀ.ਐਮ ਬੰਗਾ ਮਨਰੀਤ ਰਾਣਾ ਤੋਂ ਇਲਾਵਾ ਟੂਰਜ਼ਿਮ ਵਿਭਾਗ ਦੇ ਅਧਿਕਾਰੀ ਅਤੇ ਕਰਮਚਾਰੀ ਵੀ ਮੌਜੂਦ ਸਨ।

# ਬਹੁਜਨ ਸਮਾਜ ਪਾਰਟੀ ਹਲਕਾ ਫਿਲੌਰ ਦੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਮੀਟਿੰਗ





**ਫਿਲੌਰ-** ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਫਿਲੌਰ ਦੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਮੀਟਿੰਗ ਗੁਰਨੇਕ ਗੜ੍ਹੀ ਪ੍ਰਧਾਨ ਵਿਧਾਨ ਸਭਾ ਹਲਕਾ ਫਿਲੌਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਮੁੱਖ ਮਹਿਮਾਨ ਸਤਿਕਾਰ ਯੋਗ ਡਾ . ਜਸਵੀਰ ਸਿੰਘ ਗੜ੍ਹੀ ਪ੍ਰਧਾਨ ਬਸਪਾ ਪੰਜਾਬ ਨੇ ਹਲਕੇ ਦੇ ਆਗੂਆਂ ਨੂੰ ਸਮੇਂ ਸਿਰ ਸਗੰਠਨ ਬਣਾਉਣ ਦੇ ਦਿਸ਼ਾ ਨਿਰਦੇਸ਼ ਦਿੱਤੇ। ਇਸ ਸਮਾਗਮ ਦੌਰਾਨ ਬੋਲਦਿਆਂ ਸਮੂਹ ਆਗੂਆਂ ਨੇ ਕਿਹਾ ਕਿ ਸਮਾਂ ਆ ਗਿਆ ਹੈ ਕਿ ਦੇਸ਼ ਦੀ ਪ੍ਰਧਾਨ ਮੰਤਰੀ ਬਣਾਉਣ ਭੈਣ ਮਾਇਆਵਤੀ ਨੂੰ ਬਣਾਇਆ ਜਾਵੇ ਤਾਂ ਕਿ ਦੇਸ਼ ਦੇ ਭਵਿੱਖ ਨੂੰ ਸੁਧਾਰਿਆ ਜਾ ਸਕੇ। ਇਸ ਮੌਕੇ ਸਮੂਹ ਆਗੂਆਂ ਨੇ ਸੰਗਠਨ ਨੂੰ ਹੇਠਲੇ ਪੱਧਰ ਤੱਕ ਹੋਰ ਮਜ਼ਬੂਤ ਕਰਨ ਲਈ ਕਾਰਜ ਕਰਨ ਲਈ ਕਿਹਾ।

# 'ਮੇਰੀ ਮਿੱਟੀ ਮੇਰਾ ਦੇਸ਼' ਤਹਿਤ ਦਿੱਲੀ 'ਚ ਬਣਨ ਵਾਲੀ ਅੰਮ੍ਰਿਤ ਵਾਟਿਕਾ ਲਈ ਪੰਜਾਬ ਦੇ ਹਰ ਘਰ ਤੋਂ ਮਿੱਟੀ ਇਕੱਠੀ ਕਰਕੇ ਭੇਜੇਗੀ ਭਾਜਪਾ : ਜੀਵਨ ਗੁਪਤਾ

**ਚੰਡੀਗੜ੍ਹ-** ਆਜ਼ਾਦੀ ਦੇ ਅੰਮ੍ਰਿਤ ਮਹੋਤਸਵ ਦੇ ਹਿੱਸੇ ਵਜੋਂ ਦਿੱਲੀ ਵਿਖੇ ਬਣਨ ਜਾ ਰਹੀ ਅੰਮ੍ਰਿਤ ਵਾਟਿਕਾ ਲਈ ਭਾਰਤ ਭਰ ਦੇ ਸੂਬਿਆਂ ਤੋਂ ਭਾਜਪਾ ਵਰਕਰ ਘਰ-ਘਰ ਜਾ ਕੇ ਮਿੱਟੀ ਇਕੱਠੀ ਕਰਕੇ ਕਲਸ਼ ਵਿਚ ਭਰਕੇ ਦਿੱਲੀ ਭੇਜਣਗੇ। ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਇਸ ਸਬੰਧੀ ਜਾਰੀ ਪ੍ਰੈਸ ਬਿਆਨ ਵਿੱਚ ਕਿਹਾ ਕਿ ਦਿੱਲੀ ਵਿੱਚ ਬਣਨ ਵਾਲੀ ਅੰਮ੍ਰਿਤ ਵਾਟਿਕਾ ਆਜ਼ਾਦੀ, ਏਕਤਾ ਅਤੇ ਅਖੰਡਤਾ ਵਿੱਚ ਯੋਗਦਾਨ ਪਾਉਣ ਵਾਲੇ ਨਾਇਕਾਂ ਨੂੰ ਸਮਰਪਿਤ 'ਆਜ਼ਾਦੀ ਦੀ ਅੰਮ੍ਰਿਤ ਮਹੋ-ਤਸਵ ਯਾਦਗਾਰ' ਹੋਵੇਗੀ। ਜੀਵਨ ਗੁਪਤਾ ਨੇ ਕਿਹਾ ਕਿ ਇਸ ਮੁਹਿੰਮ ਦੀ ਸ਼ੁਰੂਆਤ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜਗਤ ਪ੍ਰਕਾਸ਼ ਨੱਡਾ ਨੇ ਉੱਤਰ ਪ੍ਰਦੇਸ਼ ਤੋਂ ਕੀਤੀ ਹੈ। ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਦੇ ਸੱਦੇ 'ਤੇ ਸੂਬੇ ਤੋਂ ਲੈ ਕੇ ਬੂਥ ਪੱਧਰ ਤੱਕ ਇਹ ਮੁਹਿੰਮ ਪੂਰੇ ਪੰਜਾਬ 'ਚ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਪੰਜਾਬ ਭਰ ਵਿੱਚ 15 ਸਤੰਬਰ ਤੱਕ ਜਾਰੀ ਰਹੇਗੀ ਅਤੇ ਇਸ ਦੌਰਾਨ ਵਰਕਰ ਘਰ-ਘਰ ਜਾ ਕੇ ਉਨ੍ਹਾਂ ਤੋਂ ਇੱਕ ਚੁਟਕੀ ਭਰ ਮਿੱਟੀ ਇਕੱਠੀ ਕਰਨਗੇ। ਇਸ ਤੋਂ ਬਾਅਦ ਬਲਾਕ ਪੱਧਰ 'ਤੇ ਇਹ ਮੁਹਿੰਮ ਚਲਾਈ ਜਾਵੇਗੀ। ਇਸ ਮਿੱਟੀ ਨੂੰ ਕਲਸ਼ 'ਚ ਇਕੱਠਾ ਕੀਤਾ ਜਾਵੇਗਾ ਅਤੇ ਇਸ ਤੋਂ ਬਾਅਦ ਸੂਬਾ ਪੱਧਰ 'ਤੇ ਪ੍ਰੋਗਰਾਮ ਉਲੀਕਿਆ ਜਾਵੇਗਾ। ਇਸ ਤੋਂ ਬਾਅਦ ਇਹ ਸਾਰੀ ਮਿੱਟੀ ਦਿੱਲੀ ਦੇ ਕਰਤਵ੍ਯ ਪਥ 'ਤੇ ਬਣਨ ਵਾਲੀ ਅੰਮ੍ਰਿਤ ਵਾਟਿਕਾ ਲਈ ਦਿੱਲੀ ਭੇਜੀ ਜਾਵੇਗੀ ਅਤੇ ਦੇਸ਼ ਭਰ ਤੋਂ ਲਿਆਂਦੀ ਇਸ ਮਿੱਟੀ ਨਾਲ ਇਸ ਅੰਮ੍ਰਿਤ ਵਾਟਿਕਾ ਦਾ ਨਿਰਮਾਣ ਕੀਤਾ



ਜਾਵੇਗਾ। ਉਨ੍ਹਾਂ ਪੰਜਾਬ ਅਤੇ ਦੇਸ਼ ਦੇ ਹਰ ਵਰਗ ਨੂੰ ਇਸ ਮੁਹਿੰਮ ਵਿੱਚ ਆਪਣਾ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਜੀਵਨ ਗੁਪਤਾ ਨੇ ਕਿਹਾ ਕਿ 'ਮੇਰੀ ਮਿੱਟੀ ਮੇਰਾ ਦੇਸ਼' ਮੁਹਿੰਮ ਤਹਿਤ ਦੇਸ਼ ਭਰ ਦੀਆਂ ਪੰਚਾਇਤਾਂ ਦੀ ਮਿੱਟੀ ਤੋਂ ਦਿੱਲੀ ਦੇ ਕਰਤਵ੍ਯ ਪਥ 'ਤੇ 'ਅੰਮ੍ਰਿਤ ਵਾਟਿਕਾ' ਬਣਾਈ ਜਾਵੇਗੀ। ਇਸ ਮੁਹਿੰਮ ਦਾ ਉਦੇਸ਼ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਬਹਾਦਰ ਆਜ਼ਾਦੀ ਘੁਲਾਟੀਆਂ ਅਤੇ ਨਾਇਕਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਹੈ। ਇਸ ਮੁਹਿੰਮ ਵਿੱਚ ਸੁਤੰਤਰਤਾ ਸੈਨਾਨੀਆਂ ਅਤੇ ਸੁਰੱਖਿਆ ਬਲਾਂ ਨੂੰ ਸਮਰਪਿਤ ਸ਼ਿਲਾਫਲਕਮ ਦੀ ਸਥਾਪਨਾ ਦੇ ਨਾਲ-ਨਾਲ ਪੰਚ ਪ੍ਰਾਣ ਸੰਕਲਪ, ਵਸੁਧਾ ਵੰਦਨ, ਜਾਬਾਜਾਂ ਦਾ ਵੰਦਨ ਵਰਗੀਆਂ ਪਹਿਲਕਦਮੀਆਂ ਸ਼ਾਮਲ ਹੋਣਗੀਆਂ, ਜੋ ਸਾਡੇ ਬਹਾਦਰਾਂ ਦੀਆਂ ਬਹਾਦਰੀ ਦੀਆਂ ਕੁਰਬਾਨੀਆਂ ਨੂੰ ਸ਼ਰਧਾਂਜਲੀ ਦੇਣਗੀਆਂ। ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਪਿੰਡ, ਪੰਚਾਇਤ, ਬਲਾਕ, ਕਸਬੇ, ਸ਼ਹਿਰ, ਨਗਰ ਪਾਲਿਕਾ ਆਦਿ ਦੇ ਸਥਾਨਕ ਨਾਇਕਾਂ ਦੀ ਕੁਰਬਾਨੀ ਦੇ ਜਜ਼ਬੇ ਨੂੰ ਸਲਾਮ ਕਰਦੀਆਂ ਸ਼ਿਲਾਫਲਕਮ ਜਾਂ ਯਾਦਗਾਰੀ ਤਖ਼ਤੀਆਂ ਲਗਾਈਆਂ ਜਾਣਗੀਆਂ। ਇਸ ਵਿੱਚ ਪ੍ਰਧਾਨ ਮੰਤਰੀ ਦੇ ਸੰਦੇਸ਼ ਦੇ ਨਾਲ ਉਸ ਖੇਤਰ ਦੇ ਉਨ੍ਹਾਂ ਲੋਕਾਂ ਦੇ ਨਾਮ ਹੋਣਗੇ ਜਿਨ੍ਹਾਂ ਨੇ ਦੇਸ਼ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ। ਇਸ ਤੋਂ ਇਲਾਵਾ ਪਿੰਡਾਂ ਵਿੱਚ ਛੱਪੜਾਂ ਦੀ ਸਾਂਭ ਸੰਭਾਲ ਦੇ ਮਕਸਦ ਨਾਲ ਦੇਸ਼ ਅਤੇ ਫ਼ਰਜ਼ ਲਈ ਜਾਨਾਂ ਵਾਰਨ ਵਾਲੇ ਸ਼ਹੀਦਾਂ ਦੇ ਨਾਂ 'ਤੇ ਉਨ੍ਹਾਂ ਦੇ ਕੰਢਿਆਂ 'ਤੇ ਯਾਦਗਾਰਾਂ ਵੀ ਬਣਾਈਆਂ ਜਾਣਗੀਆਂ।

ਜੀਵਨ ਗੁਪਤਾ ਨੇ ਕਿਹਾ ਕਿ ਦਿੱਲੀ ਵਿੱਚ 'ਅੰਮ੍ਰਿਤ ਵਾਟਿਕਾ' ਬਣਾਉਣ ਲਈ ਦੇਸ਼ ਦੇ ਕੋਨੇ-ਕੋਨੇ ਤੋਂ ਮਿੱਟੀ ਲੈ ਕੇ 7500 ਕਲਸ਼ਾਂ ਵਿੱਚ 'ਅੰਮ੍ਰਿਤ ਕਲਸ਼ ਯਾਤਰਾ' ਕੱਢੀ ਜਾਵੇਗੀ। ਇਹ 'ਅੰਮ੍ਰਿਤ ਵਾਟਿਕਾ' 'ਇਕ ਭਾਰਤ, ਸਰਵੋਤਮ ਭਾਰਤ' ਪ੍ਰਤੀ ਵਚਨਬੱਧਤਾ ਦਾ ਪ੍ਰਤੀਕ ਹੋਵੇਗੀ। ਇਸ ਦੌਰਾਨ ਕਰਵਾਏ ਜਾਣ ਵਾਲੇ ਪ੍ਰੋਗਰਾਮ ਵਿੱਚ ਵਿਕਸਤ ਭਾਰਤ ਦੇ ਪੰਜ ਪ੍ਰਣ, ਗੁਲਾਮੀ ਦੀ ਹਰ ਸੋਚ ਤੋਂ ਅਜ਼ਾਦੀ, ਵਿਰਾਸਤ ਵਿੱਚ ਮਾਣ, ਏਕਤਾ ਅਤੇ ਏਕਤਾ ਅਤੇ ਨਾਗਰਿਕਾਂ ਨੂੰ ਆਪਣਾ ਫਰਜ਼ ਨਿਭਾਉਣ ਦਾ ਸੱਦਾ ਦਿੱਤਾ ਜਾਵੇਗਾ। ਇਸ ਤੋਂ ਇਲਾਵਾ ਪਿੰਡ, ਪੰਚਾਇਤ ਅਤੇ ਇਲਾਕੇ ਅਤੇ ਧਰਤੀ ਨੂੰ ਬਚਾਉਣ ਲਈ 75 ਦੇਸੀ ਬੂਟੇ ਲਗਾਏ ਜਾਣਗੇ। ਉਨ੍ਹਾਂ ਉਪਰੋਕਤ ਪ੍ਰੋਗਰਾਮਾਂ ਨੂੰ ਸਫਲ ਬਣਾਉਣ ਲਈ ਸਾਰਿਆਂ ਨੂੰ ਸੱਦਾ ਦਿੱਤਾ ਅਤੇ ਇਸ ਲਈ ਸ਼ਹੀਦਾਂ ਦੇ ਪਰਿਵਾਰਾਂ ਅਤੇ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ ਨੂੰ ਇਸ ਮੁਹਿੰਮ ਨਾਲ ਜੁੜਨ ਦਾ ਸੱਦਾ ਦਿੰਦਿਆਂ ਇਨ੍ਹਾਂ ਸਾਰੇ ਪ੍ਰੋਗਰਾਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਇਨ੍ਹਾਂ ਨੂੰ ਸਫ਼ਲ ਬਣਾਉਣ ਦਾ ਸੱਦਾ ਵੀ ਦਿੱਤਾ।

# 19 ਸਾਲਾ ਹਰਸ਼ਵੀਰ ਦੀ ਕਰੰਟ ਲੱਗਣ ਨਾਲ ਹੋਈ ਮੌਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**-ਗੜ੍ਹਸ਼ੰਕਰ ਦੇ ਪਿੰਡ ਮੋਹਣੋਵਾਲ ਵਿਖੇ ਕਰੰਟ ਲੱਗਣ ਨਾਲ 19 ਸਾਲਾ ਲੜਕੇ ਦੀ ਦਰਦਨਾਕ ਮੌਤ ਹੋ ਜਾਣ ਦਾ ਸਮਾਚਾਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹਰਸ਼ਵੀਰ ਸਿੰਘ (19) ਪੁੱਤਰ ਗੁਰਨੇਕ ਸਿੰਘ ਵਾਸੀ ਪਿੰਡ ਮੋਹਣੋਵਾਲ ਥਾਣਾ ਗੜ੍ਹਸ਼ੰਕਰ ਅੱਜ ਸਵੇਰੇ ਆਪਣੇ ਪਸ਼ੂਆਂ ਦੇ ਸ਼ੈਡ ਵਿੱਚ ਬੰਨ੍ਹੇ ਪਸ਼ੂਆਂ ਨੂੰ ਪਾਣੀ ਪਿਲਾਉਣ ਗਿਆ ਸੀ। ਉਸ ਨੂੰ ਪਾਣੀ ਪਿਲਾਉਣ ਤੋਂ ਬਾਅਦ ਆਪਣੇ ਆਪ ਨੂੰ ਗਰਮੀ ਤੋਂ ਬਚਾਉਣ ਲਈ ਉਸ ਨੇ ਉੱਥੇ ਪਿਆ ਪੱਖਾ




ਚਾਲੂ ਕਰ ਦਿੱਤਾ ਅਤੇ ਪੱਖੇ ਤੋਂ ਬਿਜਲੀ ਦਾ ਝਟਕਾ ਲੱਗਣ ਕਾਰਨ ਉਹ ਪੱਖੇ ਨਾਲ ਚਿਪਕ ਗਿਆ ਅਤੇ ਪੱਖਾ ਉਸ 'ਤੇ ਡਿੱਗ ਪਿਆ। ਜਦੋਂ ਕੁਝ ਸਮਾਂ ਬੀਤਿਆ ਤਾਂ ਉਸ ਦੇ ਦਾਦਾ ਸੋਹਣ ਸਿੰਘ ਉਸ ਨੂੰ ਦੇਖਣ ਲਈ ਉੱਥੇ ਪੁੱਜੇ ਤਾਂ ਉਨ੍ਹਾਂ ਦੇਖਿਆ ਕਿ ਹਰਸ਼ਵੀਰ ਜ਼ਮੀਨ 'ਤੇ ਪਿਆ ਹੋਇਆ ਸੀ ਅਤੇ ਪੱਖਾ ਉਸ 'ਤੇ ਡਿੱਗਿਆ ਹੋਇਆ ਸੀ। ਉਸ ਨੂੰ ਤੁਰੰਤ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਹਰਸ਼ਵੀਰ ਨੇ ਆਈਲੈਟਸ ਦੀ ਪ੍ਰੀਖਿਆ ਸਾਢੇ ਛੇ ਬੈਂਡਾਂ ਨਾਲ ਪਾਸ ਕੀਤੀ ਸੀ। ਉਸ ਨੇ ਵਿਦੇਸ਼ ਵਿਚ ਉੱਚ ਸਿੱਖਿਆ ਲਈ ਅਪਲਾਈ ਕੀਤਾ ਹੋਇਆ ਸੀ ਅਤੇ ਉਸ ਦਾ ਮੈਡੀਕਲ ਵੀ ਹੋ ਚੁੱਕਾ ਸੀ। ਹਰਸ਼ਵੀਰ ਭੈਣ ਅਤੇ ਭਰਾ ਸਨ। ਪੁੱਤਰ ਦੀ ਦਰਦਨਾਕ ਮੌਤ ਕਾਰਨ ਪਰਿਵਾਰ ਦਾ ਰੋ-ਰੋ ਕੇ ਬੁਰਾ ਹਾਲ ਸੀ। ਹਰਸ਼ਵੀਰ ਨੂੰ ਲਾੜੇ ਵਾਂਗ ਸਜਾਇਆ ਗਿਆ ਅਤੇ ਉਸ ਦਾ ਅੰਤਿਮ ਸੰਸਕਾਰ ਕੀਤਾ ਗਿਆ। ਉਸਦੀ ਮੌਤ ਨਾਲ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ।

# ਮੱਧ ਪ੍ਰਦੇਸ਼ ਵਿਚ ਸ੍ਰੀ ਗੁਰੂ ਰਵਿਦਾਸ ਮੰਦਰ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਰੂਪ ਲਾਲ ਰੂਪ
91-94652-25722

ਜਿਸ ਸਥਾਨ 'ਤੇ ਅਜ ਰਵਿਦਾਸੀਆ ਸਮਾਜ ਖੜ੍ਹਾ ਹੈ ਇਸ ਪਿੱਛੇ ਸੰਤ ਨਾਮਦੇਵ, ਗੁਰੂ ਰਵਿਦਾਸ, ਸਤਿਗੁਰ ਕਬੀਰ ਤੋਂ ਬਾਅਦ ਮਹਾਤਮਾ ਜੋਤੀਬਾ ਫੂਲੇ,ਛੱਤਰਪਤੀ ਸ਼ਾਹੂ ਜੀ ਮਹਾਰਾਜ,ਬਾਬੂ ਮੰਗੂਰਾਮ ਮੁਗੋਵਾਲੀਆ, ਬਾਬਾ ਸਾਹਿਬ ਅੰਬੇਡਕਰ, ਬਾਬੂ ਕਾਂਸ਼ੀ ਰਾਮ ਆਦਿ ਦਾ ਵੱਡਾ ਹੱਥ ਹੈ। ਉਨ੍ਹਾਂ ਦੀ ਵਿਰਾਸਤ ਨੂੰ ਅਗਾਂਹ ਤੋਰਨ ਲਈ ਬਹੁਤ ਸਾਰੇ ਵਿਦਵਾਨ ਯਤਨਸ਼ੀਲ ਹਨ ।ਉਨ੍ਹਾਂ ਆਪਣੇ ਪੂਰਵਜਾਂ ਦੇ ਪਾਏ ਪੂਰਨਿਆਂ 'ਤੇ ਚਲਦਿਆਂ ਜਾਗਰੂਕਤਾ ਦੇ ਦੀਵੇ ਜਗਾਉਣ ਦਾ ਯਤਨ ਕੀਤਾ ਹੈ ।ਪਰ ਇਹ ਇਕ ਕੌੜੀ ਸੱਚਾਈ ਹੈ ਕਿ ਲੋਕਾਂ ਵਿਦਵਾਨਾਂ ਦਾ ਸਾਥ ਕਦੇ ਨਹੀਂ ਦਿੱਤਾ। ਇਸ ਮੰਤਵ ਲਈ ਉਹ ਸਿਆਸੀ ਲੀਡਰਾਂ ਜਾਂ ਫਿਰ ਸੰਤ ਮਹਾਂਪੁਰਸ਼ਾਂ 'ਤੇ ਟੇਕ ਰੱਖਦੇ ਹਨ। ਨਿਸ਼ਠਾਵਾਨ ਸਿਆਸੀ ਨੇਤਾਵਾਂ ਅਤੇ ਸੰਤਾਂ ਦੀ ਇੱਛਾ ਹੋਵੇ ਤਾਂ ਉਹ ਆਪਣੇ ਸਮਾਜ ਨੂੰ ਬਹੁਤ ਅੱਗੇ ਲਿਜਾ ਸਕਦੇ ਹਨ। ਪਰ ਪਿਛਲੇ ਸਮੇਂ ਤੋਂ ਇਹ ਦੋਵੇਂ ਧਿਰਾਂ ਲੋਭ ਲਾਲਚ ਵਿਚ ਫਸੀਆਂ ਸਮਾਜ ਨੂੰ ਬਣਦੀ ਸੇਧ ਦੇਣ ਤੋਂ ਅਸਮਰੱਥ ਰਹੀਆਂ ਹਨ।

ਪਿੰਡ ਬੜਤੂਮਾ ਜਿਲ੍ਹਾ ਸਾਗਰ (ਮੱਧ ਪ੍ਰਦੇਸ਼) ਵਿਖੇ ਮਾਨਯੋਗ ਨਰਿੰਦਰ ਮੋਦੀ, ਪ੍ਰਧਾਨ ਮੰਤਰੀ ਜੀ ਨੇ 'ਸੰਤ ਰਵਿਦਾਸ ਮੰਦਰ ' (ਗੁਰੂ ਰਵਿਦਾਸ ਮੰਦਰ ਨਹੀਂ) ਦਾ ਨੀਂਹ ਪੱਥਰ, ਮਿਤੀ 12-08-2023 ਦਿਨ ਸ਼ਨੀਵਾਰ, ਰੱਖਿਆ ਹੈ। ਇਹ ਮੰਦਰ 10,000 ਵਰਗ ਫੁੱਟ 'ਤੇ ਉਸਾਰਿਆ ਜਾਣਾ ਹੈ। ਇਸ ਦੀਆਂ ਚਾਰ ਗੈਲਰੀਆਂ, ਸੰਗਤ ਹਾਲ, ਜਲ ਕੁੰਡ, ਭਗਤ ਨਿਵਾਸ, ਲਾਇਬ੍ਰੇਰੀ ਆਦਿ ਅਲੱਗ ਹੋਣਗੇ। ਇਸ ਮੰਦਰ ਦੇ ਦੋ ਵੱਡੇ ਪ੍ਰਵੇਸ਼ ਦੁਆਰ ਬਣਾਏ ਜਾ ਰਹੇ। ਇਸ ਮੰਦਰ ਵਿਚ 20000 ਪਿੰਡਾਂ ਦੀ ਮਿੱਟੀ ਅਤੇ 300 ਨਦੀਆਂ ਦਾ ਜਲ ਵਰਤੋਂ ਵਿਚ ਲਿਆਉਣ ਦੀ ਯੋਜਨਾ ਹੈ। ਇਸ ਪ੍ਰੋਜੈਕਟ 'ਤੇ 102 ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਪਤਾ ਲੱਗਾ ਹੈ ਕਿ ਗੁਰੂ ਰਵਿਦਾਸ ਮਹਾਰਾਜ ਜੀ ਕਮਲ ਦੇ ਫੁੱਲ ਵਿਚ ਬਿਰਾਜਮਾਨ ਹੋਣਗੇ।

ਮਾਨਯੋਗ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਜੀ ਦੀ ਹਾਜ਼ਰੀ ਵਿਚ ਹਵਨ ਸਮੇਂ ਹਿੰਦੂ ਮੰਤਰਾਂ ਦਾ ਉਚਾਰਣ ਕੀਤਾ ਗਿਆ ।ਸਾਰੇ ਹਿੰਦੂ ਕਰਮਕਾਂਡ, ਜਿਨ੍ਹਾਂ ਵਿਰੁੱਧ ਗੁਰੂ ਰਵਿਦਾਸ ਮਹਾਰਾਜ ਜੀ ਨੇ ਆਵਾਜ਼ ਬੁਲੰਦ ਕੀਤੀ ਸੀ, ਕਰਨ ਉਪਰੰਤ ਪ੍ਰਧਾਨ ਮੰਤਰੀ ਜੀ ਵਲੋਂ ਮੰਦਰ ਦਾ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਇਹ ਮੰਦਰ ਡੇਢ ਸਾਲ ਵਿਚ ਮੁਕੰਮਲ ਹੋ ਜਾਵੇਗਾ ਅਤੇ ਇਸ ਦਾ ਉਦਘਾਟਨ ਵੀ ਉਹ ਹੀ ਕਰਨਗੇ । ਇਹ ਹੈ ਉਨ੍ਹਾਂ ਦੀ ਮਨਸ਼ਾ; ਜੋ ਮੂੰਹੋ ਬੋਲਦੀ ਹੈ।

ਮੱਧ ਪ੍ਰਦੇਸ਼ ਦੇ ਰਵਿਦਾਸੀਆ ਵਿਦਵਾਨਾਂ ਅਨੁਸਾਰ ਇਸ ਮੰਦਰ ਦੀ ਮੰਗ ਕਿਸੇ ਵੀ ਰਵਿਦਾਸੀਆ ਸੰਗਠਨ ਵਲੋਂ ਨਹੀਂ ਕੀਤੀ ਗਈ। ਇਸ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਇਹ ਰਵਿਦਾਸੀਆ ਸਮਾਜ ਨੂੰ ਭਰਮਾ ਕੇ ਵੋਟਾਂ ਲੈਣ ਲਈ ਇਕ ਜਾਲ ਬੁਣਿਆ ਜਾ ਰਿਹਾ ਹੈ।ਇਸ ਤੋਂ ਵੀ ਅੱਗੇ ਅਣਖ ਵਲ ਵਧਦੇ ਕਦਮਾਂ ਨੂੰ ਮੁੜ ਬੇੜੀਆਂ ਵਿੱਚ ਜਕੜਨਾ ਹੈ ਅਤੇ ਬੁੱਧ ਧਰਮ ਵਾਂਙੂ ਇਸ ਸਮਾਜ ਨੂੰ ਨਿਗਲ ਜਾਣਾ ਹੈ। ਪਰ ਰਵਿਦਾਸੀਆ ਸਮਾਜ ਦੇ ਕਿਸੇ ਨੇਤਾ ਜਾਂ ਸੰਤ ਸਮਾਜ ਦੇ ਕਿਸੇ ਆਗੂ ਦਾ ਕੋਈ ਬਿਆਨ ਨਹੀਂ ਸੁਣਿਆ ਜਾਂ ਪੜ੍ਹਿਆ ਜਿਸ ਵਿਚ ਇਸ ਪ੍ਰੋਜੈਕਟ ਨੂੰ ਲੋਕਾਂ ਲਈ ਛੱਡ ਦੇਣ ਦਾ ਸੁਨੇਹਾ ਹੋਵੇ। ਸਗੋਂ ਮੌਕੇ 'ਤੇ ਤਾਂ ਕੁਝ ਮਜੀਠ ਰੰਗ ਦੇ ਤੇ ਭਗਵੇਂ ਚੋਲ੍ਹਾਧਾਰੀ ਸੰਤ ਆਪਣੇ ਸਮਾਜ ਦੀ ਗੁਲਾਮੀ ਦੀਆਂ ਗੁੰਦੀਆਂ ਜਾ ਰਹੀਆਂ ਜੰਜੀਰਾਂ ਅੱਖੀਂ ਦੇਖ ਰਹੇ ਨਜ਼ਰ ਆ ਰਹੇ ਹਨ। ਅਜਿਹੇ ਸੰਤਾਂ ਤੋਂ ਸਮਾਜ ਕੀ ਤਵੱਕੋਂ ਕਰ ਸਕਦਾ ਹੈ ਜੋ ਗੁਰੂ ਦੇ ਦੱਸੇ ਮਾਰਗ ਤੋਂ ਖੁਦ ਭਟਕੇ ਹੋਏ ਹਨ। ਇਹ ਸਤਿਸੰਗ ਰਚਾਉਂਦੇ ਹਨ ਤੇ ਗੁਰੂ ਜੀ ਦੇ ਸ਼ਬਦ ਲੋਕਾਂ ਨੂੰ ਸੁਣਾਉਂਦੇ ਹਨ-

'ਪਰਾਧੀਨਤਾ ਪਾਪ ਹੈ। ਜਾਨ ਲੇਹੁ ਰੇ ਮੀਤ॥
ਰਵਿਦਾਸ ਦਾਸ ਪਰਾਧੀਨ ਸਿਉ।
ਕਉਨ ਕਰੈ ਹੈ ਪ੍ਰੀਤ॥

ਕੋਈ ਪੁੱਛੇ ਕਿ ਇਹੋ ਜਿਹੇ ਸਰਕਾਰੀ ਮੰਦਰਾਂ ਦਾ ਸੁਖ ਭੋਗਣ ਦੀ ਚਾਹਤ ਹੁੰਦੀ ਤਾਂ ਗੁਰੂ ਰਵਿਦਾਸ ਮਹਾਰਾਜ ਜੀ ਪਾਸ ਮੌਕਿਆਂ ਦੀ ਕੋਈ ਕਮੀ ਨਹੀਂ ਸੀ। ਪਰ ਉਨ੍ਹਾਂ ਹੱਥੀਂ ਕਾਰ ਕਰਦਿਆਂ ਸਮਾਜ ਨੂੰ ਸਿਰ ਉਠਾ ਕੇ ਤੁਰਨ ਜੋਗਰੇ ਕਰ ਦਿੱਤਾ। ਹੁਣ ਉਨ੍ਹਾਂ ਦੇ ਆਪੂੰ ਬਣੇ ਵਜ਼ੀਰ ਸਮਾਜ ਦੀਆਂ ਬੇੜੀਆਂ ਵਿਚ ਸਦੀਆਂ ਲਈ ਵੱਟੇ ਪਾ ਰਹੇ ਹਨ ਜਾਂ ਆਖੋ ਕੋਲ ਖੜ੍ਹ ਕੇ ਪੁਆ ਰਹੇ ਹਨ ।

ਮੰਦਰ ਦੀ ਤਜਵੀਜ਼ ਵਿਚ ਇਕ ਲਾਇਬ੍ਰੇਰੀ ਦਾ ਨਿਰਮਾਣ ਵੀ ਸ਼ਾਮਲ ਹੈ। ਇਸ ਲਾਇਬ੍ਰੇਰੀ ਵਿਚ ਦਲਿਤ ਲਹਿਰ ਦੇ ਸਿਰਜਕਾਂ ਦੀਆਂ ਕਿਤਾਬਾਂ ਨਹੀਂ; ਹਿੰਦੂਵਾਦੀ ਦੇਵਤਿਆਂ ਦੇ ਗੁਣਗਾਨ ਵਾਲੀਆਂ ਪੜ੍ਹਾਈਆਂ ਜਾਣਗੀਆਂ। ਆਉਣ ਵਾਲੇ ਪੰਜਾਹ ਸੌ ਸਾਲ ਵਿਚ ਬਾਬਾ ਸਾਹਿਬ ਅੰਬੇਡਕਰ ਜੀ ਦੀ ਕੀਤੀ ਸਾਰੀ ਮਿਹਨਤ ਖੂਹ- ਖਾਤੇ ਪੈ ਜਾਵੇਗੀ। ਸਮਾਜ ਦੀ ਤਰਕਸ਼ੀਲ ਸੋਚ ਤਬਾਹ ਕਰ ਦਿੱਤੀ ਜਾਵੇਗੀ ।ਇਸ ਦੇ ਜ਼ਿੰਮੇਵਾਰ ਝੋਲੀਚੁੱਕ ਨੇਤਾ ਅਤੇ ਸੰਤ ਹੋਣਗੇ ।

ਏਥੇ ਇਕ ਗੱਲ ਹੋਰ ਸਾਂਝੀ ਕਰਨੀ ਥਾਂ ਸਿਰ ਹੋਵੇਗੀ ਕਿ ਸਵ: ਮਿਠਾਈ ਲਾਲ, ਪ੍ਰਧਾਨ ਗੁਰੂ ਰਵਿਦਾਸ ਜਨਮ ਸਥੱਲੀ ਮੰਡੂਆਡੀਹ (ਕਾਸ਼ੀ) ਪਾਸ ਕਿਸੇ ਪਹੁੰਚ ਕੀਤੀ ਕਿ ਆਪਦਾ ਮੰਦਰ ਬਹੁਤ ਛੋਟਾ ਤੇ ਸੁਵਿਧਾਵਾਂ ਤੋਂ ਸੱਖਣਾ ਹੈ। ਤੁਸੀਂ ਸਾਡੀ ਗੱਲ ਮੰਨ ਜਾਓ ਅਸੀਂ ਤੁਹਾਡੇ ਮੰਦਰ ਨੂੰ ਸੋਨੇ ਵਿਚ ਮੜ੍ਹ ਦਿਆਂਗੇ। ਮਿਠਾਈ ਲਾਲ ਦਾ ਠੋਕਵਾਂ ਜਵਾਬ ਸੀ 'ਹਮਾਰਾ ਮੰਦਰ ਮਾੜਾ ਹੀ ਅੱਛਾ, ਲੇਕਿਨ ਹਮ ਗੁਰੂ ਰਵਿਦਾਸ ਮਹਾਰਾਜ ਜੀ ਕੇ ਨਾਮ ਪਰ ਸੌਦਾ ਨਹੀਂ ਕਰੇਂਗੇ।' ਇਹ ਹੈ ਅਣਖ। ਇਹ ਹੈ ਜੁਅੱਰਤ। ਜੋ ਗੁਰੂ ਰਵਿਦਾਸ ਮਹਾਰਾਜ ਨੇ ਆਪਣੇ ਸਮਾਜ ਵਿਚ ਪੈਦਾ ਕੀਤੀ ਸੀ। ਅਫਸੋਸ ਹੈ ਕਿ ਉਸ ਦੇ ਨਾਮ 'ਤੇ ਸੁੱਖ ਸਹੂਲਤਾਂ ਮਾਨਣ ਵਾਲੇ ਨੇਤਾ/ਸੰਤ ਸ਼ਰੇਆਮ ਸੌਦਾ ਕਰ ਰਹੇ ਹਨ। ਉਨ੍ਹਾਂ ਦੇ ਪੈਰੋਕਾਰ ਅੰਧ ਭਗਤ ਹਨ। ਜੋ ਉਨ੍ਹਾਂ ਨੂੰ ਜ਼ਮੀਨ ਨਹੀਂ ਦਿਸਣ ਦਿੰਦੇ।

ਕਿਸੇ ਵੀ ਮੰਦਰ/ਗੁਰਦੁਆਰੇ ਵਿਚ ਸਰਕਾਰੀ ਪੈਸਾ ਨਹੀਂ ਲੱਗਣਾ ਚਾਹੀਦਾ। ਇਸ ਨਾਲ ਸਮਾਜ ਦੀ ਅਣਖ ਦਾਅ 'ਤੇ ਲੱਗਦੀ ਹੈ। ਸਿੱਖਾਂ ਦੇ ਦੇਸ਼ ਵਿਦੇਸ਼ ਵਿਚ ਅਨੇਕਾਂ ਗੁਰਦੁਆਰੇ ਹਨ। ਰਵਿਦਾਸੀਆ ਸਮਾਜ ਦੇ ਵੀ ਹਨ। ਮਜਾਲ ਹੈ ਕਿ ਕਿਸੇ ਵਿਚ ਸਰਕਾਰ ਦਾ ਇਕ ਪੈਸਾ ਵੀ ਲੱਗਾ ਹੋਵੇ । ਉੱਥੇ ਜਾ ਕੇ ਮਨ ਨੂੰ ਸਕੂਨ ਆਉਂਦਾ ਹੈ। ਪ੍ਰੇਰਨਾ ਮਿਲਦੀ ਹੈ। ਸਰਦਾਰ ਮਨਮੋਹਨ ਸਿੰਘ ਜੀ ਨੇ 300 ਸਾਲਾ ਜੋਤਿ ਜੋਤਿ ਦਿਵਸ ਗੁਰੂ ਗੋਬਿੰਦ ਸਿੰਘ ਜੀ ਮੌਕ ਹਜ਼ੂਰ ਸਾਹਿਬ ਜੀ ਨੂੰ ਦੋ ਹਜ਼ਾਰ ਕਰੋੜ ਰੁਪਏ ਦਿੱਤੇ ਸਨ।ਉਨ੍ਹਾਂ ਦਾ ਉੱਥੇ ਕੋਈ ਪੱਥਰ ਨਹੀਂ ਲਾਇਆ ਗਿਆ ।ਨਾ ਹੀ ਉਨ੍ਹਾਂ ਮੈਨੇਜਮੈਂਟ ਵਿਚ ਕੋਈ ਦਖਲ ਦਿੱਤਾ। ਪਰ ਰਵਿਦਾਸੀਆ ਸਮਾਜ ਦੇ ਸੰਤ ਸਰਕਾਰੀ ਪੈਸਾ ਦੇਖ ਡੰਡਵਤ ਲੰਮੇ ਪੈ ਜਾਂਦੇ ਹਨ ਅਤੇ ਪੱਥਰ ਲਾਉਣ ਦੀ ਕਾਹਲੀ ਕਰਦੇ ਹਨ। ਦੱਸੋ- ਕੀ ਦੇਣ ਹੈ ਹਿੰਦੂਵਾਦ ਦੀ ਰਵਿਦਾਸੀਆ ਸਮਾਜ ਨੂੰ? ਤੁਸੀਂ ਮ ਕਿਹੜਾ ਮੂੰਹ ਲੈ ਕੇ ਬੜਤੂਮਾ ਮੰਦਰ ਵਿਚ ਨਤਮਸਤਕ ਹੋਣ ਜਾਓਗੇ? ਆਉਣ ਵਾਲੀਆਂ ਨਸਲਾਂ ਨੂੰ ਕੀ ਜਵਾਬ ਦਿਓਗੇ? ਇੰਦਰਾ ਗਾਂਧੀ ਵਲੋਂ ਕਰੋੜਾਂ ਰੁਪਏ ਲਾ ਕੇ ਮੁੜ ਉਸਾਰਿਆ ਅਕਾਲ ਤਖ਼ਤ ਸਾਹਿਬ ਸਿੱਖਾਂ ਪ੍ਰਵਾਨ ਨਹੀਂ ਸੀ ਕੀਤਾ। ਸਾਰਾ ਢਹਿ ਢੇਰੀ ਕਰ ਕੇ ਸੰਗਤਾਂ ਆਪ ਪੈਸਾ ਪੈਸਾ ਲਾਇਆ ਹੈ। ਉਨ੍ਹਾਂ ਨੇ ਇਤਿਹਾਸ ਰਚ ਦਿੱਤਾ ਹੈ। ਪਰ ਅਸੀਂ ਆਪਣੇ ਰਹਿਬਰ ਦੇ ਰਚੇ ਇਤਿਹਾਸ ਨੂੰ ਮਿੱਟੀ ਵਿਚ ਮਿਲਾ ਰਹੇ ਹਾਂ। ਜਾਗਣ ਦਾ ਸਮਾਂ ਹੈ ਜਾਗੋ।

# ਲੈਕਚਰਾਰਾਂ ਤੋਂ ਸੱਖਣੇ ਸਕੂਲ ਅਤੇ ਸਿੱਖਿਆ ਸੁਧਾਰ



ਮੇਜਰ ਸਿੰਘ ਨਾਭਾ
91-94635-53962

ਨਵੀਂ ਪੰਜਾਬ ਸਰਕਾਰ ਨੇ ਸਿੱਖਿਆ ਦੇ ਮੁੱਦੇ ਨੂੰ ਪਹਿਲ ਦੇ ਆਧਾਰ ਤੇ ਸੁਧਾਰ ਕਰਨ ਲਈ ਵਚਨ ਦਿੱਤਾ ਸੀ। ਸਮਾਰਟ ਸਕੂਲ ਤਾਂ ਪਹਿਲੀ ਸਰਕਾਰ ਨੇ ਹੀ ਬਣਵਾਉਣੇ ਸ਼ੁਰੂ ਕਰ ਦਿੱਤੇ ਸੀ । ਪਰ ਅਜੇ ਤੱਕ ਸਿੱਖਿਆ ਦੇ ਸੁਧਾਰ ਲਈ ਕੋਈ ਨਵੀਂ ਠੋਸ ਨੀਤੀ ਸਾਹਮਣੇ ਨਹੀਂ ਆਈ ।

ਉਪਰਲੀ ਪੋਚਾ ਪੋਚੀ ਜ਼ਿਆਦਾ ਕੀਤੀ ਜਾ ਰਹੀ । ਕਈ ਸੀਨੀਅਰ ਸੈਕੰਡਰੀ ਸਕੂਲਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ ਕਿਉਂ ਕਿ ਬਦਲੀਆਂ ਕਾਰਨ ਜਾਂ ਲੈਕਚਰਾਰਾਂ ਦੀ ਸੇਵਾ ਮੁਕਤੀ ਕਾਰਨ ਇਹ ਸਕੂਲ ਲੈਕਚਰਾਰਾਂ ਤੋਂ ਸੱਖਣੇ ਹੋਣ ਕਾਰਨ ਮਾਸਟਰ ਕਾਡਰ ਦੇ ਸੀਨੀਅਰ ਅਧਿਆਪਕ ਹੀ ਸਕੂ.ਲ ਇੰਚਾਰਜ਼ ਦਾ ਕੰਮ ਚਲਾਉਣ ਲਈ ਮਜਬੂਰ ਹਨ। ਇਸ ਦੀ ਮਿਸਾਲ ਸੰਗਰੂਰ ਜਿਲ੍ਹੇ ਦੇ ਸ.ਸ.ਸ.ਸ. ਮਾਝੀ ਦੀ ਸਾਹਮਣੇ ਹੈ । ਮਾਸਟਰ ਕਾਡਰ ਦੇ ਅਧਿਆਪਕ ਵੀ ਹੁਣ ਥੋੜੀ ਸਰਵਿਸ ਵਾਲੇ ਨਵੀਂ ਭਰਤੀ ਵਾਲੇ ਹੀ ਤਕਰੀਬਨ ਹਨ ।ਇਹੋ ਜਿਹੇ ਸਕੂਲਾਂ ਦੀ ਹਾਲਤ ਬੜੀ ਬਦੱਤਰ ਬਣ ਗਈ ਜਿਥੇ ਬੱਚੇ ਦਾਖਲੇ ਲੈ ਕੇ ਪਛਤਾਵਾ ਜਰੂਰ ਪ੍ਰਗਟ ਕਰਨਗੇ ।

ਹਾਈ ਵਿਭਾਗ ਅਤੇ ਸੈਕੰਡਰੀ ਵਿਭਾਗ ਦੋਹਾਂ ਦੀ ਪੜ੍ਹਾਈ ਦਾ ਨੁਕਸਾਨ ਹੋਣਾ ਹੈ । ਪ੍ਰਾਇਮਰੀ ਸਕੂਲਾਂ 'ਚ ਇੱਕ ਅਧਿਆਪਕ ਹੀ ਪੰਜ ਕਲਾਸਾਂ ਪੜ੍ਹਾ ਰਿਹਾ ਹੈ, ਇਹ ਅਖਬਾਰਾਂ ਦੀ ਖਬਰਾਂ ਹਨ ।

ਪੰਜਾਬ ਦੇ ਇਸ ਤਰ੍ਹਾਂ ਦੇ ਕਿੰਨੇ ਹੀ ਅਭਾਗੇ ਸਕੂਲ ਹੋਣਗੇ ਜਿਹੜੇ ਬੱਚਿਆਂ ਦੇ ਭਵਿੱਖ ਲਈ ਸਵਾਲੀਆ ਨਿਸਾਨ ਬਣੇ ਹੋਏ ਹਨ। ਸਿੱਖਿਆ ਸੁਧਾਰ ਦੀ ਗੱਲ ਕਰ ਰਹੀ ਸਰਕਾਰ ਵਲੋਂ ਖਾਲੀ ਪੋਸਟਾਂ ਲਈ ਨਵੇਂ ਅਧਿਆਪਕਾਂ ਦੀ ਭਰਤੀ ਕਿਉਂ ਨਹੀਂ ਕੀਤੀ ਜਾ ਰਹੀ ਜੋ ਕੀਤੀ ਜਾ ਰਹੀ ਹੈ ਉਹ ਅਦਾਲਤੀ ਚੱਕਰਾਂ 'ਚ ਫਸ ਕੇ ਪੂਰ ਨਹੀਂ ਚੜ੍ਹ ਰਹੀ ਜਿਵੇਂ ਹੁਣੇ ਹੀ ਪੀ.ਟੀ.ਆਈ. ਅਧਿਆਪਕਾਂ ਨਾਲ ਹੋਇਆ ਹੈ। ਭਰਤੀ ਦੀ ਪ੍ਰਕ੍ਰਿਆ 'ਚ ਕਾਨੂੰਨੀ ਪੱਖਾਂ ਨੂੰ ਚੰਗੀ ਤਰ੍ਹਾਂ ਪਹਿਲਾਂ ਹੀ ਕਿਉਂ ਨਹੀਂ ਘੋਖਿਆ ਜਾਂਦਾ।

ਹਰੇਕ ਸਾਲ ਛੁੱਟੀਆਂ ਤੋਂ ਬਾਅਦ ਸਕੂ.ਲ ਖੁਲ੍ਹਣ ਨਾਲ ਹੀ ਜਿਨ੍ਹਾਂ ਸਕੂਲਾਂ 'ਚ ਦਰਜਾ ਚਾਰ ਕਰਮਚਾਰੀ ਨਹੀਂ, ਉਥੇ ਅਧਿਆਪਕਾਂ ਨੂੰ ਸਾਫ ਸਫਾਈ ਅਤੇ ਹੋਰ ਕੰਮ ਕਰਵਾਉਣੇ ਹੁੰਦੇ ਹਨ ਕਿਉਂ ਕਿ ਘਾਹ ਆਦਿ ਦਾ ਵੱਧ ਜਾਣਾ, ਆਲੇ ਦੁਆਲੇ ਦਰੱਖਤਾਂ ਦੇ ਪਤੇ ਆਦਿ, ਮੀਂਹਾਂ, ਹਨੇਰ੍ਹੀਆਂ ਨਾਲ ਸਕੂਲ ਦੇ ਅਹਾਤੇ ਦਾ ਗੰਦਾ ਹੋ ਜਾਣਾ, ਇਹ ਸਾਰੇ ਕੰਮਾਂ ਦੇ ਨਿਪਟਾਰੇ ਕਿਸ ਤਰ੍ਹਾਂ ਹੋਣੇ ਹਨ ਇਹ ਜਰੂਰ ਅਧਿਆਪਕਾਂ ਲਈ ਸਿਰਦਰਦੀ ਦਾ ਕਾਰਨ ਬਣ ਸਕਦਾ ਹੈ। ਇਨ੍ਹਾਂ ਦਰਜਾ ਚਾਰ ਦੀਆਂ ਖਾਲੀ ਪੋਸਟਾਂ ਤੇ ਕਈ ਦਹਾਕਿਆਂ ਤੋਂ ਕਦੇ ਨਵੀਂ ਨਿਯੁਕਤੀ ਨਹੀਂ ਕੀਤੀ ਗਈ ਸਿਰਫ ਦਰਜਾ ਚਾਰ ਕਰਮਚਾਰੀਆਂ ਦੀ ਸਰਵਿਸ ਦੌਰਾਨ ਮੌਤ ਹੋਣ ਤੇ ਪਰਿਵਾਰਕ ਮੈਂਬਰਾਂ ਦੀਆਂ ਤਰਸ ਦੇ ਆਧਾਰ ਤੇ ਹੀ ਨਿਯੁਕਤੀਆਂ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ 'ਚੋਂ ਕਈ ਵੱਧ ਯੋਗਤਾ ਕਾਰਨ ਹੋਰ ਆਸਾਮੀ ਤੇ ਨਿਯੁਕਤ ਹੋ ਜਾਂਦੇ ਹਨ।

ਇਸ ਤਰ੍ਹਾਂ ਇਨ੍ਹਾਂ ਕੇਸਾਂ 'ਚ ਵੀ ਆਸਾਮੀ ਬਰਕਰਾਰ ਰਹਿਣ ਦੀ ਸੰਭਾਵਨਾ ਘੱਟ ਹੁੰਦੀ ਹੈ।ਜੇਕਰ ਦਰਜਾ ਚਾਰ ਕਰਮਚਾਰੀ ਸਕੂਲਾਂ ਅੰਦਰ ਹੋਣਗੇ ਤਾਂ ਸਮੇਂ ਸਮੇਂ ਸਿਰ ਉਨ੍ਹਾਂ ਤੋਂ ਸਕੂਲੀ ਇਮਾਰਤ ਦੀਆਂ ਛੱਤਾਂ ਦੀ ਸਫਾਈ ਕਰਵਾਈ ਜਾ ਸਕਦੀ ਜਿਸ ਨਾਲ ਇਮਾਰਤ ਸੁਰੱਖਿਅਤ ਰਹੇਗੀ ਅਤੇ ਜਿਥੇ ਕਿਤੇ ਕੋਈ ਮੁਰੰਮਤ ਦੀ ਲੋੜ ਹੋਵੇਗੀ ਉਹ ਵੀ ਲੱਗੇਗੀ ।

ਸੋ ਸਾਰੇ ਸਕੂਲਾਂ ਦੀ ਸਾਂਭ ਸੰਭਾਲ ਅਤੇ ਠੀਕ ਢੰਗ ਨਾਲ ਸਕੂਲ ਚਲਾਉਣ ਲਈ ਚੌਥਾ-ਦਰਜਾ ਕਰਮਚਾਰੀਆਂ ਦੀਆਂ ਸਕੂ.ਲਾਂ 'ਚ ਖਾਲੀ ਪਈਆਂ ਪੋਸਟਾਂ ਭਰਨ ਲਈ ਤੁਰੰਤ ਕਾਰਵਾਈ ਕਰਨੀ ਚਾਹੀਦੀ ਸੀ ਜੋ ਨਹੀਂ ਹੋਈ ਜਿਸ ਕਾਰਨ ਅਣਸੁਖਾਵੀਂਆਂ ਘਟਨਾਵਾਂ ਵਾਪਰਨ ਦਾ ਖਦਸ਼ਾ ਰਹਿੰਦਾ ਹੈ । ਹੁਣ ਬੱਦੋਵਾਲ ਹਾਦਸੇ ਤੋਂ ਬਾਅਦ ਸਰਕਾਰ ਨੂੰ ਜਰੂਰ ਸਬਕ ਸਿਖ ਲੈਣਾ ਚਾਹੀਦਾ ਹੈ। ਸਕੂਲ ਮੁੱਖੀ ਸਰੀਰਕ ਤੌਰ ਤੇ ਫਿੱਟ ਫੁਰਤੀਲਾ ਹੋਣਾ ਚਾਹੀਦਾ ਹੈ ਜੋ ਕਿ ਸਾਰੇ ਸਕੂਲ ਅੰਦਰ ਸਮੇਂ ਸਮੇਂ ਸਿਰ ਕਲਾਸਾਂ ਦਾ ਨਿਰੀਖਣ ਕਰਦਾ ਰਹੇ।

ਉਸ ਨੂੰ ਸਕੂਲ ਦੀ ਬਿਲਡਿੰਗ ਬਾਰੇ ਪੂਰੀ ਜਾਣਕਾਰੀ ਅਤੇ ਪੁਰਾਣੀਆਂ ਛੱਤਾਂ ਕਦੋਂ ਬਣੀਆਂ ਆਦਿ ਦੀ ਜਾਣਕਾਰੀ ਹੋਣੀ ਚਾਹੀਦੀ ਹੈ,ਕਿਸੇ ਵੀ ਘਾਟ ਨੂੰ ਪੂਰੀ ਕਰਨਾ, ਟੁੱਟ-ਮੁਰੰਮਤ ਆਦਿ ਨੂੰ ਨਾਲੋ ਨਾਲ ਕਰਾਉਣਾ ਚਾਹੀਦਾ ਹੈ।

ਪਰ ਬੱਚਿਆਂ ਦੇ ਪੱਲ੍ਹੇ ਪਹਿਲਾਂ ਨਾਲੋਂ ਘੱਟ ਪੈਂਦਾ ਨਜ਼ਰ ਆ ਰਿਹਾ ਹੈ। ਗਰਮੀ ਅਤੇ ਸਰਦੀ ਜ਼ਿਆਦਾ ਹੋਣ ਤੇ ਸਕੂਲਾਂ ਦਾ ਸਮਾਂ ਹਰ ਸਾਲ ਘਟਾ ਦਿੱਤਾ ਜਾਂਦਾ, ਕਈ ਵਾਰੀ ਜ਼ਿਆਦਾ ਧੁੰਦ ਕਾਰਨ ਵੀ ਛੁਟੀਆਂ ਕਰ ਦਿੱਤੀਆਂ ਹਨ। ਇਸੇ ਤਰ੍ਹਾਂ ਐਤਕੀਂ ਹੜ੍ਹਾਂ ਕਾਰਨ ਕਈ ਜਿਲ੍ਹਿਆਂ ਵਿੱਚ ਸਰਕਾਰ ਨੂੰ ਛੁਟੀਆਂ ਕਰਨੀਆਂ ਪਈਆਂ। ਹੁਣ ਮੌਸ਼ਮ ਵਿਭਾਗ ਦੇ ਭਾਰੀ ਮੀਂਹ ਦੇ ਅਲਰਟ ਕਾਰਨ ਪਹਿਲੀ ਵਾਰ ਸਰਕਾਰ ਨੇ ਐਡਵਾਂਸ 'ਚ ਸਾਰੇ ਪੰਜਾਬ ਵਿੱਚ ਛੁੱਟੀਆਂ ਕਰ ਦਿੱਤੀਆਂ ਜਦੋਂ ਕਿ ਬਹੁਤਿਆਂ ਜਿਲ੍ਹਿਆਂ 'ਚ ਪਾਣੀ ਆਉਣ ਵਾਲੀ ਕੋਈ ਗੱਲ ਨਹੀਂ ਹੋਈ ਪਰ ਕੋਈ ਮੀਂਹ ਵੀ ਨਹੀਂ ਪਇਆ । ਇਸ ਤਰ੍ਹਾਂ ਦੇ ਫੈਸ਼ਲਿਆਂ ਨਾਲ ਬੱਚਿਆ ਦੀ ਪੜ੍ਹਾਈ ਦਾ ਜਰੂਰ ਨੁਕਸਾਨ ਹੋ ਰਿਹਾ ਹੈ। ਜੇਕਰ ਸਰਕਾਰ ਨੇ ਇਹੋ ਜਿਹਾ ਫੈਸ਼ਲਾ ਕਰਨਾ ਸੀ ਤਾਂ ਮੀਂਹ ਦੇ ਪਾਣੀ ਨਾਲ ਪ੍ਰਭਾਵਿਤ ਇਲਾਕਿਆਂ ਦੇ ਉੱਚ ਅਧਿਕਾਰੀਆਂ / ਸਿੱਖਿਆ ਅਧਿਕਾਰੀਆਂ ਨੂੰ ਹਾਲਾਤ ਅਨੁਸਾਰ ਛੁੱਟੀਆਂ ਐਲਾਨ ਕਰਨ ਦੇ ਅਧਿਕਾਰ ਦੇ ਦੇਣੇ ਸੀ ਨਾ ਕਿ ਸਾਰੇ ਪੰਜਾਬ 'ਚ ਛੁੱਟੀਆਂ ਕਰਨ ਦਾ ਐਲਾਨ ਕਰਨਾ ਚਾਹੀਦਾ ਸੀ । ਜੇਕਰ ਬਾਰਿਸ਼ ਭਾਰੀ ਹੁੰਦੀ ਹੈ ਤਾਂ ਸਕੂਲਾਂ 'ਚ ਪਾਣੀ ਇਕ ਦਮ ਤਾਂ ਨਹੀਂ ਆਉਂਦਾ ਸਮਾਂ ਤਾਂ ਜਰੂਰ ਲੱਗੇਗਾ, ਉਦੋਂ ਛੁੱਟੀ ਦਾ ਐਲਾਨ ਕਰ ਦਿੱਤਾ ਜਾਂਦਾ। ਇਸ ਫੈਸ਼ਲੇ ਪਿੱਛੇ ਵੀ ਗੁੱਝੇ ਭੇਦ ਹੋ ਸਕਦੇ ਨੇ। ਪੜ੍ਹਾਈ ਦੇ ਘੰਟੇ ਤਾਂ ਪਹਿਲਾਂ ਹੀ ਘੱਟ ਰਹੇ ਹਨ ਪਿਛਲੇ ਸਾਲ ਕਈ ਛੁੱਟੀਆਂ ਐਨ ਮੌਕੇ ਉੱਪਰ ਐਲਾਨ ਕੀਤੀਆਂ ਜਾਦੀਆਂ ਰਹੀਆਂ ਜਿਨ੍ਹਾਂ ਨਾਲ ਪੜ੍ਹਾਈ ਦਾ ਜਰੂਰ ਨੁਕਸਾਨ ਹੁੰਦਾ ਹੈ । ਜੇਕਰ ਨਵੇਂ ਸਾਲ ਦੇ ਸ਼ੁਰੂ 'ਚ ਐਲਾਨੀਆਂ ਛੁੱਟੀਆਂ ਪਹਿਲਾਂ ਹੀ ਸੋਚ ਸਮਝ ਕੇ ਕੀਤੀਆਂ ਜਾਣ ਤਾਂ ਜੋ ਕਿਸੇ ਵਿਸ਼ੇਸ਼ ਦਿਨ ਲਈ ਬਾਅਦ 'ਚ ਛੁੱਟੀ ਨਾ ਕਰਨੀ ਪਵੇ।

ਇਥੇ ਤਾਂ ਅਸਲੀਅਤ ਕੁਝ ਹੋਰ ਹੀ ਹੈ ਵੱਡੀਆਂ ਵੱਡੀਆਂ ਡੀਂਗਾਂ ਤਾਂ ਮਾਰੀਆਂ ਜਾਂਦੀਆਂ ਰਹੀਆਂ ਹਨ ਪਰ ਹੇਠਲੇ ਪੱਧਰ ਤੇ ਨੀਂਹ ਨੂੰ ਮਜਬੂਤ ਕਰਨ ਲਈ ਅੱਖਾਂ ਮੀਚ ਕੇ ਡੰਗ ਟਪਾਉਣ ਦੀ ਰੀਤ ਨੂੰ ਸਾਇਦ ਇਹ ਸਰਕਾਰ ਵੀ ਪਹਿਲੀਆਂ ਸਰਕਾਰਾਂ ਵਾਂਗ ਅਪਣਾਉਂਦੀ ਨਜ਼ਰ ਆ ਰਹੀ ਹੈ ।ਭਾਵੇਂ ਸਰਕਾਰ ਪਿੰਸੀਪਲਾਂ ਅਤੇ ਹੈਡਮਾਸਟਰਾਂ ਨੂੰ ਸਪੈਸ਼ਲ ਟ੍ਰੇਨਿੰਗ / ਸੈਮੀਨਾਰ ਸਿੱਖਿਆ ਦੇ ਸੁਧਾਰ ਨਾਂ ਹੇਠ ਵਿਦੇਸ਼ ਭੇਜ ਰਹੀ ਹੈ ਪਰ ਇਹ ਸੁਧਾਰ ਅਧਿਆਪਕਾਂ ਦੀ ਘਾਟ ਸਦਕਾ ਨਹੀਂ ਹੋ ਸਕਦਾ, ਜਿਸ ਵੱਲ ਸਰਕਾਰ ਦਾ ਧਿਆਨ ਨਹੀਂ। ਨਵੇਂ ਸ਼ੈਸ਼ਨ ਦੇ ਸ਼ੁਰੂ ਵਿੱਚ ਸਾਰੀਆਂ ਪੋਸਟਾਂ ਦੀ ਭਰਤੀ ਹੋ ਜਾਣੀ ਚਾਹੀਦੀ ਹੈ ਜੇਕਰ ਸਰਕਾਰ ਦੀ ਨੀਅਤ ਸਾਫ ਹੋਵੇ। ਜਿਵੇਂ ਇਸ ਸਰਕਾਰ ਨੇ ਸਿਹਤ ਅਤੇ ਸਿੱਖਿਆ ਦੇ ਸੁਧਾਰ ਨੂੰ ਪਹਿਲ ਦੇ ਆਧਾਰ ਤੇ ਵੱਡੇ ਸੁਧਾਰ ਕਰਕੇ ਭਾਰਤ 'ਚ ਨਮੂਨੇ ਦਾ ਰਾਜ ਬਣਾਉਣ ਦਾ ਅਹਿਦ ਲਿਆ ਸੀ।

# ਜੋੜੀਆਂ ਜੱਗ ਥੋੜ੍ਹੀਆਂ ਨਰੜ ਬਥੇਰੇ ਕਿਉਂ?

ਯਾਦ ਨਹੀਂ ਮੈਨੂੰ ਕਿ ਇਹ ਗੱਲ ਮੈਂ ਕਿਤਿਉਂ ਪੜ੍ਹੀ ਸੀ ਜਾਂ ਕਿਸੇ ਦੇ ਮੂੰਹੋਂ ਸੁਣੀ ਹੋਈ ਐ ਪਰ ਜਾਪਦੀ ਇਹ ਪੂਰੀ ਸੱਚ ਹੈ। ਨਰੜ ਤਾਂ ਘਰ ਘਰ ਦੇਖੇ ਜਾ ਸਕਦੇ ਹਨ ਪਰ 'ਜੋੜੀਆਂ' ਟਾਂਵੀਆਂ ਟਾਂਵੀਆਂ ਹੀ ਕਿਉਂ ਹੁੰਦੀਆਂ ਨੇ?

ਕਹਿੰਦੇ ਦਰਗਾਹ ਵਿੱਚ ਵਿਆਹ ਦੇ ਸੰਯੋਗ ਜੋੜਨ ਵਾ.ਲਾ 'ਇੰਚਾਰਜ' ਹਰ ਰੋਜ ਸੁਵਖਤੇ ਹੀ ਕੁੜੀਆਂ ਅਤੇ ਮੁੰਡਿਆਂ ਦੇ ਨਾਵਾਂ ਵਾ.ਲੀਆਂ ਪਰਚੀਆਂ ਦੇ ਦੋ ਵੱਖ ਵੱਖ ਢੇਰ ਲਾ ਕੇ ਬਹਿ ਜਾਂਦਾ ਐ।ਬੜੀ ਫੁਰਤੀ ਨਾ.ਲ ਉਹ ਮੁੰਡਿਆਂ ਦੇ ਢੇਰ 'ਚੋਂ ਇੱਕ ਪਰਚੀ ਚੁੱਕਦਾ ਹੈ ਤੇ ਇੱਕ ਕੁੜੀਆਂ ਦੇ ਨਾਵਾਂ ਵਾ.ਲੇ ਢੇਰ ਵਿੱਚੋਂ।ਦੋਹਾਂ ਨੂੰ ਮਰੋੜੀ ਦੇ ਕੇ ਇੱਕ ਹੋਰ ਤੀਸਰਾ ਢੇਰ ਲਾ ਦਿੰਦਾ ਹੈ ਜੋ 'ਅਗਲੇਰੇ ਪ੍ਰੋਸੀਜ਼ਰ' ਲਈ ਸਬੰਧਿਤ ਮਹਿਕਮੇਂ ਵਾ.ਲੇ ਚੁੱਕ ਕੇ ਲੈ ਜਾਂਦੇ ਹਨ!

ਕਹਿੰਦੇ ਕੁੜੀਆਂ ਦੇ ਨਾਂ ਵਾ.ਲੇ ਢੇਰ ਵਿੱਚੋਂ ਪਰਚੀ ਚੁੱਕਦਿਆਂ ਉਹ ਕਦੇ 'ਚੰਗੀ' ਜਾਂ ਕਦੇ 'ਮੰਦੀ' ਅਤੇ ਇਸੇ ਤਰਾਂ ਮੁੰਡਿਆਂ ਵਾ.ਲੇ ਢੇਰ 'ਚੋਂ ਪਰਚੀ ਚੁੱਕਣ ਲੱਗਿਆਂ 'ਚੰਗਾ' ਜਾਂ ਕਦੇ 'ਮੰਦਾ' ਬੋਲਦਾ ਹੈ!

ਸਵੇਰੇ ਸਵੇਰੇ ਕੁੱਝ ਚਿਰ ਤਾਂ ਉਹ 'ਚੰਗੀ-ਚੰਗਾ' ਅਤੇ 'ਮੰਦੀ-ਮੰਦਾ' ਕਹਿ ਕੇ ਪਰਚੀਆਂ ਜੋੜੀ ਜਾਂਦਾ ਹੈ ਪਰ ਫਿਰ ਦੋਏ ਢੇਰ ਛੇਤੀ ਛੇਤੀ ਨਿਬੇੜਨ ਕਾਰਨ ਉਹ ਅੱਕ ਥੱਕ ਕੇ ਪਰਚੀਆਂ ਚੁੱਕਣ ਵੇ.ਲੇ ਇੰਨਾਂ ਕਾਹ.ਲੀ ਬੋਲਦਾ ਹੈ ਕਿ ਕਿਤੇ ਇੱਕ-ਅੱਧ ਵਾਰ ਹੀ ਉਹਦੇ ਮੂੰਹੋਂ 'ਚੰਗੀ-ਚੰਗਾ' ਨਿਕ.ਲ ਜਾਂਦਾ ਹੈ, ਨਹੀਂ ਤਾਂ ਉਹ 'ਚੰਗੀ-ਮੰਦਾ' ਤੇ 'ਮੰਦਾ-ਚੰਗੀ' ਵਾ.ਲੀਆਂ ਪੁੜੀਆਂ ਹੀ ਬਣਾ ਬਣਾ ਸੁੱਟੀ ਜਾਂਦਾ ! ਇਉਂ ਉਹਦੇ ਕੋ.ਲ 'ਨਰੜਾਂ ਦੇ ਤਾਂ ਢੇਰ' ਲੱਗ ਜਾਂਦੇ ਹਨ ਤੇ 'ਜੋੜੀਆਂ ਜੱਗ ਥੋੜ੍ਹੀਆਂ' ਵਾ.ਲਾ ਢੇਰ ਛੋਟਾ ਜਿਹਾ ਹੀ !!



-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

'ਦੇਸ਼ ਦੁਆਬਾ'
'ਅੰਬੇਡਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਦਵਿੰਦਰ ਬਾਂਸਲ ਦਾ ਕਾਵਿ ਸੰਗ੍ਰਹਿ 'ਜੀਵਨ ਰੁੱਤ ਦੀ ਮਾਲਾ' ਮੁਹੱਬਤਾਂ ਦਾ ਸਿਰਨਾਮਾ




ਉਜਾਗਰ ਸਿੰਘ
91-94178-13072

ਦਵਿੰਦਰ ਬਾਂਸਲ ਇਸਤਰੀ ਦੀ ਪੀੜਤ ਗੁੰਝਲਦਾਰ ਮਾਨਸਿਕਤਾ ਨੂੰ ਇਕ ਸੁਨਹਿਰੀ ਮਾਲਾ ਵਿੱਚ ਪ੍ਰੋਣ ਵਾਲੀ ਕਵੀ ਹੈ। ਦਵਿੰਦਰ ਬਾਂਸਲ ਨੂੰ ਕਵਿਤਰੀ ਲਿਖਣਾ ਵੀ ਉਸ ਦੀ ਸੋਚ ਦਾ ਲਖਾਇਕ ਨਹੀਂ। ਉਹ ਬੁਲੰਦ ਆਵਾਜ਼ ਵਾਲੀ ਮੁਹੱਬਤ ਨੂੰ ਪ੍ਰਣਾਈ ਦਲੇਰ ਪ੍ਰੰਤੂ ਸੂਖ਼ਮ ਭਾਵੀ ਇਸਤਰੀ ਹੈ। ਪਿਆਰ, ਮੁਹੱਬਤ ਤੇ ਇਸ਼ਕ ਉਸ ਦੀ ਜ਼ਿੰਦਗੀ ਦਾ ਮਕਸਦ ਹਨ। ਉਸ ਦਾ ਜਨਮ ਕੀਨੀਆਂ ਦੇ ਨੈਰੋਬੀ ਵਿੱਚ ਹੋਇਆ, ਪਲੀ ਤੇ ਪੜ੍ਹੀ ਇੰਗਲੈਂਡ ਵਿੱਚ ਅਤੇ ਰਹਿ ਕੈਨੇਡਾ ਵਿੱਚ ਰਹੀ ਹੈ, ਇਸ ਦੇ ਬਾਵਜੂਦ ਪੰਜਾਬੀ ਵਿੱਚ ਕਵਿਤਾਵਾਂ ਲਿਖਦੀ ਹੈ। ਉਸ ਦੀ ਪੰਜਾਬੀ ਵਿੱਚ ਦਿਲਚਸਪੀ ਵੇਖ ਕੇ ਪੰਜਾਬੀ ਦੇ ਖ਼ਤਮ ਹੋਣ ਬਾਰੇ ਸਾਰੇ ਭੁਲੇਖੇ ਦੂਰ ਹੋ ਜਾਂਦੇ ਹਨ। ਦਵਿੰਦਰ ਬਾਂਸਲ ਦਾ ਪਹਿਲਾ ਕਾਵਿ ਸੰਗ੍ਰਹਿ 'ਮੇਰੀਆਂ ਝਾਂਜਰਾਂ ਦੀ ਛਣਛਣ' 1998 ਵਿੱਚ ਪ੍ਰਕਾਸ਼ਤ ਹੋਇਆ ਸੀ। 25 ਸਾਲ ਬਾਅਦ ਦੂਜਾ ਕਾਵਿ ਸੰਗ੍ਰਹਿ 'ਜੀਵਨ ਰੁੱਤ ਦੀ ਮਾਲਾ' ਪ੍ਰਕਾਸ਼ਤ ਹੋਇਆ ਹੈ। ਉਹ ਗਿਣਤੀ ਮਿਣਤੀ ਦੀ ਥਾਂ ਕਵਿਤਾ ਦੇ ਮਿਆਰ ਵਿੱਚ ਵਿਸ਼ਵਾਸ਼ ਰੱਖਦੀ ਹੈ। ਇਸ ਕਾਵਿ ਸੰਗ੍ਰਹਿ ਵਿੱਚ ਦਵਿੰਦਰ ਬਾਂਸਲ ਦੀਆਂ 69 ਕਵਿਤਾਵਾਂ ਹਨ, ਜਿਹੜੀਆਂ ਰੰਗ ਵਿਰੰਗੀਆਂ ਵੰਗਾਂ ਦਾ ਤਰ੍ਹਾਂ ਅਤੇ ਇਸਤਰੀ ਦੇ ਅਹਿਸਾਸਾਂ ਦਾ ਪ੍ਰਗਟਾਵਾ ਕਰਦੀਆਂ ਹਨ। ਕਵਿਤਾਵਾਂ ਦੇ ਇਹ ਰੰਗ ਇਸਤਰੀ ਦੇ ਮਨੋਭਾਵਾਂ ਦੇ ਉਤਰਾਅ ਚੜ੍ਹਾਅ ਦਾ ਦ੍ਰਿਸ਼ਟਾਂਤਿਕ ਰੂਪ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਕਵਿਤਾਵਾਂ ਸੱਚੇ-ਸੁੱਚੇ ਪਿਆਰ, ਮੁਹੱਬਤ ਅਤੇ ਇਸ਼ਕ ਦੀ ਬਾਤ ਹੀ ਪਾਉਂਦੀਆਂ ਹਨ। ਆਪਣੀਆਂ ਕਵਿਤਾਵਾਂ ਦਾ ਸਿਹਰਾ ਉਹ ਆਪਣੇ ਪਤੀ ਕਸ਼ਮੀਰ ਬਾਂਸਲ ਨੂੰ ਦਿੰਦੀ ਹੈ, ਜਿਸ ਨੇ ਦਵਿੰਦਰ ਬਾਂਸਲ ਨੂੰ ਹਮੇਸ਼ਾ ਕਵਿਤਾਵਾਂ ਲਿਖਣ, ਮਨਮਰਜ਼ੀ ਅਤੇ ਖੁਲ੍ਹਦਿਲੀ ਨਾਲ ਜੀਵਨ ਜਿਓਣ ਲਈ ਉਤਸ਼ਾਹਤ ਕੀਤਾ ਹੈ। ਇਸ ਕਰਕੇ ਕਵੀ ਨੇ ਇਸ ਕਾਵਿ ਸੰਗ੍ਰਹਿ ਦਾ ਸਮਰਪਣ ਆਪਣੇ ਪਤੀ ਦੇ ਨਾਮ ਕਵਿਤਾ ਲਿਖਕੇ ਕੀਤਾ ਹੈ। ਭਾਵੇਂ ਕਵੀ ਨੇ ਇਸ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਨੂੰ ਆਪਣੀ ਨਿੱਜੀ ਜ਼ਿੰਦਗੀ ਵਿੱਚ ਆਈਆਂ ਅੜਚਣਾਂ ਅਤੇ ਕਠਨਾਈਆਂ ਨੂੰ ਪੇਸ਼ ਕੀਤਾ ਹੈ ਪ੍ਰੰਤੂ ਦਵਿੰਦਰ ਬਾਂਸਲ ਦੀ ਕਮਾਲ ਇਹ ਹੈ ਕਿ ਉਹ ਇਨ੍ਹਾਂ ਕਵਿਤਾਵਾਂ ਰਾਹੀਂ ਸਮੁੱਚੀ ਇਸਤਰੀ ਜ਼ਾਤੀ ਦੀਆਂ ਭਾਵਨਾਵਾਂ ਅਤੇ ਅੰਤਰੀਵ ਪੀੜ/ਦਰਦ ਦਰਸਾਉਣ ਵਿੱਚ ਸਫਲ ਹੋਈ ਹੈ। ਇਨ੍ਹਾਂ ਕਵਿਤਾਵਾਂ ਵਿੱਚ ਸਮਾਜਿਕ ਤਾਣੇ ਬਾਣੇ ਵਿੱਚ ਵਿਚਰ ਰਹੀ ਇਸਤਰੀ ਜਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਦੀ ਹੈ, ਉਨ੍ਹਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਔਰਤ ਹਰ ਸਮਾਜਿਕ ਬੁਰਾਈ ਦਾ ਸਾਹਮਣਾ ਕਰਦੀ ਹੋਈ ਸਫਲ ਹੁੰਦੀ ਹੈ। ਇਸਤਰੀ ਦੇ ਰਾਹ ਵਿੱਚ ਸਮਾਜ ਅਨੇਕਾਂ ਰੁਕਾਵਟਾਂ ਪਾਉਂਦਾ ਹੈ ਪ੍ਰੰਤੂ ਉਹ ਸਹਿਜਤਾ ਅਤੇ ਸੰਜਮ ਨਾਲ ਵਿਵਹਾਰ ਕਰਦੀ ਸਫਲ ਹੁੰਦੀ ਹੈ। ਕਵੀ ਸਮਝਦੀ ਹੈ ਕਿ ਔਰਤ ਸੁੰਦਰ ਵੀ ਹੋਣੀ ਚਾਹੀਦੀ ਹੈ ਪ੍ਰੰਤੂ ਸੁੰਦਰਤਾ ਦੇ ਨਾਲ ਸੀਰਤ ਦਾ ਹੋਣਾ ਅਤਿਅੰਤ ਜ਼ਰੂਰੀ ਹੈ। ਦਵਿੰਦਰ ਬਾਂਸਲ ਸੁੰਦਰ ਤੇ ਸੀਰਤ ਦਾ ਮੁਜੱਸਮਾ ਅਤੇ ਕਵਿਤਾ ਤੇ ਕਲਾ ਦਾ ਸੁਮੇਲ ਹੈ। ਉਸ ਦੀ ਕਵਿਤਾ ਵਿਸਮਾਦੀ, ਸੂਖ਼ਮ, ਸੂਹਜ ਤੇ ਸਹਿਜਾਤਮਿਕ, ਜਦੋਜਹਿਦ, ਜੀਵਨ ਜਾਚ ਅਤੇ ਬਗ਼ਾਬਤੀ ਰੰਗ ਵਿਖੇਰਦੀ ਹੈ। 'ਸਾਡਾ ਚਾਨਣ' ਕਵਿਤਾ ਵਿੱਚ ਬਗ਼ਾਬਤ ਦੀ ਸੁਰ ਵੇਖੋ-

ਐ ਜ਼ਮਾਨੇ!
ਬੜਾ ਹੀ ਸਹਿ ਲਿਆ ਅਸੀਂ ਚੁੱਪ-ਚੁੱਪੀਤੇ, ਹਰ ਸਿਤਮ ਤੇਰਾ
ਹੁਣ ਤੋੜ ਦੇਣਾ ਹੈ ਮੈਂ ਹਰ ਇਕ ਪਿੰਜਰਾ।

'ਸਵੈ-ਭਰੋਸੇ ਦੀ ਤਾਕਤ' ਕਵਿਤਾ ਵਿੱਚ ਉਹ ਕਹਿੰਦੀ ਹੈ-

ਬੁਰਿਆਈ ਦਾ ਪਰਬਤ, ਜਿੰਨਾ
ਮਰਜ਼ੀ ਹੋਵੇ ਵੱਡਾ
ਰਸਤੇ ਜਿੰਨੇ ਹੋਣ ਕੰਡਿਆਲੇ, ਪਰ
ਮੇਰੀ ਹਿੰਮਤ ਦੇ ਸਾਹਵੇਂ ਹਨ
ਸਭ ਗੌਣ
ਮੈਂ ਸਦਾ ਤੁਰਦੀ ਰਹਿੰਦੀ ਹਾਂ, ਮੇਰੇ
ਕਦਮਾਂ ਤਲੇ ਦੀ ਜ਼ਮੀਨ ਨੂੰ
ਕਰ ਪੱਧਰ
ਲੈਂਦੀ ਹਾਂ ਰਸਤੇ ਤਲਾਸ਼, ਜਿਨ੍ਹਾਂ
ਉਤੇ ਸਫ਼ਰ ਕਰਦੀ ਹਾਂ
ਸਵੈ-ਭਰੋਸੇ ਸੰਗ।




ਦਵਿੰਦਰ ਬਾਂਸਲ ਦੀਆਂ ਇਹ ਕਵਿਤਾਵਾਂ ਸਮੁੱਚੀ ਇਸਤਰੀ ਜਾਤੀ ਦੀਆਂ ਭਾਵਨਾਵਾਂ ਦਾ ਪ੍ਰਤੀਕ ਬਣਦੀਆਂ ਹਨ। ਉਸ ਦੀਆਂ ਕਵਿਤਾਵਾਂ ਕਹਿੰਦੀਆਂ ਹਨ ਕਿ ਇਸਤਰੀ ਨੂੰ ਕਮਜ਼ੋਰ ਨਾ ਸਮਝਿਆ ਜਾਵੇ। ਵਰਤਮਾਨ ਸਮੇਂ ਵਿੱਚ ਉਹ ਹਰ ਸਮੱਸਿਆ ਦਾ ਹਲ ਜਾਣਦੀ ਹੈ। 'ਜਜ਼ਬੇ ਦੀ ਸੰਪੂਰਨਤਾ' ਕਵਿਤਾ ਵਿੱਚ ਇਸ਼ਕ ਮੁਹੱਬਤ ਦੀ ਗੱਲ ਕਰਦੀ ਹੈ-

ਭਰ ਲਓ ਜੀ ਇੱਕ ਘੜਾ ਇਸ਼ਕ ਦਾ, ਭਰ ਵਗਦਾ ਦਰਿਆ
ਇਸ਼ਕ ਦਾ
ਭਰ ਲਓ ਜੀ ਇੱਕ ਪ੍ਰੀਤ ਪਿਆਲਾ, ਕਰ ਲਓ ਜੀਵਨ ਹੋਰ
ਸੁਖਾਲਾ
ਭਰ ਲਓ ਬੁੱਕ ਮੁਹੱਬਤ ਵਾਲਾ।

ਰੂਹ ਨਾਲ ਕੀਤੇ ਇਸ਼ਕ ਨੂੰ ਦਵਿੰਦਰ ਬਾਂਸਲ ਖ਼ੂਬਸੂਰਤ ਜ਼ਿੰਦਗੀ ਜਿਓਣ ਦਾ ਸਾਧਨ ਮੰਨਦੀ ਹੈ। ਇਸ ਨਾਲ ਹੀ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਉਹ ਇਸਤਰੀਆਂ ਨੂੰ ਪਰਮਾਤਮਾ ਵੱਲੋਂ ਤੋਹਫ਼ੇ ਦੇ ਵਿੱਚ ਮਿਲੀ ਜ਼ਿੰਦਗੀ ਨੂੰ ਮਾਨਣ ਦੀ ਪ੍ਰੇਰਨਾ ਦਿੰਦੀ ਹੈ। ਭਾਵੇਂ ਉਸ ਦੀਆਂ ਕੁਝ ਕਵਿਤਾਵਾਂ ਵਿੱਚੋਂ ਦਵਿੰਦਰ ਬਾਂਸਲ ਦੀ ਬੀਮਾਰੀ ਕਰਕੇ ਉਦਾਸੀ ਝਲਕ ਰਹੀ ਹੈ ਪ੍ਰੰਤੂ ਉਸ ਦੇ ਉਤਸ਼ਾਹ ਵਿੱਚ ਹਿੰਮਤ ਬਰਕਰਾਰ ਹੈ। 'ਨਵੇਂ ਯੁੱਗ ਦੀ ਸ਼ੁਰੂਆਤ' ਕਵਿਤਾ ਵਿੱਚ ਇਹ ਵੀ ਕਹਿੰਦੀ ਹੈ ਕਿ ਹਰ ਰਾਹ 'ਤੇ ਲੋੜਾਂ ਲਈ ਸ਼ਰਤਾਂ', ਜ਼ਿੰਮੇਵਾਰੀਆਂ ਦੇ ਅਹਿਸਾਸ ਹਨ ਪ੍ਰੰਤੂ ਹਰ ਸਾਹ ਵਿੱਚ ਇਕ ਪਿਆਸ ਛੁਪੀ ਹੋਈ ਹੈ। ਉਸ ਦੀ ਪ੍ਰਾਪਤੀ ਲਈ ਜਦੋ-ਜਹਿਦ ਜ਼ਰੂਰੀ ਹੈ। 'ਉਜਲ ਭਵਿਖ ਦੀ ਤਲਾਸ਼' ਵਿੱਚ ਖ਼ੁਦਗਰਜ਼ੀ, ਆਪੋ ਧਾਪੀ, ਮਿਹਨਤ ਮੁਸ਼ੱਕਤ ਅਤੇ ਹਉਮੈ ਦਾ ਜ਼ਿਕਰ ਕਰਦੀ ਕਹਿੰਦੀ ਹੈ ਕਿ ਦਿਨ-ਬ-ਦਿਨ ਮੁਹੱਬਤ ਖ਼ੁਰ ਰਹੀ ਹੈ। ਇਕ ਹੋਰ ਕਵਿਤਾ ਵਿੱਚ ਉਹ ਲਿਖਦੀ ਹੈ ਕਿ ਮੁਹੱਬਤ ਉਸ ਦੀਆਂ ਰਗਾਂ 'ਚ ਵਹਿੰਦੀ ਹੈ। ਦੁਨੀਆਂ ਨੂੰ ਬਹੁਰੰਗੀ ਦਸਦੀ ਹੋਈ ਦਵਿੰਦਰ ਕਹਿੰਦੀ ਹੈ ਕਿ ਮਰਦ ਦਰਦਮੰਦ ਹੋਣ ਦਾ ਢੌਂਗ ਰਚਦੇ ਹਨ ਪ੍ਰੰਤੂ ਬੇਵਫ਼ਾ ਹੁੰਦੇ ਹੋਏ ਔਰਤਾਂ 'ਤੇ ਜ਼ੁਲਮ ਢਾਹੁੰਦੇ ਹਨ। ਔਰਤ ਨੂੰ ਹਮੇਸ਼ਾ ਪਰਖ ਅਤੇ ਕਸੌਟੀਆਂ ਨਾਲ ਨਾਪਿਆ ਜਾਂਦਾ ਹੈ, ਜਦੋਂ ਕਿ ਉਹ ਕੋਮਲ ਕਲਾ ਦਾ ਪ੍ਰਤੀਕ ਹੁੰਦੀ ਹੈ। ਕਿਸੇ ਵਿੱਚ ਵਧੇਰੇ ਦਿਲਚਸਪੀ ਲੈਣਾ ਸ਼ੋਸ਼ਣ ਨੂੰ ਸੱਦਾ ਦੇਣਾ ਹੈ। ਕਈ ਵਾਰ ਔਰਤ ਆਪਣੀ ਬਰਬਾਦੀ ਦਾ ਆਪ ਹੀ ਕਾਰਨ ਬਣਦੀ ਹੈ। ਉਸ ਨੂੰ ਚੁਣੌਤੀਆਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਗ਼ਲਤ ਧਾਰਨਾਵਾਂ ਦਾ ਵਿਰੋਧ ਵੀ ਜ਼ਰੂਰੀ ਹੈ। ਦੁਨੀਆਂ ਵਿੱਚ ਦੋਵੇਂ ਤਰ੍ਹਾਂ ਚੰਗੇ ਤੇ ਮਾੜੇ ਲੋਕ ਹੁੰਦੇ ਹਨ। ਨਿਰਾਸ਼ਾ ਵਿੱਚੋਂ ਹੀ ਆਸ਼ਾ ਜਨਮ ਲੈਂਦੀ ਹੈ। ਦਵਿੰਦਰ ਬਾਂਸਲ ਆਸ਼ਾਵਾਦੀ ਹੋਣ ਕਰਕੇ ਇਸਤਰੀਆਂ ਨੂੰ ਜ਼ਿੰਦਗੀ ਨੂੰ ਗਤੀਸ਼ੀਲ ਬਣਾਉਣ ਲਈ ਪ੍ਰੇਰਦੀ ਹੈ। ਝੂਠੇ ਰਿਸ਼ਤਿਆਂ ਤੋਂ ਪ੍ਰਹੇਜ਼ ਕਰੋ। ਔਰਤ ਨੇ ਲੁੱਟ ਦਾ ਸਾਮਾਨ ਅਤੇ ਸ਼ਾਜ਼ਸ਼ ਦਾ ਸ਼ਿਕਾਰ ਬਣਨ ਤੋਂ ਬਚਣਾ ਹੈ। ਮਰਦਾਂ ਦੀ ਬੇਵਫ਼ਾਈ ਤੋਂ ਤੰਗ ਆ ਕੇ ਖ਼ੁਦਕਸ਼ੀਆਂ ਕਰਨ ਵਾਲੀਆਂ ਇਸਤਰੀਆਂ ਨੂੰ ਬੁਰਾਈਆਂ ਵਿਰੁੱਧ ਲੜਨ ਲਈ ਹੌਸਲਾ ਦਿੰਦੀ ਹੋਈ ਜੀਵਨ ਬਸਰ ਕਰਨ ਦਾ ਸਨੇਹਾ ਦਿੰਦੀ ਹੈ। ਮੁਹੱਬਤ ਨੂੰ ਉਹ ਬੰਦਗੀ ਕਹਿੰਦੀ ਹੈ। ਹਰ ਰਾਤ ਨੂੰ ਉਹ ਵਸਲ, ਸ਼ਗਨਾਂ ਅਤੇ ਸੌਗਾਤਾਂ ਦੀ ਰਾਤ ਕਹਿੰਦੀ ਹੈ। ਉਹ ਇਸਤਰੀਆਂ ਨੂੰ ਸਲਾਹ ਦਿੰਦੀ ਹੈ ਕਿ ਉਹ ਆਪਣੀ ਮਹੱਤਤਾ ਨੂੰ ਸਮਝਦੇ ਹੋਏ ਨੂੰਹਾਂ ਨੂੰ ਧੀਆਂ ਸਮਝਣ ਦੀ ਹਿੰਮਤ ਕਰਨ। ਉਸ ਦੀਆਂ ਕਵਿਤਾਵਾਂ ਕਹਿੰਦੀਆਂ ਹਨ ਕਿ ਔਰਤਾਂ ਵਿੱਚ ਹੀਣ ਭਾਵਨਾ ਨਹੀਂ ਹੋਣੀ ਚਾਹੀਦੀ। ਪੁੱਤਰਾਂ ਨੂੰ ਵੀ ਉਹ ਹੀ ਜਨਮ ਦਿੰਦੀਆਂ ਹਨ। ਔਰਤਾਂ ਨੂੰ ਆਤਮ ਮੰਥਨ ਕਰਨਾ ਬਣਦਾ ਹੈ। ਸੰਵੇਦਨਸ਼ੀਲ ਬਣਕੇ ਮਰਦ ਤੇ ਔਰਤ ਨੂੰ ਰੂਹਾਂ ਦਾ ਮੇਲ ਕਰਨਾ ਚਾਹੀਦਾ। ਮਰਦ ਤੇ ਔਰਤ ਇਕ ਦੂਜੇ ਦੇ ਪੂਰਕ ਹਨ। ਵਾਸ਼ਨਾ ਦੀ ਥਾਂ ਪਿਆਰ ਦਾ ਸੰਕਲਪ ਜ਼ਰੂਰੀ ਹੈ। ਮੁਕਾਬਲੇਬਾਜ਼ੀ ਵਿੱਚ ਨਹੀਂ ਪੈਣਾ ਚਾਹੀਦਾ। ਸਮਾਜਿਕ ਵਿਕਾਸ ਲਈ ਨਫ਼ਰਤਾਂ ਤੇ ਝਗੜੇ ਝੇੜੇ ਖ਼ਤਮ ਕਰਕੇ ਸਦਭਾਵਨਾ ਦਾ ਵਾਤਾਵਰਨ ਬਣਾਓ। ਪਰਿਵਾਰ ਦੀ ਬਿਹਤਰੀ ਲਈ ਦੋਹਾਂ ਦਾ ਯੋਗਦਾਨ ਬਰਾਬਰ ਹੁੰਦਾ ਹੈ। ਕਵੀ ਔਰਤ ਨੂੰ ਆਪਣੀਆਂ ਭਾਵਨਾਵਾਂ ਅਨੁਸਾਰ ਸੁਪਨੇ ਲੈਣ ਲਈ ਕਹਿੰਦੀ ਹੈ। ਕਵੀ ਔਰਤ ਨੂੰ ਫ਼ਰਜ਼ਾਂ ਦੇ ਨਾਲ ਹੱਕਾਂ ਲਈ ਲੜਨ ਤੇ ਖੜ੍ਹਨ ਲਈ ਸੁਝਾਆ ਦਿੰਦੀ ਹੈ। ਉਹ ਕਹਿੰਦੀ ਹੈ ਔਰਤ ਜਿਥੇ ਕੋਮਲ ਹੈ, ਉਥੇ ਨਾਲ ਹੀ ਉਹ ਜੰਗਲ ਦੀ ਕੰਡਿਆਲੀ ਵੇਲ ਵੀ ਹੈ। ਉਹ ਗੁੰਗੀ ਬਹਿਰੀ ਨਹੀਂ, ਆਪਣੀ ਹੋਂਦ ਲਈ ਬੋਲ ਵੀ ਸਕਦੀ ਹੈ। ਦਵਿੰਦਰ ਬਾਂਸਲ ਗਿਆਨ ਪ੍ਰਾਪਤ ਕਰਨ ਲਈ ਪ੍ਰੇਰਦੀ ਹੋਈ ਕਹਿੰਦੀ ਹੈ ਕਿ ਗਿਆਨ ਅਜਿਹਾ ਮਿੱਠਾ ਫਲ ਹੈ ਜਿਹੜਾ, ਅਧਿਕਾਰਾਂ, ਵਿਚਾਰਾਂ, ਗ਼ਲਤੀਆਂ, ਸਿਆਣਪ ਅਤੇ ਸਹਿਜਤਾ ਪ੍ਰਦਾਨ ਕਰਦਾ ਹੈ। ਗੁੱਸੇ ਦੇ ਨੁਕਸਾਨ ਬੜੇ ਖ਼ਤਰਨਾਕ ਸਿੱਟੇ ਨਿਕਲਦੇ ਹਨ। ਦਵਿੰਦਰ ਔਰਤਾਂ ਦੀਆਂ ਭਾਵਨਾਵਾਂ ਬਾਰੇ ਕਹਿੰਦੀ ਹੈ ਕਿ ਇਕੱਲੀ ਔਰਤ ਦਾ ਸਮਾਜ ਵੈਰੀ ਹੈ, ਉਹ ਉਸ ਨੂੰ ਜੰਗਲੀ ਜਾਨਵਰ ਬਣਕੇ ਨੋਚਣਾ ਚਾਹੁੰਦਾ ਹੈ। ਪਰ ਉਸ ਦੀ ਪਿਆਸ ਨਹੀਂ ਬੁਝਦੀ। ਭਰੂਣ ਹੱਤਿਆ ਬਾਰੇ ਦਾਦੀ, ਨਾਨੀ, ਭੂਆ ਦਾ ਜ਼ਿਕਰ ਕਰਦੀ ਔਰਤ ਨੂੰ ਔਰਤ ਦੀ ਦੁਸ਼ਮਣ ਗਰਦਾਨਦੀ ਹੈ। ਔਰਤ ਨੂੰ ਸਾਰੀ ਉਮਰ ਜ਼ਿੰਮੇਵਾਰੀਆਂ ਘੇਰੀ ਰਖਦੀਆਂ ਹਨ। ਦਵਿੰਦਰ ਬਾਂਸਲ ਨੇ 10 ਕਵਿਤਾਵਾਂ ਔਰਤ ਤੇ ਮਰਦ ਦੇ ਸੰਬੰਧਾਂ ਦੀ ਤਰਜਮਾਨੀ ਕਰਨ ਵਾਲੀਆਂ ਕਵਿਤਾਵਾਂ ਲਿਖੀਆਂ ਹਨ। ਬੇਟੀ ਬਚਾਓ ਦਾ ਨਾਅਰਾ ਸਿਰਫ ਰਾਜਨੀਤਕ ਸਟੰਟ ਹੈ ਪ੍ਰੰਤੂ ਸਮਾਜ ਦੀ ਸਿਰਜਕ, ਸ਼੍ਰਿਸ਼ਟੀ ਦੀ ਚਾਲਕ ਤੇ ਪ੍ਰੇਮ ਦੀ ਪਾਲਕ ਨੂੰ ਉਹ ਮਾਣ ਨਹੀਂ ਮਿਲਦਾ। ਉਹ ਔਰਤਾਂ ਨੂੰ ਜੁਝਾਰੂ ਲੜਕੀ ਨੌਦੀਪ ਕੌਰ ਤੋਂ ਪ੍ਰੇਰਨਾ ਲੈਣ ਦੀ ਤਾਕੀਦ ਕਰਦੀ ਹੈ।

160 ਪੰਨਿਆਂ, 170 ਰੁਪਏ/5 ਡਾਲਰ/5 ਪੌਂਡ ਕੀਮਤ ਵਾਲੇ ਕਾਵਿ ਸੰਗ੍ਰਹਿ ਨੂੰ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਨੇ ਪ੍ਰਕਾਸ਼ਤ ਕੀਤਾ ਹੈ।

### 3 ਸਤੰਬਰ ਭੋਗ 'ਤੇ ਵਿਸ਼ੇਸ਼

## ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਸਨ, ਡਾ. ਭਜਨ ਸਿੰਘ ਲਾਰਕ



ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਡੀਨ ਸਾਇੰਸਜ਼ ਅਤੇ ਸਾਬਕਾ ਮੁੱਖੀ ਰਸਾਇਣਕ ਵਿਗਿਆਨ ਡਾ. ਭਜਨ ਸਿੰਘ ਸਿੰਘ ਲਾਰਕ ਜਿਨ੍ਹਾਂ ਨੇ ਲਾਹੌਰ ਵਿੱਖੇ 27 ਜੂਨ 1941 ਨੂੰ ਸ. ਹਰਮਿੰਦਰ ਸਿੰਘ ਦੇ ਗ੍ਰਹਿ ਵਿੱਖੇ ਮਾਤਾ ਜੋਗਿੰਦਰ ਕੌਰ ਦੀ ਕੁਖੋਂ ਜਨਮ ਲਿਆ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਸਨ।ਉਹ ਜਿੱਥੇ ਇੱਕ ਅੰਤਰ-ਰਾਸ਼ਟਰੀ ਪੱਧਰ ਦੇ ਮੰਨੇ ਪ੍ਰਮੰਨੇ ਵਿਗਿਆਨੀ ਸਨ, ਉੱਥੇ ਅੰਗਰੇਜ਼ੀ ਤੇ ਪੰਜਾਬੀ ਦੇ ਨਾਮਵਰ ਲੇਖਕਾਂ ਵਿੱਚ ਵੀ ਉਨ੍ਹਾਂ ਦਾ ਨਾਂ ਸ਼ਾਮਲ ਸੀ। ਉਨ੍ਹਾਂ ਦੀ ਅਗਵਾਈ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਪੀਐਚ. ਡੀ, ਐਮ. ਐਸਸੀ. ਆਨਰਜ਼ ਅਤੇ ਐਮ.ਫ਼ਿਲ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਉਨ੍ਹਾਂ ਨੇ 20 ਦੇ ਕਰੀਬ ਫਿਜ਼ੀਕਲ ਕੈਮਿਸਟਰੀ ਦੀਆਂ ਵੱਖ ਵੱਖ ਯੂਨੀਸਰਸਿਟੀਆਂ ਦੇ ਬੀ. ਐਸਸੀ ਦੇ ਵਿਦਿਆਰਥੀਆਂ ਦੇ ਲਈ ਪਾਠ ਪੁਸਤਕਾਂ ਲਿਖੀਆਂ। ਉਨ੍ਹਾਂ ਦੇ100 ਤੋਂ ਵੱਧ ਖੋਜ਼ ਪੱਤਰ ਪ੍ਰਕਾਸ਼ਿਤ ਹੋਏ। ਉਨ੍ਹਾਂ ਨੇ ਪੰਜਾਬੀ ਵਿੱਚ ਬਾਰਾਮਾਂਹ, ਯਾਦਾਂਜਲੀ, ਪਵਨ ਸੰਦੇਸ਼ਾ, ਆਓ ਪੜ੍ਹੀਏ ਗਾਈਏ, ਪ੍ਰੈਕਟੀਕਲ ਕੈਮਿਸਟਰੀ, ਬਾਇਡਾਇਵਰਸਿਟੀ, ਆਵਾਜ਼ ਪ੍ਰਦੂਸ਼ਣ ਲਿਖੀਆਂ। ਜਪੁਜੀ ਦਾ ਸਾਧਾਰਨ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ। ਫਰੌਗੀਜ਼ ਇਨ ਵੈਲ (ਅੰਗਰੇਜ਼ੀ ਤੇ ਪੰਜਾਬੀ) ਵਿੱਚ, ਪ੍ਰਦੂਸ਼ਣ ਪ੍ਰਾਈਮਰ (ਅੰ-ਗਰੇਜ਼ੀ ਤੇ ਪੰਜਾਬੀ) ਵਿੱਚ। ਉਨ੍ਹਾਂ ਨੇ ਅੰਗਰੇਜ਼ੀ ਵਿੱਚ ਆਪਣੀ ਜੀਵਨੀ ਮੈਮਰੀਜ਼ ਐਂਡ ਡਰੀਮਜ਼ ਆਫ਼ ਮਾਈ ਲਾਇਫ਼ ਲਿੱਖੀ। ਅੰਗਰਜ਼ੀ ਵਿੱਚ ਗਰੇਅ ਮੈਟਰ, ਦਾ ਰੇਨਬੋਅ ਅਤੇ ਗੁਡ ਫਰਾਇੰਡਜ਼ ਲਿਖੀਆਂ। ਉਨ੍ਹਾਂ ਦੇ 7 ਖ਼ਰੜੇ ਅਣਛੱਪੇ ਪਏ ਹਨ। ਉਹ ਇੰਡੀਅਨ ਕੈਮੀਕਲ ਸੁਸਾਇਟੀ ਦੇ ਜੀਵਨ ਮੈਂਬਰ, ਇੰਡੀਅਨ ਨੈਸ਼ਨਲ ਅਕੈਡਮੀ ਆਫ਼ ਸਾਇੰਸ, ਇੰਡੀਅਨ ਕੌਂਸਲ ਆਫ਼ ਕੈਮਿਸਟਸ ਤੇ ਅੰਮ੍ਰਿਤਸਰ ਵਿਕਾਸ ਮੰਚ ਦੇ ਜੀਵਨ ਮੈਂਬਰ ਸਨ। ਉਨ੍ਹਾਂ ਕਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਕਾਨਫ਼ਰੰਸਾਂ ਵਿੱਚ ਭਾਗ ਲਿਆ। ਉਨ੍ਹਾਂ ਨੂੰ 1971 ਵਿੱਚ ਵਿਗਿਆਨਕ ਲਿਖਤਾਂ ਲ਼ਿਖਣ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਨਮਾਨਿਤ ਕੀਤਾ ਗਿਆ। 2009 ਵਿੱਚ ਉਨ੍ਹਾਂ ਨੂੰ ਡਾ. ਗੁਰਦਿਆਲ ਸਿੰਘ ਬਾਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ।

ਜਿੱਥੋਂ ਤੀਕ ਉਨ੍ਹਾਂ ਦੀ ਵਿਦਿਆ ਦਾ ਸੰਬੰਧ ਹੈ। ਉਨ੍ਹਾਂ ਨੇ ਮੁਢਲੀ ਸਿੱਖਿਆ ਸ੍ਰੀ ਗੁਰੂ ਰਾਮਦਾਸ ਖ਼ਾਲਸਾ ਸੀਨੀਅਰ ਸਕੈਂਡਰੀ ਸਕੂਲ ਅੰਮ੍ਰਿਤਸਰ ਤੋਂ ਲਈ । ਉਨ੍ਹਾਂ ਬੀ. ਐਸਸੀ. ਖਾਲਸਾ ਕਾਲਜ ਅੰਮ੍ਰਿਤਸਰ, ਐਮ.ਐਸਸੀ. ਤੇ ਪੀਐਚ. ਡੀ. ਕੈਮਿਸਟਰੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ। ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿੱਚ 1972-1979 ਤੀਕ ਬਤੌਰ ਲੈਕਚਰਾਰ 1979-87 ਤੀਕ ਬਤੌਰ ਰੀਡਰ ਅਤੇ 1987-2001 ਪ੍ਰੋਫੈਸਰ, ਮੁੱਖੀ ਰਸਾਇਣਕ ਵਿਭਾਗ ਤੇ ਡੀਨ ਸਾਇੰਸਜ਼ ਸੇਵਾਵਾਂ ਨਿਭਾਈਆਂ। ਉਹ 1971-72 ਵਿੱਚ ਇਕ ਸਾਲ ਨਾਰਵੇ ਵਿੱਚ ਬਤੌਰ ਐਨ ਓ ਆਰ ਏ ਡੀ ਫ਼ੈਲੋ ਰਹੇ।ਉਹ 1975-76 ਵਿੱਚ ਬਤੌਰ ਯੂਨੈਸਕੋ ਫ਼ੈਲੋ ਜਪਾਨ ਗਏ। ਅੱਜ ਕੱਲ ਉਹ ਆਪਣੇ ਬੇਟੇ ਹਰਿੰਦਰਜੀਤ ਸਿੰਘ ਪਾਸ ਆਸਟਰੇਲੀਆ ਦੇ ਸ਼ਹਿਰ ਸਿਡਨੀ ਵਿੱਚ ਰਹਿੰਦੇ ਸਨ। ਉਹ 29 ਅਗਸਤ 2023 ਨੂੰ ਇਸ ਫ਼ਾਨੀ ਦੁਨੀਆਂ ਤੋਂ ਕੂਚ ਕਰ ਗਏ। ਉਹ ਆਪਣੇ ਪਿੱਛੇ ਇੱਕ ਬੇਟਾ ਹਰਿੰਦਰਜੀਤ ਸਿੰਘ ਤੇ ਇੱਕ ਬੇਟੀ ਡਾ. ਅਨੁਪ੍ਰੀਤ ਕੌਰ ਜੋ ਕਿ ਅਮਰੀਕਾ ਰਹਿੰਦੇ ਛੱਡ ਗਏ। ਉਨ੍ਹਾਂ ਦੀ ਯਾਦ ਵਿੱਚ ਭੋਗ ਤੇ ਅੰਤਿਮ ਅਰਦਾਸ ਆਸਟਰੇਲੀਆ ਵਿਖੇ ਉਨ੍ਹਾਂ ਦੇ ਘਰ ਵਿੱਚ ਅੱਜ 3 ਸਤੰਬਰ ਨੂੰ ਹੋ ਰਹੀ ਹੈ। ਉਹ ਭਾਵੇਂ ਅੱਜ ਸਾਡੇ ਵਿੱਚ ਨਹੀਂ ਰਹੇ ਪਰ ਵਿਦਿਅਕ ਤੇ ਸਾਹਿਤਕ ਕਾਰਜਾਂ ਕਰਕੇ ਉਨ੍ਹਾਂ ਦਾ ਨਾਂ ਹਮੇਸ਼ਾ ਕਾਇਮ ਰਹੇਗਾ।

**ਡਾ. ਚਰਨਜੀਤ ਸਿੰਘ ਗੁਮਟਾਲਾ**
(ਵਟਸ ਐਪ 91-9417533060, ਅਮਰੀਕਾ 001-9375739812)

### 6 ਸਤੰਬਰ ਨੂੰ ਸ਼ਹੀਦੀ ਦਿਵਸ ਤੇ ਵਿਸ਼ੇਸ਼

## ਸ਼ਹੀਦ ਬਿਸ਼ਨ ਸਿੰਘ ਬੂੱਟਰ

ਸ਼ਹੀਦ ਬਿਸ਼ਨ ਸਿੰਘ ਬੁੱਟਰ ਉਹਨਾਂ ਬਹਾਦਰ ਦੇਸ਼ ਭਗਤਾਂ ਦੇ ਆਗੂ ਸਨ ਜਿਹਨਾਂ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਫੌਜ ਵਿੱਚ ਬਗਾਵਤ ਕਰਕੇ ਬਰਤਾਨਵੀ ਸਾਮਰਾਜ ਨੂੰ ਚੁਣੌਤੀ ਦਿਤੀ ਭਾਵੇ ਉਹਨਾਂ ਨੂੰ ਇਸ ਦਲੇਰਾਨਾ ਕਾਰਜ ਲਈ ਸਰਕਾਰ ਨੇ ਫਾਂਸੀ ਤੇ ਲਟਕਾ ਕੇ ਸ਼ਹੀਦ ਕਰ ਦਿਤਾ ! ਸ਼ਹੀਦ ਬਿਸ਼ਨ ਸ਼ਿੰਘ ਬੁੱਟਰ ਦਾ ਜਨਮ 1915 ਈਸਵੀ ਨੂੰ ਨੰਬਰਦਾਰ ਗੁਰਦਿੱਤ ਸਿੰਘ ਬੁੱਟਰ ਦੇ ਘਰ ਪਿੰਡ ਬੁੱਟਰ ਕਲਾਂ ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ! ਉਹਨਾਂ ਨੇ ਮੁਢੱਲੀ ਤਾਲੀਮ ਡੀ ਬੀ ਮਿਡਲ ਸਕੂਲ ਮਹਿਤਾ ਨੰਗਲ ਤੋ ਅਤੇ ਮੈਟਰਿਕ ਗੁਰੁ ਤੇਗ ਬਹਾਦਰ ਖਾਲਸਾ ਹਾਈ ਸਕੂਲ ਬਾਬਾ ਬਕਾਲਾ ਤੋ ਕੀਤੀ! ਸ਼ਹੀਦ ਬਿਸ਼ਨ ਸ਼ਿੰਘ ਦੇ ਅਠਵੀ ਤੱਕ ਜਮਾਤੀ ਰਹੇ ਪੰਜਾਬੀ ਹਾਸ ਵਿਅੰਗ ਦੇ ਪ੍ਰਸਿੱਧ ਲੇਖਕ ਸੂਬਾ ਸਿੰਘ ਅਨੁਸਾਰ ਬਿਸ਼ਨ ਸਿੰਘ ਅਠਵੀ ਵਿੱਚ ਹੀ ਚੰਗਾ ਜਵਾਨ ਲਗਦਾ ਸੀ ਮੋਟੀਆਂ ਮੋਟੀਆਂ ਅੱਖਾਂ, ਚੌੜਾ_ਖੁਲ੍ਹਾ ਚਿਹਰਾ ,ਉਭਰਵਾਂ ਮੱਥਾ, ਤਿੱਖਾ ਨੱਕ ਤੇ ਮੋਕਲੇ ਹੱਡ ਪੈਰ ਉਸ ਦੀ ਮਰਦਾਨਾ ਖੂਬਸੂਰਤੀ ਦੀ ਇੱਕ ਵੱਖਰੀ ਹੀ ਛਵੀ ਦਾ ਪ੍ਰਭਾਵ ਪਾਉਂਦੇ ਸਨ !



ਮਹਿਤਾ ਨੰਗਲ ਸਕੂਲ ਦੇ ਰਸਤੇ ਵਿੱਚ ਗੁਰਦਵਾਰਾ' ਸਿੰਘ- ਬੇਲਾ ਪੈਦਾ ਸੀ ਜੋ ਅਸਲ ਵਿੱਚ ਕਿਰਤੀ ਦੇਸ਼ ਭਗਤਾਂ ਦਾ ਗੁਪਤ ਅੱਡਾ ਸੀ ! ਸਕੂਲ ਆਉਦੇ ਜਾਦੇ ਬਿਸ਼ਨ ਸਿੰਘ ਇੱਥੇ ਭਾਈ ਸੰਤੋਖ ਸਿੰਘ ਧਰਦਿਉ , ਸੰਤ ਇੰਦਰ ਸਿੰਘ ਮੁਰਾਰੀ ਅਤੇ ਸੰਤ ਅਮਰ ਸਿੰਘ ਗਿਲਤੀ ਵਾਲੇ ਵਰਗੇ ਦੇਸ਼ ਭਗਤਾਂ ਦੀ ਸੰਗਤ ਮਾਣਦਾ ਤੇ ਉਹਨਾਂ ਦੇ ਵਿਚਾਰ ਸੁਣਦਾ ਰਹਿੰਦਾ ! ਇਥੋ ਹੀ ਬਿਸ਼ਨ ਸਿੰਘ ਨੂੰ ਦੇਸ਼ ਭਗਤੀ ਦੀ ਗੁੜ੍ਹਤੀ ਮਿਲੀ ਜਿਸ ਨੇ ਉਸ ਦੇ ਮਨ ਵਿੱਚ ਅਜ਼ਾਦੀ ਦਾ ਸੁਪਨਾ ਬੀਜ ਦਿੱਤਾ ! ਜਦ ਆਰਥਿਕ ਹਾਲਾਤ ਉਸ ਨੂੰ ਫੌਜ ਦੇ ਇੱਕੀ ਨੰਬਰ ਰਸਾਲੇ ਦੀ ਨੌਕਰੀ ਵੱਲ ਲੈ ਗਏ ਤਾਂ ਵੀ ਉਹ ਗੁਲਾਮੀ ਤੋ ਨਿਜਾਤ ਪਾਉਣ ਬਾਰੇ ਸੋਚਦਾ ਰਹਿੰਦਾ। ਉਹ ਇਕ ਵਾਰ ਛੁੱਟੀ ਲੈ ਕੇ ਘਰ ਆਉਣ ਦੀ ਥਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਨੂੰ ਮਿਲਣ ਸੇਵਾ ਗ੍ਰਾਮ ਨੇੜੇ ਵਾਰਧਾ ਜਾ ਪੁੱਜਾ! ਉਹ ਫੌਜ ਵਿੱਚਲੇ ਆਪਣੇ ਹਮ ਖਿਆਲ ਸਹਿਕਰਮੀਆਂ ਵਿੱਚ ਕਿਰਤੀ ਪਰਚੇ ਅਤੇ ਹੋਰ ਸਰਕਾਰ ਵਿਰੋਧੀ ਸਾਹਿਤ ਵੰਡਦਾ ਰਹਿੰਦਾ ਅਤੇ ਸਾਥੀਆਂ ਨੂੰ ਗੁਲਾਮੀ ਦੀ ਜ਼ਿਲਤ ਤੋ ਨਿਜਾਤ ਪਾਉਣ ਲਈ ਲੋਕ ਯੁੱਧ ਵੱਲ ਧਿਆਨ ਦੇਣ ਲਈ ਪ੍ਰੇਰਦਾ ਰਹਿੰਦਾ ਸੀ।

ਜਦ ਦੂਜੇ ਵਿਸ਼ਵ ਯੁਧ ਸਮੇ ਉਹਨਾਂ ਨੂੰ 17 ਜੁਲਾਈ 1940 ਨੂੰ ਮਿਸਰ ਅਫਰੀਕਾ ਅਤੇ ਹੋਰ ਯੂਰਪੀਨ ਦੇਸ਼ਾਂ ਵਿੱਚ ਜਾ ਕੇ ਬਰਤਾਨਵੀ ਸਰਕਾਰ ਵਲੋ ਲੜਾਈ ਵਿੱਚ ਸ਼ਾਮਲ ਹੋਣ ਦਾ ਹੁਕਮ ਹੋਇਆ ਤਾਂ ਇੱਕੀ ਨੰਬਰ ਰਸਾਲੇ ਦੇ 112 ਜਵਾਨਾਂ ਨੇ ਬੰਬਈ ਦੇ ਗੁਰਦਵਾਰੇ ਵਿੱਚ ਜਾ ਕੇ ਬਿਸ਼ਨ ਸ਼ਿੰਘ ਬੁੱਟਰ ਦੀ ਅਗਵਾਈ ਵਿੱਚ ਬਰਤਾਨਵੀ ਸਾਮਰਾਜ ਵਿਰੁੱਧ ਬਗਾਵਤ ਕਰਨ ਦੀਆਂ ਕਸਮਾਂ ਖਾਧੀਆਂ ! ਇਹਨਾਂ ਵਲੋ ਬੰਬਈ ਬੰਦਰਗਾਹ ਤੇ ਸਮੁੰਦਰੀ ਜਹਾਜਾਂ ਉਤੇ ਚੜਨ ਤੋ ਇਨਕਾਰ ਕਰਨ ਨਾਲ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ ! ਸਰਕਾਰ ਨੇ ਇਸ ਬਗਾਵਤ ਦੀ ਅੱਗ ਨੂੰ ਅੱਗੇ ਵੱਧਣ ਤੋ ਰੋਕਣ ਲਈ ਕਾਹਲੀ ਕਾਹਲੀ ਵਿੱਚ ਕੋਟ ਮਾਰਸ਼ਲ ਕੀਤਾ ਅਤੇ ਵਿਦਰੋਹੀ ਦੇਸ਼ ਭਗਤਾਂ ਨੂੰ ਸਖਤ ਸਜਾਵਾਂ ਸੁਣਾ ਦਿਤੀਆਂ ! ਬਿਸ਼ਨ ਸਿੰਘ ਬੁੱਟਰ ਨੂੰ ਉਸ ਦੇ ਤਿੰਨ ਕਰੀਬੀ ਸਾਥੀਆਂ ਸਮੇਤ ਫਾਂਸੀ ਦੀ ਸਜ਼ਾ ਦਿਤੀ ਗਈ ਅਤੇ ਬਾਕੀ ਦੇਸ਼ ਭਗਤਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿਤੀ 16 ਸਤੰਬਰ 1940 ਨੂੰ ਸਿਕੰਦਰਾਬਾਦ ਸਿਵਲ ਜੇਲ ਵਿੱਚ ਬਿਸ਼ਨ ਸਿੰਘ ਬੁੱਟਰ, ਗੁਰਚਰਨ ਸਿੰਘ ਚੋਗਾਵਾਂ ਸਾਧਪੁਰ, ਸਾਧੂ ਸਿੰਘ ਦਦੇਹਰ ਅਤੇ ਅਜਾਇਬ ਸਿੰਘ ਨੰਦਗੜ ਨੂੰ ਫਾਂਸੀ ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਗਿਆ ! ਅੱਜ ਸ਼ਹੀਦ ਸਰਦਾਰ ਬਿਸ਼ਨ ਸ਼ਿੰਘ ਬੁਟਰ ਦੇ ਸਪੁਤਰ ਸ: ਕਸ਼ਮੀਰ ਸਿੰਘ ਦੇ ਘਰ ਪਿੰਡ ਬੁੱਟਰ ਕਲਾਂ (ਅੰਮ੍ਰਿਤਸਰ) ਵਿਖੇ ਇਹਨਾਂ ਦੇਸ਼ ਭਗਤ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਸ਼ਰਧਾਂਜਲੀ ਸਮਾਰੋਹ ਕਰਵਾਇਆ ਜਾ ਰਿਹਾ ਹੈ!


ਪ੍ਰੋ. ਗੋਪਾਲ ਸਿੰਘ ਬੁੱਟਰ

# ਅੰਤਰਰਾਸ਼ਟਰੀ ਸਾਖਰਤਾ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਸਾਖਰਤਾ ਲੋਕਾਂ ਦੇ ਜੀਵਨ ਨੂੰ ਸੁਧਾਰਨ ਲਈ ਇੱਕ ਸ਼ਕਤੀਸ਼ਾਲੀ ਸਾਧਨ ਹੈ। ਇਹ ਉਹਨਾਂ ਨੂੰ ਗਰੀਬੀ ਦੇ ਸੰਘਰਸ਼ ਨੂੰ ਦੂਰ ਕਰਨ ਵਿੱਚ ਮੱਦਦ ਕਰਦਾ ਹੈ ਅਤੇ ਉਹਨਾਂ ਨੂੰ ਸੁਤੰਤਰ ਤੌਰ ਤੇ ਖੁਸ਼ਹਾਲ ਹੋਣ ਲਈ ਸ਼ਕਤੀ ਪ੍ਰਦਾਨ ਕਰਦਾ ਹੈ। ਸਿੱਖਿਆ ਸਮਾਜਿਕ-ਆਰਥਿਕ ਵਿਕਾਸ ਦਾ ਅਧਾਰ ਹੈ ਅਤੇ ਗਰੀਬੀ ਘਟਾਉਣ, ਲਿੰਗ ਅਨੁਪਾਤ ਸੁਧਾਰਨ, ਭ੍ਰਿਸ਼ਟਾਚਾਰ ਅਤੇ ਹੋਰ ਸਮਾਜਿਕ ਸਮੱਸਿਆਵਾਂ ਦੇ ਹੱਲ ਕਰਨ ਵਿੱਚ ਸਹਾਇਕ ਅਤੇ ਸਮਰੱਥ ਕਰਦੀ ਹੈ ਫਿਰ ਵੀ ਅਜੇ ਤੱਕ ਦੁਨੀਆਂ ਦੇ ਲਗਭੱਗ 35 ਦੇਸ਼ਾਂ ਵਿੱਚ ਸਾਖਰਤਾ ਦਰ 50 ਫਿਸਦੀ ਤੋਂ ਵੀ ਘੱਟ ਹੈ। ਵਿਸ਼ਵ ਪੱਧਰ ਤੇ ਦੇਖੀਏ ਤਾਂ ਦੁਨੀਆਂ ਵਿੱਚ ਕਰੀਬ ਚਾਰ ਅਰਬ ਲੋਕ ਸਾਖਰ ਹਨ ਅਤੇ ਲੱਗਭੱਗ 77.6 ਕਰੋੜ ਲੋਕ ਘੱਟੋ ਘੱਟ ਸਾਖਰਤਾ ਦਰ ਤੋਂ ਵੀ ਹੇਠਾਂ ਹਨ ਜਿਹਨਾਂ ਵਿੱਚੋਂ ਦੋ ਤਿਹਾਈ ਔਰਤਾਂ ਹਨ। ਹਰ ਪੰਜ ਵਿਅਕਤੀਆਂ ਵਿੱਚੋਂ ਇੱਕ ਵਿਅਕਤੀ ਅਨਪੜ੍ਹ ਹੈ। ਦੁਨੀਆਂ ਦੇ ਨਾਰਵੇ, ਫਿਨਲੈਂਡ, ਐਨਡੋਰਾ, ਨੋਰਫੋਲਕ ਆਈਲੈਂਡ, ਗ੍ਰੀਨਲੈਂਡ, ਉਤਰੀ ਕੋਰੀਆ, ਲਗਜ਼ਮਬਰਗ ਵਰਗੇ ਦੇਸ਼ਾਂ ਦੀ ਸਾਖਰਤਾ ਦਰ ਲੱਗਭੱਗ 100 ਫਿਸਦੀ ਹੈ ਅਤੇ ਜ਼ਿਆਦਾਤਰ ਕਈ ਦੇਸ਼ਾਂ ਦੀ ਸਾਖਰਤਾ ਦਰ 98 ਫਿਸਦੀ ਤੋਂ ਵੱਧ ਹੈ। 07 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਵਿਅਕਤੀ ਜੋ ਕਿਸੇ ਵੀ ਭਾਸ਼ਾ ਨੂੰ ਸਮਝ ਕੇ ਪੜ੍ਹ ਅਤੇ ਲਿਖ ਸਕਦਾ ਹੈ ਨੂੰ ਪੜਿਖ਼ਆ ਲਿਖਿਆ ਮੰਨਿਆ ਜਾਂਦਾ ਹੈ। ਜਿਹੜਾ ਵਿਅਕਤੀ ਸਿਰਫ਼ ਪੜ੍ਹ ਸਕਦਾ ਹੈ ਪਰ ਲਿਖ ਨਹੀਂ ਸਕਦਾ, ਉਹ ਪੜਿਖ਼ਆ-ਲਿਖਿਆ ਨਹੀਂ ਹੈ। ਅੱਜ 08 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਪਿਛਲੇ ਕਈ ਸਾਲਾਂ ਵਾਂਗ ਹੀ ਵੱਖ ਵੱਖ ਥਾਵਾਂ ਤੇ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਰੋਹ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿੱਚ ਸਾਖਰਤਾ ਦੇ ਮਹੱਤਵ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਸਾਖਰਤਾ ਦਰ ਨੂੰ ਸੁਧਾਰਨ ਅਤੇ ਇਸ ਖੇਤਰ ਵਿੱਚ ਵੱਧ ਕੰਮ ਕਰਨ ਦੇ ਲਈ ਹੀ ਸੰਯੁਕਤ ਰਾਸ਼ਟਰ ਸਿੱਖਿਅਕ, ਵਿਗਿਆਨਕ ਅਤੇ ਸੰਸਕ੍ਰਿਤ ਸੰਗਠਨ (ਯੂਨੇਸਕੋ) ਦੁਆਰਾ ਹਰ ਸਾਲ 08 ਸਤੰਬਰ ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਜਾਂਦਾ ਹੈ। ਇਸਦਾ ਉਦੇਸ਼ ਵਿਅਕਤੀਆਂ, ਸੰਸਥਾਵਾਂ ਅਤੇ ਸਾਰੇ ਭਾਈਚਾਰਿਆਂ ਨੂੰ ਪੜ੍ਹਾਈ ਦੇ ਮਹੱਤਵ ਤੋਂ ਜਾਣੂ ਕਰਵਾਉਂਣਾ ਹੈ। ਜੇਕਰ ਸਾਖਰਤਾ ਦਿਵਸ ਦਾ ਪਿਛੋਕੜ ਵੇਖੀਏ ਤਾਂ 17 ਨਵੰਬਰ 1965 ਨੂੰ ਯੂਨੈਸਕੋ ਵੱਲੋਂ ਫੈਸਲਾ ਕੀਤਾ ਗਿਆ ਕਿ ਹਰ ਸਾਲ 08 ਸਤੰਬਰ ਨੂੰ ਅੰਤਰ-ਰਾਸ਼ਟਰੀ ਸਾਖਰਤਾ ਦਿਵਸ ਦੇ ਤੌਰ ਤੇ ਮਨਾਇਆ ਜਾਵੇਗਾ ਅਤੇ ਪਹਿਲੀ ਵਾਰ 08 ਸਤੰਬਰ 1966 ਨੂੰ ਅੰਤਰਰਾਸ਼ਟਰੀ ਸਾਖਰਤਾ ਦਿਵਸ ਮਨਾਇਆ ਗਿਆ ਸੀ। ਇਸ ਸਾਲ ਅੰਤਰ-ਰਾਸ਼ਟਰੀ ਸਾਖਰਤਾ ਦਿਵਸ "ਪਰਿਵਰਤਨ ਵਿੱਚ ਸੰਸਾਰ ਲਈ ਸਾਖਰਤਾ ਨੂੰ ਉਤਸ਼ਾਹਿਤ ਕਰਨਾ: ਟਿਕਾਊ ਅਤੇ ਸ਼ਾਂਤੀਪੂਰਨ ਸਮਾਜਾਂ ਲਈ ਬੁਨਿਆਦ ਬਣਾਉਣਾ'' ਦੇ ਥੀਮ ਹੇਠ ਮਨਾਇਆ ਜਾ ਰਿਹਾ ਹੈ। ਜੀਵਨ ਭਰ ਸਿੱਖਣ ਤੇ ਟਿਕਾਊ ਵਿਕਾਸ ਟੀਚਿਆਂ ਦੀ ਪ੍ਰਾਪਤੀ ਵੱਲ ਪ੍ਰਗਤੀ ਨੂੰ ਤੇਜ਼ ਕਰਨ ਦੇ ਯਤਨਾਂ ਵਿੱਚ ਸ਼ਾਮਲ ਹੋਣ ਅਤੇ ਵਧੇਰੇ ਸੰਮਲਿਤ, ਸ਼ਾਂਤੀਪੂਰਨ, ਨਿਆਂਪੂਰਨ ਅਤੇ ਟਿਕਾਊ ਸਮਾਜਾਂ ਦੇ ਨਿਰਮਾਣ ਵਿੱਚ ਸਾਖਰਤਾ ਦੀ ਭੂਮਿਕਾ ਤੇ ਪ੍ਰਤੀਬਿੰਬਤ ਕਰਨ ਦਾ ਇੱਕ ਮੌਕਾ ਹੋਵੇਗਾ। ਅਜਿਹਾ ਕਰਨ ਨਾਲ ਇਹ ਸਾਖਰਤਾ ਅਤੇ ਵਿਕਾਸ ਦੇ ਹੋਰ ਖੇਤਰਾਂ ਵਿਚਕਾਰ ਆਪਸੀ ਸਬੰਧਾਂ ਨੂੰ ਮਿਲਾਵੇਗਾ। ਸਾਖਰਤਾ ਅਜਿਹੇ ਸਮਾਜਾਂ ਦੀ ਸਿਰਜਣਾ ਲਈ ਕੇਂਦਰ ਬਿੰਦੂ ਹੈ ਅਤੇ ਵਿਕਾਸ ਦੇ ਖੇਤਰਾਂ ਵਿੱਚ ਤਰੱਕੀ ਲਈ ਲੋਕਾਂ ਵਿੱਚ ਰੁਚੀ ਪੈਦਾ ਕਰਨ ਵਿੱਚ ਯੋਗਦਾਨ ਪਾਉਂਦੀ ਹੈ। ਦੁਨੀਆਂ ਦੀ ਔਸਤਨ ਸਾਖਰਤਾ ਦਰ 84 ਫਿਸਦੀ ਹੈ ਪਰ ਸਾਡਾ ਦੇਸ਼ ਅਜੇ ਇਸਤੋਂ ਪਿੱਛੇ ਹੈ। ਦੁਨੀਆਂ ਵਿੱਚ ਸਭ ਤੋਂ ਘੱਟ ਸਾਖਰਤਾ ਦਰ ਅਫਗਾਨਿਸਤਾਨ ਦੀ 28.1 ਫਿਸਦੀ ਹੈ ਜਿਸ ਵਿੱਚੋਂ ਪੁਰਸ਼ਾਂ ਦੀ ਸਾਖਰਤਾ ਦਰ 43.1 ਫਿਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ ਸਿਰਫ 12.6 ਫਿਸਦੀ ਹੈ। ਨੇਪਾਲ, ਪਾਕਿਸਤਾਨ ਵਰਗੇ ਸਾਡੇ ਗੁਆਂਢੀ ਦੇਸ਼ਾਂ ਵਿੱਚ ਹਾਲਤ ਸਾਡੇ ਨਾਲੋਂ ਵੀ ਖਰਾਬ ਹੈ ਪਰ ਵਿਸ਼ਵ ਵਿੱਚ ਚੀਨ ਵਰਗੇ ਦੇਸ਼ ਵੀ ਹਨ ਜਿਹਨਾਂ ਦੀ ਸਾਖਰਤਾ ਦਰ 93.3 ਫਿਸਦੀ ਹੈ। ਦੁਨੀਆ ਭਰ ਵਿੱਚ ਲਗਾਤਾਰ ਤਰੱਕੀ ਦੇ ਬਾਵਜੂਦ ਸਾਲ 2020 ਵਿੱਚ ਘੱਟੋ-ਘੱਟ 763 ਮਿਲੀਅਨ ਨੌਜਵਾਨਾਂ ਅਤੇ ਬਾਲਗਾਂ ਵਿੱਚ ਬੁਨਿਆਦੀ ਸਾਖਰਤਾ ਹੁਨਰਾਂ ਦੀ ਘਾਟ ਦੇ ਨਾਲ ਸਾਖਰਤਾ ਚੁਣੌਤੀਆਂ ਬਰਕਰਾਰ ਹਨ। ਭਾਰਤ ਵਿੱਚ 1991 ਤੋਂ ਪਹਿਲਾਂ 05 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਲਾਜ਼ਮੀ ਤੌਰ ਤੇ ਅਨਪੜ੍ਹ ਮੰਨਿਆ ਜਾਂਦਾ ਸੀ। ਅਸੀਂ ਅਜੇ ਵੀ ਆਪਣੀ ਆਬਾਦੀ ਨੂੰ 100% ਸਾਖਰ ਬਣਾਉਣ ਲਈ ਸੰਘਰਸ਼ ਕਰ ਰਹੇ ਹਾਂ। ਭਾਰਤ ਦੀ ਸਾਖਰਤਾ ਦਰ ਲੱਗਭੱਗ 77.70% ਹੀ ਹੈ। ਸਾਲ 1947 ਵਿੱਚ ਜਦੋਂ ਭਾਰਤ ਨੂੰ ਆਜ਼ਾਦੀ ਮਿਲੀ ਤਾਂ ਸਾਖਰਤਾ ਦਰ ਨਿਰਾਸ਼ਾਜਨਕ ਸੀ। ਕੁੱਲ ਆਬਾਦੀ ਦਾ ਸਿਰਫ਼ 18% ਪੜਿਆ-ਲਿਖਿਆ ਵਰਗ ਸੀ ਅਤੇ ਔਰਤਾਂ ਲਈ ਹੋਰ ਵੀ ਮਾੜ੍ਹਾ ਸਿਰਫ 8.86% ਸੀ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਅਨੁਸਾਰ ਭਾਰਤ ਵਿੱਚ ਮਰਦਾਂ ਦੀ ਸਾਖਰਤਾ ਦਰ 84ਗ ਹੈ ਅਤੇ ਔਰਤਾਂ ਲਈ ਇਹ ਦਰ 72% ਹੈ। ਜਨਗਣਨਾ 2011 ਅਨੁਸਾਰ ਭਾਰਤ ਵਿੱਚ ਸਾਖਰਤਾ ਦਰ ਦੀ ਸਥਿਤੀ ਵਿੱਚ ਇੱਕ ਸ਼ਾਨਦਾਰ ਸੁਧਾਰ ਹੋਇਆ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਕੇਰਲਾ ਭਾਰਤ ਦਾ ਸਭ ਤੋਂ ਵੱਧ ਪੜ੍ਹਿਖ਼ਆ-ਲਿਖਿਆ ਰਾਜ ਅਤੇ ਬਿਹਾਰ ਸਭ ਤੋਂ ਘੱਟ ਪੜ੍ਹਿਖ਼ਆ-ਲਿਖਿਆ ਰਾਜ ਸੀ। ਸਾਲ 1981 ਤੋਂ ਪਹਿਲਾਂ ਦੀ ਮਰਦਮਸ਼ੁਮਾਰੀ ਵਿੱਚ ਭਾਰਤ ਵਿੱਚ ਸਾਖਰਤਾ ਦਰ ਦੀ ਗਣਨਾ ਪੂਰੀ ਆਬਾਦੀ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਂਦੀ ਸੀ। ਭਾਰਤ ਵਿੱਚ ਸਾਖਰਤਾ ਦਰ ਦੀ ਗਣਨਾ ਕਰਨ ਦਾ ਇੱਕ ਹੋਰ ਸਟੀਕ ਅਤੇ ਸਹੀ ਤਰੀਕਾ ਲੱਭਣ ਤੋਂ ਬਾਅਦ ਇਸ ਵਿਧੀ ਨੂੰ 1991 ਵਿੱਚ ਸੋਧਿਆ ਗਿਆ ਸੀ। ਇਸ ਵਿੱਚ 0-6 ਸਾਲ ਦੀ ਉਮਰ ਦੇ ਲੋਕਾਂ ਨੂੰ ਇਸ ਤੋਂ ਬਾਹਰ ਰੱਖਣਾ ਸ਼ਾਮਲ ਸੀ।




ਸਾਲ 1991 ਤੋਂ 07 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਭਾਰਤ ਵਿੱਚ ਸਾਖਰਤਾ ਦਰ ਦੀ ਗਣਨਾ ਕੀਤੀ ਗਈ। ਭਾਰਤ ਵਿੱਚ ਸਾਖਰਤਾ ਵਿੱਚ ਕਈ ਸਾਲਾਂ ਤੋਂ ਲਿੰਗ ਅਸਮਾਨਤਾ ਦੀ ਸਮੱਸਿਆ ਵੀ ਸ਼ਾਮਲ ਹੈ। ਸਾਡੇ ਸਮਾਜ ਵਿੱਚ ਮਰਦਾਂ ਅਤੇ ਔਰਤਾਂ ਦੋਵਾਂ ਲਈ ਬਰਾਬਰੀ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੇ ਯਤਨਾਂ ਦੇ ਬਾਵਜੂਦ ਭਾਰਤ ਵਿੱਚ ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਔਰਤਾਂ ਦੀ ਸਾਖਰਤਾ ਦਰ ਅਜੇ ਵੀ ਬਹੁਤ ਮਾੜ੍ਹੀ ਹੈ। ਇਸ ਲਈ ਔਰਤਾਂ ਵਿੱਚ ਸਿੱਖਿਆ ਦੀ ਘਾਟ ਅਤੇ ਕੁੱਝ ਸਮਾਜਿਕ ਕੁਰੀਤੀਆਂ ਜੋ ਔਰਤਾਂ ਪ੍ਰਤੀ ਵਿਤਕਰਾ ਕਰਦੀਆਂ ਹਨ ਸ਼ਾਮਿਲ ਹਨ। ਸਾਖਰਤਾ ਦੇ ਮਿਆਰ ਨੂੰ ਸੁਧਾਰਨ ਲਈ ਸਰਕਾਰ ਦੁਆਰਾ ਕਈ ਕਦਮ ਚੁੱਕੇ ਗਏ ਹਨ। ਪੜ੍ਹਾਈ ਕਰਨ ਲਈ ਉਤਸ਼ਾਹਿਤ ਕਰਨ ਲਈ ਸਰਕਾਰ ਵੱਖ-ਵੱਖ ਸਕ-ਾਲਰਸ਼ਿਪ ਪ੍ਰੀਖਿਆਵਾਂ ਕਰਵਾਉਂਦੀ ਹੈ ਅਤੇ ਸਕੂਲੀ ਵਰਦੀਆਂ, ਪਾਠ ਪੁਸਤਕਾਂ ਅਤੇ ਸਟੇਸ਼ਨਰੀ ਪ੍ਰਦਾਨ ਕਰਦੀ ਹੈ। ਸਾਲ 1995 ਵਿੱਚ ਸਰਕਾਰ ਦੁਆਰਾ ਵਿਦਿਆਰਥੀਆਂ ਨੂੰ ਮੁਫਤ ਅਨਾਜ ਅਤੇ ਖਾਣਾ ਦੇਣ ਦੀ ਯੋਜਨਾ ਸ਼ੁਰੂ ਕੀਤੀ ਗਈ ਸੀ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਦਾਖਲੇ ਅਤੇ ਹਾਜ਼ਰੀ ਨੂੰ ਬਿਹਤਰ ਬਣਾਇਆ ਜਾ ਸਕੇ। ਸਿੱਖਿਆ ਦੇ ਮਹੱਤਵ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਪੇਂਡੂ ਖੇਤਰਾਂ ਵਿੱਚ ਜਾਗਰੂਕਤਾ ਮੁਹਿੰਮਾਂ ਚਲਾਈਆਂ ਗਈਆਂ ਅਤੇ ਬੱਚਿਆਂ ਨੂੰ ਸਕੂਲਾਂ ਵਿੱਚ ਪੜ੍ਹਨ ਲਈ ਭੇਜਣ ਲਈ ਪ੍ਰੇਰਿਤ ਕੀਤਾ। ਭਾਰਤ ਵਿੱਚ ਲੱਗਭੱਗ 287 ਮਿਲੀਅਨ ਅਨਪੜ੍ਹ ਬਾਲਗ ਰਹਿੰਦੇ ਹਨ ਜੋਕਿ ਵਿਸ਼ਵ ਦਾ ਲੱਗਭੱਗ 37% ਹੈ। ਬਿਹਾਰ, ਝਾਰਖੰਡ ਅਤੇ ਉੱਤਰ ਪ੍ਰਦੇਸ਼ ਭਾਰਤ ਵਿੱਚ ਦਲਿਤਾਂ ਦੀ ਸਾਖਰਤਾ ਦੇ ਮਾਮਲੇ ਵਿੱਚ ਹੇਠਲੇ ਪੰਜ ਰਾਜਾਂ ਵਿੱਚ ਪ੍ਰਮੁੱਖ ਹਨ। ਆਜ਼ਾਦੀ ਤੋਂ ਬਾਅਦ ਭਾਰਤ ਦੀ ਸਾਖਰਤਾ ਦਰ ਲੱਗਭੱਗ ਛੇ ਗੁਣਾ ਵਧੀ ਹੈ ਅਤੇ ਸਾਖਰਤਾ ਦਰ 2011 ਵਿੱਚ 74% ਹੋ ਗਈ ਹੈ। ਭਾਰਤ ਵਿੱਚ ਲੱਗਭੱਗ 60 ਲੱਖ ਬੱਚੇ ਅਜੇ ਵੀ ਸਕੂਲ ਤੋਂ ਬਾਹਰ ਹਨ। ਲੱਗਭੱਗ 92% ਸਰਕਾਰੀ ਸਕੂਲਾਂ ਨੇ ਅਜੇ ਤੱਕ ਸਿੱਖਿਆ ਦੇ ਅਧਿਕਾਰ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਹੈ। ਔਰਤਾਂ ਦੀ ਸਾਖਰਤਾ ਦਰ ਵਿੱਚ ਭਾਰਤ 135 ਦੇਸ਼ਾਂ ਵਿੱਚੋਂ 123ਵੇਂ ਸਥਾਨ ਤੇ ਹੈ। ਸਾਖਰਤਾ ਸੰਯੁਕਤ ਰਾਸ਼ਟਰ ਦੇ ਸਥਾਈ ਵਿਕਾਸ ਦੇ ਟੀਚਿਆਂ ਅਤੇ ਸੰਯੁਕਤ ਰਾਸ਼ਟਰ ਦੇ ਨਿਰੰਤਰ ਵਿਕਾਸ 2030 ਦੇ ਏਜੰਡੇ ਦਾ ਮੁੱਖ ਹਿੱਸਾ ਹੈ। ਅੰਤਰਰਾਸ਼ਟਰੀ ਸਾਖਰਤਾ ਦਿਵਸ ਤਰੱਕੀ ਦਾ ਮੁਲੰਕਣ ਕਰਨ ਦਾ ਇੱਕ ਮੌਕਾ ਹੈ ਅਤੇ ਸਾਖਰਤਾ ਨੂੰ ਇੱਕ ਜ਼ਰੂਰੀ ਮਨੁੱਖੀ ਅਧਿਕਾਰ ਵਜੋਂ ਮਨਾਉਣ ਵੱਲ ਗਤੀ ਵਧਾਉਣ ਦਾ ਮੌਕਾ ਹੈ ਜੋ ਸਾਡੇ ਸਮਾਜਾਂ ਵਿੱਚ ਇੱਕ ਬੁਨਿਆਦੀ ਭੂਮਿਕਾ ਨਿਭਾਉਂਦਾ ਹੈ। ਦਰਅਸਲ ਬ੍ਰਾਜ਼ੀਲ ਦੇ ਬੁੱਧੀਜੀਵੀ ਅਤੇ ਸਿੱਖਿਅਕ ਪਾਉਲੋ ਫਰੇਇਰ ਜਿਸਨੇ ਬਾਲਗ ਸਿੱਖਿਆ ਲਈ ਆਪਣਾ ਬਹੁਤ ਸਾਰਾ ਜੀਵਨ ਸਮਰਪਿਤ ਕੀਤਾ ਅਨੁਸਾਰ ਸਾਖਰਤਾ ਆਜ਼ਾਦੀ ਦਾ ਅਭਿਆਸ, ਉਹ ਸਾਧਨ ਹੋਣਾ ਚਾਹੀਦਾ ਹੈ ਜਿਸ ਦੁਆਰਾ ਮਰਦ ਅਤੇ ਔਰਤਾਂ ਅਸਲੀਅਤ ਨਾਲ ਗੰਭੀਰ ਅਤੇ ਰਚਨਾਤਮਕ ਤੌਰ ਤੇ ਨਜਿੱਠਦੇ ਹਨ ਅਤੇ ਖੋਜ ਕਰਦੇ ਹਨ ਕਿ ਕਿਵੇਂ ਹਿੱਸਾ ਲੈਣਾ ਹੈ। ਸਾਲ 1979 ਵਿੱਚ ਦੁਨੀਆ ਦੀ ਸਿਰਫ ਲੱਗਭੱਗ 68% ਆਬਾਦੀ ਪੜ੍ਹਨਾ ਅਤੇ ਲਿਖਣਾ ਜਾਣਦੀ ਸੀ ਅਤੇ 2020 ਵਿੱਚ ਇਹ ਲੱਗਭੱਗ 86.7% ਸੀ। ਇਸਦੇ ਬਾਵਜੂਦ ਦੁਨੀਆ ਭਰ ਦੇ ਲੱਗਭੱਗ 771 ਮਿਲੀਅਨ ਨੌਜਵਾਨਾਂ ਅਤੇ ਬਾਲਗਾਂ ਕੋਲ ਅਜੇ ਵੀ ਬੁਨਿਆਦੀ ਸਾਖਰਤਾ ਹੁਨਰ ਨਹੀਂ ਹਨ ਜਿਨ੍ਹਾਂ ਵਿੱਚੋਂ 60% ਲੜਕੀਆਂ ਅਤੇ ਔਰਤਾਂ ਹਨ। ਅੰਤਰਰਾਸ਼ਟਰੀ ਸਾਖਰਤਾ ਦਿਵਸ ਦੇ ਜਸ਼ਨ ਦੇ ਜ਼ਰੀਏ ਯੂਨੈਸਕੋ ਸਿੱਖਿਆ ਦੇ ਖੇਤਰ ਅਤੇ ਇਸ ਤੋਂ ਬਾਹਰ ਦੇ ਸਾਰੇ ਕਲਾਕਾਰਾਂ ਨੂੰ ਸਾਖਰਤਾ ਦੀ ਭੂਮਿਕਾ ਤੇ ਮੁੜ ਵਿਚਾਰ ਕਰਨ ਲਈ ਕਹਿੰਦਾ ਹੈ। ਭਾਰਤ ਇੱਕ ਉਭੱਰਦਾ ਅਤੇ ਤੇਜ਼ੀ ਨਾਲ ਵਿਕਸਿਤ ਹੋਣ ਵਾਲਾ ਦੇਸ਼ ਹੈ। ਅੱਜ ਅਸੀਂ ਆਪਣੀ ਤੁਲਨਾ ਅਮਰੀਕਾ, ਚੀਨ ਵਰਗੇ ਦੇਸ਼ਾਂ ਨਾਲ ਕਰਦੇ ਨਹੀਂ ਥੱਕਦੇ ਪਰ ਜਦੋਂ ਅਸੀਂ ਭਾਰਤ ਦੀਆਂ ਸੜ੍ਹਕਾਂ ਤੇ ਚਾਹ ਦੀਆਂ ਦੁਕਾਨਾਂ ਤੇ ਕੰਮ ਕਰਨ ਵਾਲੇ ਛੋਟੇ ਬੱਚਿਆਂ ਅਤੇ ਪੜ੍ਹੇ-ਲਿਖੇ ਨੌਜ਼ਵਾਨਾਂ ਨੂੰ ਬੇਰੁਜ਼ਗਾਰ ਦੇਖਦੇ ਹਾਂ ਤਾਂ ਸੋਚਦੇ ਹਾਂ ਕਿ ਅਸੀਂ ਸਾਖਰ ਤਾਂ ਹੋ ਗਏ ਹਾਂ ਪਰ ਸਿੱਖਿਅਤ ਨਹੀਂ ਹੋਏ ਹਾਂ। ਸਿੱਖਿਆ ਦਾ ਅਰਥ ਹੁੰਦਾ ਹੈ ਗਿਆਨ ਪ੍ਰਾਪਤ ਕਰਨਾ। ਪੜ੍ਹ-ਲਿਖਕੇ ਅਸੀਂ ਸਾਖਰ ਤਾਂ ਬਣ ਜਾਂਦੇ ਹਾਂ ਪਰ ਗਿਆਨ ਪ੍ਰਾਪਤ ਨਹੀਂ ਕਰ ਪਾਉਂਦੇ ਹਾਂ। ਸਾਡੇ ਦੇਸ਼ ਵਿੱਚ ਕਰੋੜ੍ਹਾਂ ਬੱਚੇ ਹਰ ਸਾਲ ਡਿਗਰੀਆਂ ਹਾਸਲ ਕਰਦੇ ਹਨ ਅਤੇ ਇਹਨਾਂ ਵਿੱਚੋਂ ਜ਼ਿਆਦਾਤਰ ਬੇਰੁਜ਼ਗਾਰਾਂ ਦੀ ਭੀੜ ਵਿੱਚ ਗੁਆਚ ਜਾਂਦੇ ਹਨ। ਅਸੀਂ ਭਾਵੇਂ 21ਵੀਂ ਸਦੀ ਵਿੱਚ ਪਹੁੰਚ ਚੁੱਕੇ ਹਾਂ ਪਰ ਫਿਰ ਵੀ ਦੇਸ਼ ਦੇ ਹਰ ਨਾਗਰਿਕ ਨੂੰ ਪੜ੍ਹਿਆ ਲਿਖਿਆ ਬਣਾਉਣ ਦਾ ਸੁਪਨਾ ਪੂਰਾ ਨਹੀਂ ਹੋ ਰਿਹਾ। ਦੁਨੀਆਂ ਦੇ ਬਹੁਤੇ ਵਿਕਸਿਤ ਦੇਸ਼ਾਂ ਨੇ ਪੜ੍ਹਾਈ ਦੇ ਮਹੱਤਵ ਨੂੰ ਪਹਿਲਾਂ ਹੀ ਪਹਿਚਾਣ ਲਿਆ ਸੀ ਜਿਸ ਕਾਰਨ ਵਿਕਸਿਤ ਦੇਸ਼ਾਂ ਵਿੱਚ ਹਰ ਨਾਗਰਿਕ ਪੜ੍ਹਿਆ-ਲਿਖਿਆ ਹੈ ਅਤੇ ਉਹਨਾਂ ਦੀ ਸਾਖਰਤਾ ਦਰ 100 ਫਿਸਦੀ ਹੈ। 100 ਫਿਸਦੀ ਸਾਖਰਤਾ ਦਰ ਕਾਰਨ ਹੀ ਉਥੋਂ ਦੇ ਨਾਗਰਿਕ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹਨ ਅਤੇ ਉਹਨਾਂ ਦਾ ਜੀਵਨ ਪੱਧਰ ਉਚਾ ਹੈ। ਸਾਡੇ ਦੇਸ਼ ਵਿੱਚ ਵਿਸ਼ਵ ਦੇ ਸਭ ਤੋਂ ਵੱਧ ਅਨਪੜ੍ਹ ਲੋਕ ਰਹਿੰਦੇ ਹਨ। ਭਾਰਤੀ ਸਮਾਜਿਕ ਢਾਂਚੇ ਅਨੁਸਾਰ ਇੱਕ ਖਾਸ ਵਰਗ ਸ਼ੂਦਰਾਂ ਅਤੇ ਮਹਿਲਾਵਾਂ ਨੂੰ ਸਦੀਆਂ ਤੱਕ ਵਿੱਦਿਆ ਪ੍ਰਾਪਤ ਕਰਨ ਦਾ ਅਧਿਕਾਰ ਨਹੀਂ ਸੀ ਅਤੇ ਸਿੱਖਿਆ ਤੋਂ ਬਾਂਝੇ ਰਹੇ ਹਨ। ਸਦੀਆਂ ਤੋਂ ਸਿੱਖਿਆ ਤੋਂ ਬਾਂਝੇ ਵਰਗਾਂ ਲਈ ਵਿੱਦਿਆ ਦਾ ਚਾਨਣ ਫੈਲਾਉਣ ਲਈ ਕਈ ਸਮਾਜ ਸੁਧਾਰਕਾਂ ਨੇ ਮੁਹਿੰਮ ਚਲਾਈ ਅਤੇ ਜਯੋਤਿਬਾ ਰਾਏ ਫੂਲੇ, ਸਵਿਤਰੀ ਬਾਈ ਫੂਲੇ, ਬਾਬੂ ਮੰਗੂ ਰਾਮ ਮੁਗੋਵਾਲੀਆ, ਡਾਕਟਰ ਭੀਮ ਰਾਓ ਅੰਬੇਡਕਰ ਆਦਿ ਨੇ ਸਿੱਖਿਆ ਤੋਂ ਬਾਂਝੇ ਲੋਕਾਂ ਲਈ ਅਦਾਰੇ ਖੋਲੇ ਅਤੇ ਭਾਰੀ ਮੁਸ਼ਕਿਲਾਂ ਅਤੇ ਰੁਕਾਵਟਾਂ ਦੇ ਬਾਬਜੂਦ ਇਨ੍ਹਾਂ ਵਰਗਾਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਿੱਖਿਅਤ ਕੀਤਾ। ਦੇਸ਼ ਦੇ ਦੂਰ ਦੁਰਾਡੇ ਭਾਗਾਂ ਵਿੱਚ ਰਹਿੰਦੇ ਲੋਕਾਂ ਤੱਕ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਨੇ ਸਿੱਖਿਆ ਪਹੁੰਚਾਣ ਲਈ ਵਿਸ਼ੇਸ਼ ਭੂਮਿਕਾ ਨਿਭਾਈ ਹੈ।ਭਾਰਤ ਦਾ ਸੰਵਿਧਾਨ ਸਾਰਿਆਂ ਲਈ ਸਿੱਖਿਆ ਦੇ ਮਹੱਤਵ ਨੂੰ ਮਾਨਤਾ ਦਿੰਦਾ ਹੈ।

ਇਸ ਲਈ ਇਹ ਦੇਸ਼ ਵਿੱਚ ਵਿਦਿਅਕ ਅਧਿਕਾਰਾਂ ਦੇ ਸਹੀ ਅਤੇ ਪ੍ਰਭਾਵੀ ਅਮਲ ਨੂੰ ਯਕੀਨੀ ਬਣਾਉਣ ਲਈ ਕਈ ਉਪਬੰਧ ਰੱਖਦਾ ਹੈ। ਭਾਰਤੀ ਸੰਵਿਧਾਨ ਦਾ ਆਰਟੀਕਲ 30 ਸਾਰੀਆਂ ਘੱਟ ਗਿਣਤੀਆਂ ਨੂੰ ਆਪਣੀਆਂ ਸੰਸਥਾਵਾਂ ਦੀ ਸਥਾਪਨਾ ਅਤੇ ਪ੍ਰਬੰਧ ਕਰਨ ਦਾ ਅਧਿਕਾਰ ਦਿੰਦਾ ਹੈ। ਭਾਰਤ ਦਾ ਸੰਵਿਧਾਨ (ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ ਦਾ 41, 45 ਅਤੇ 46) ਰਾਜ ਨੂੰ ਇਹ ਯਕੀਨੀ ਬਣਾਉਣ ਲਈ ਨਿਰਦੇਸ਼ ਦਿੰਦਾ ਹੈ ਕਿ ਸਾਰੇ ਨਾਗਰਿਕ ਮੁਫ਼ਤ ਸਿੱਖਿਆ ਪ੍ਰਾਪਤ ਕਰਨ। ਬਰਾਬਰੀ ਦਾ ਮੌਲਿਕ ਅਧਿਕਾਰ ਸਪੱਸ਼ਟ ਤੌਰ ਤੇ ਦਰਸਾਉਂਦਾ ਹੈ ਕਿ ਕਾਨੂੰਨ ਦੀਆਂ ਨਜ਼ਰਾਂ ਵਿੱਚ ਕਿਸੇ ਨਾਲ ਰੁਤਬੇ, ਜਾਤ, ਲਿੰਗ, ਵਰਗ ਜਾਂ ਧਰਮ ਦੇ ਆਧਾਰ ਤੇ ਵਿਤਕਰਾ ਨਹੀਂ ਕੀਤਾ ਜਾ ਸਕਦਾ। ਦੇਸ਼ ਵਿੱਚ ਸਿੱਖਿਆ ਨਾਲ ਸਬੰਧਤ ਲੋਕਾਂ ਸਮੇਤ ਹਰੇਕ ਨੂੰ ਬਰਾਬਰ ਮੌਕੇ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ। ਸੰਵਿਧਾਨ ਦੇ ਆਰਟੀਕਲ 21 (1) ਵਿੱਚ 6-14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਇੱਕ ਮੌਲਿਕ ਅਧਿਕਾਰ ਵਜੋਂ ਮੁਫਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਨ ਲਈ ਸੋਧ ਕੀਤੀ ਗਈ ਸੀ। ਭਾਰਤੀ ਸੰਵਿਧਾਨ ਦੇ ਅਨੁਛੇਦ 15, 17, ਅਤੇ 46 ਸਮਾਜ ਦੇ ਕਮਜ਼ੋਰ ਵਰਗਾਂ ਇਹਨਾਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਸਮੇਤ ਸਮਾਜਿਕ, ਆਰਥਿਕ ਅਤੇ ਵਿਦਿਅਕ ਤੌਰ ਤੇ ਪਛੜੇ ਪਰਿਵਾਰ ਸ਼ਾਮਲ ਹਨ ਦੇ ਵਿੱਦਿਅਕ ਹਿੱਤਾਂ ਦੀ ਰਾਖੀ ਕਰਦੇ ਹਨ। ਸਰਕਾਰਾਂ ਦੀਆਂ ਕੋਸ਼ਿਸ਼ਾਂ ਦੇ ਬਾਬਜੂਦ ਅਜੇ ਵੀ ਪੜ੍ਹਣ ਦੀ ਉਮਰ ਵਾਲੇ ਲੱਗਭੱਗ 60 ਲੱਖ ਬੱਚੇ ਸਕੂਲਾਂ ਤੋਂ ਬਾਹਰ ਹਨ ਅਤੇ ਮਹਿਲਾ ਸਾਖਰਤਾ ਦਰ ਦੇ ਮਾਮਲੇ ਵਿੱਚ ਸਾਡੇ ਦੇਸ਼ ਦਾ ਨੰਬਰ 135 ਵਿੱਚੋਂ 123ਵੇਂ ਸਥਾਨ ਤੇ ਹੈ। ਦੇਸ਼ ਦੇ ਵੱਖ ਵੱਖ ਰਾਜਾਂ ਦੀ ਸਾਖਰਤਾ ਦਰ ਵਿੱਚ ਵੀ ਕਾਫੀ ਅੰਤਰ ਹੈ। ਕੇਰਲਾ ਵਿੱਚ ਸਾਖਰਤਾ ਦਰ ਸਭ ਤੋਂ ਵੱਧ 93.91 ਫਿਸਦੀ ਹੈ ਜਦਕਿ ਬਿਹਾਰ ਦੀ ਸਾਖਰਤਾ ਦਰ ਸਭ ਤੋਂ ਘੱਟ ਸਿਰਫ 63.82 ਫਿਸਦੀ ਹੈ। ਪੰਜਾਬ ਨੂੰ ਖੁਸ਼ਹਾਲ ਸੂਬਾ ਮੰਨਿਆ ਜਾਂਦਾ ਹੈ ਪਰ ਜੇਕਰ ਸਾਖਰਤਾ ਦੀ ਗੱਲ ਕਰੀਏ ਤਾਂ 2011 ਦੀ ਜਨਗਣਨਾ ਅਨੁਸਾਰ ਪੰਜਾਬ ਦੀ ਸਾਖਰਤਾ ਦਰ 76.7 ਫਿਸਦੀ ਹੈ ਜਿਸ ਵਿੱਚ ਪੁਰਸ਼ਾਂ ਦੀ ਸਾਖਰਤਾ ਦਰ 81.5 ਫਿਸਦੀ ਅਤੇ ਮਹਿਲਾਵਾਂ ਦੀ ਸਾਖਰਤਾ ਦਰ 71.3 ਫਿਸਦੀ ਹੈ। ਪੰਜਾਬ ਦੀ ਲੱਗਭੱਗ 23.3 ਫਿਸਦੀ ਜਨਸੰਖਿਆ ਅਜੇ ਵੀ ਅਨਪੜ੍ਹ ਹੈ। ਪੰਜਾਬ ਦੇ 7 ਜ਼ਿਲ੍ਹਿਆ ਦੀ ਸਾਖਰਤਾ ਦਰ 60 ਫਿਸਦੀ ਤੋਂ 70 ਫਿਸਦੀ ਦੇ ਵਿਚਕਾਰ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ। ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੀ ਸਾਖਰਤਾ ਦਰ ਵੇਖੀਏ ਤਾਂ ਪੰਜਾਬ ਵਿੱਚ ਸਭ ਤੋਂ ਵੱਧ ਸਾਖਰ ਹੁਸ਼ਿਆਰਪੁਰ ਜ਼ਿਲ੍ਹਾ ਹੈ ਜਿੱਥੇ ਦੀ ਸਾਖਰਤਾ ਦਰ 85.4 ਫਿਸਦੀ ਹੈ ਜਦਕਿ ਮਾਨਸਾ ਜ਼ਿਲ੍ਹੇ ਦੀ ਸਾਖਰਤਾ ਦਰ ਸਭ ਤੋਂ ਘੱਟ 62.8 ਫਿਸਦੀ ਹੈ। ਸਰਕਾਰ ਦੀਆਂ ਢਿੱਲੀਆਂ ਨੀਤੀਆਂ ਕਾਰਨ ਵੀ ਦੇਸ਼ ਵਿੱਚੋਂ ਅਨਪੜ੍ਹਤਾ ਖਤਮ ਨਹੀਂ ਹੋ ਰਹੀ ਹੈ।

ਸਿੱਖਿਆ ਬੱਜ਼ਟ ਵਿੱਚ ਹੋ ਰਹੀ ਕਟੌਤੀ ਕਾਰਨ ਸਿੱਖਿਆ ਦਾ ਢਾਂਚਾ ਲੜਖੜਾ ਰਿਹਾ ਹੈ।ਕਈ ਸਰਕਾਰੀ ਸਕੂਲਾਂ ਵਿੱਚ ਬੈਠਣ ਲਈ ਫਰਨੀਚਰ ਨਹੀਂ ਹੈ। ਕਈ ਸਕੂਲ ਅੱਜ ਵੀ ਅਧਿਆਪਕਾਂ ਤੋਂ ਸੱਖਣੇ ਹਨ।


ਕਈ ਸਕੂਲਾਂ ਵਿੱਚ ਸਾਇੰਸ ਦੀਆਂ ਪ੍ਰਯੋਗਸ਼ਾਲਾਵਾਂ ਨਹੀਂ ਹਨ। ਕਈ ਸਕੂਲਾਂ ਦੀਆਂ ਇਮਾਰਤਾਂ ਦੀ ਹਾਲਤ ਖਸਤਾ ਹੋ ਚੁੱਕੀ ਹੈ ਅਤੇ ਅਕਸਰ ਹੀ ਬਾਰਿਸ਼ਾਂ, ਗਰਮੀਆਂ, ਅਤੇ ਠੰਡ ਵਿੱਚ ਸਕੂਲ ਬੰਦ ਕਰਨੇ ਪੈਂਦੇ ਹਨ। ਸਰਕਾਰ ਵਲੋਂ ਦੇਸ਼ ਵਿੱਚ ਅਨਪੜ੍ਹਤਾ ਨੂੰ ਖਤਮ ਅਤੇ ਸਿੱਖਿਆ ਦਾ ਚਾਨਣ ਫੈਲਾਉਣ ਲਈ ਰਾਸ਼ਟਰੀ ਸਾਖਰਤਾ ਮਿਸ਼ਨ ਚਲਾਇਆ ਗਿਆ ਅਤੇ ਸਰਵ ਸਿਖਿਆ ਅਭਿਆਨ ਸ਼ੁਰੂ ਕੀਤਾ ਗਿਆ ਅਤੇ 6 ਤੋਂ 14 ਸਾਲ ਤੱਕ ਦੇ ਹਰ ਬੱਚੇ ਨੂੰ ਮੁਫਤ ਅਤੇ ਜਰੂਰੀ ਸਿਖਿਆ ਪ੍ਰਦਾਨ ਕਰਨ ਲਈ ਸਿਖਿਆ ਦਾ ਅਧਿਕਾਰ ਲਾਗੂ ਕੀਤਾ ਗਿਆ ਹੈ। ਸਰਕਾਰ ਵਲੋਂ ਨਵੀਂ ਸਿੱਖਿਆ ਨੀਤੀ ਲਾਗੂ ਕੀਤੀ ਜਾ ਰਹੀ ਹੈ। ਸਰਕਾਰ ਸਿੱਖਿਆ ਤੋਂ ਵੀ ਹੋਲੀ ਹੋਲੀ ਅਪਣੇ ਹੱਥ ਪਿੱਛੇ ਖਿੱਚ ਰਹੀ ਹੈ ਅਤੇ ਸਰਕਾਰੀ ਸਕੂਲਾਂ ਨੂੰ ਨਿੱਜੀ ਹੱਥਾਂ ਵਿੱਚ ਦੇਣ ਦੀ ਤਿਆਰੀ ਕਰ ਰਹੀ ਹੈ।

ਅੱਜ ਅੰਤਰਰਾਸ਼ਟਰੀ ਸਾਖਰਤਾ ਦਿਵਸ ਤੇ ਸਰਕਾਰਾਂ ਨੂੰ ਗੰਭੀਰਤਾ ਨਾਲ ਨਾਲ ਸੋਚਣ ਦੀ ਜਰੂਰਤ ਹੈ ਕਿ ਮਿਆਰੀ ਸਿੱਖਿਆ ਦੇਣ ਲਈ ਹੋਰ ਢੁੱਕਵੇਂ ਕਦਮ ਚੁੱਕੇ ਜਾਣ ਜਿਸ ਨਾਲ ਦੇਸ਼ ਦੇ ਨਾਗਰਿਕਾਂ ਨੂੰ ਵਿਕਸਿਤ ਦੇਸ਼ਾਂ ਬਰਾਬਰ ਸਿੱਖਿਅਤ ਕਰਕੇ ਦੇਸ਼ ਅਤੇ ਸਮਾਜ ਨੂੰ ਸਮਾਜਿਕ-ਆਰਥਿਕ ਵਿਕਾਸ ਦੀਆਂ ਲੀਹਾਂ ਤੇ ਤੋਰਿਆ ਜਾ ਸਕੇ।

# ਐੱਸ.ਸੀ ਭਾਈਚਾਰੇ ਨਾਲ ਅੱਜ ਵੀ ਕਿਤੇ ਨਾ ਕਿਤੇ ਹੋ ਰਿਹਾ ਧੱਕਾ, ਨਹੀਂ ਮਿਲ ਰਿਹਾ ਇਨਸਾਫ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਮੌਕੇ-ਮੌਕੇ ਦੀਆਂ ਸਰਕਾਰਾਂ ਵਲੋਂ ਇਨਸਾਫ਼ ਨੂੰ ਲੈ ਕੇ ਤਾਂ ਬਹੁਤ ਵੱਡੇ ਵੱਡੇ ਵਾਅਦੇ ਕੀਤੇ ਜਾਂਦੇ ਹਨ ਪਰ ਇਨ੍ਹਾਂ ਕੀਤੇ ਵਾਅਦਿਆ ਦੀ ਫੂਕ ਅਕਸਰ ਕਿਤੇ ਨਾ ਕਿਤੇ ਨਿੱਕਲਦੀ ਦੇਖਣ ਨੂੰ ਮਿਲਦੀ ਹੈ। ਅੱਜ ਦੇ ਸਮੇਂ ਵਿਚ ਜੇ ਗੱਲ ਕਰੀਏ ਇਨਸਾਫ਼ ਦੀ ਤਾਂ ਅੱਜ ਵੀ ਕਿਤੇ ਨਾ ਕਿਤੇ ਛੋਟੀਆਂ ਜਾਤਾਂ ਵਾਲੇ ਲੋਕਾਂ ਨਾਲ ਇਨਸਾਫ਼ ਨੂੰ ਲੈ ਕੇ ਧੱਕਾ ਕੀਤਾ ਜਾਂਦਾ ਹੈ। ਲਗਭਗ ਦੇਸ਼ ਦਾ ਇਤਿਹਾਸ ਅਤਿਆਚਾਰਾਂ ਤੇ ਬੇਇਨਸਾਫ਼ੀਆਂ ਦੀਆਂ ਦਾਸਤਾਨਾਂ ਨਾਲ ਭਰਿਆ ਪਿਆ ਹੈ। ਬੀਤੇ ਸਮੇਂ ਵਿਚ ਹੋਏ ਜ਼ੁਲਮ ਅੱਜ ਵੀ ਨਸਲੀ ਭੇਦ-ਭਾਵ ਤੇ ਨਫ਼ਰਤ ਦੀ ਅੱਗ ਨੂੰ ਬੁਝਣ ਨਹੀਂ ਦਿੰਦੇ। ਮੌਜੂਦਾ ਸਮੇਂ ਅੰਦਰ ਅਜਿਹੀ ਹੀ ਮਿਸਾਲ ਹਲਕਾ ਗੜ੍ਹਸ਼ੰਕਰ ਦੇ ਵਿੱਚ ਪੈਂਦੇ ਪਿੰਡ ਖਾਬੜਾ ਦੀ ਹੈ ਜਿਥੇ ਕਿ ਉੱਚੀ ਜਾਤ ਵਾਲਿਆਂ ਵਲੋਂ ਅੱਜ ਵੀ ਐੱਸ, ਸੀ, ਸਮਾਜ ਦੇ ਭਾਈਚਾਰੇ ਨਾਲ ਧੱਕਾ ਕੀਤਾ ਗਿਆ ਹੈ। ਇਸ ਗੱਲ ਦਾ ਖੁਲਾਸਾ ਪਿੰਡ ਖਾਬੜਾ ਦੇ ਸਰਪੰਚ ਧਰਮਿੰਦਰ ਕੁਮਾਰ ਵਲੋਂ ਆਪਣੇ ਹੀ ਪਿੰਡ ਪੱਤਰਕਾਰਾਂ ਦੀ ਪ੍ਰੈਸ ਕਾਨਫਰੰਸ ਕਰਕੇ ਕੀਤਾ ਗਿਆ। ਜਿਸ ਵਿੱਚ ਸਰਪੰਚ ਧਰਮਿੰਦਰ ਕੁਮਾਰ ਨੇ ਦੱਸਿਆ ਕਿ ਪਿੰਡ ਦੇ ਹੀ ਕੁੱਝ ਜਰਨਲ ਸਮਾਜ ਵਲੋਂ ਪਿੰਡ ਦੀ ਸ਼ਾਮਲਾਟ ਦੀ ਮਿਣਤੀ ਨੂੰ ਲੈ ਕੇ ਜੋ ਮਸਲਾ ਹੋਇਆ ਸੀ, ਉਸ ਵਿੱਚ ਵਿਰੋਧੀ ਧਿਰ ਵਲੋਂ ਮੇਰੇ ਦਲਿਤ ਹੋਣ ਕਰਕੇ ਮੇਰੇ ਪ੍ਰਤੀ ਜਾਤੀ ਸੂਚਕ ਸ਼ਬਦਾਂ ਦੀ ਵਰਤੋਂ ਕੀਤੀ ਗਈ। ਜਿਸਦਾ ਪੂਰੇ ਐੱਸ.ਸੀ ਸਮਾਜ ਦੇ ਭਾਈਚਾਰੇ ਵਲੋਂ ਵਿਰੋਧ ਕੀਤਾ ਗਿਆ। ਉਨ੍ਹਾਂ ਕਿਹਾ ਕਿ ਲੱਗਭਗ ਨੌਂ ਮਹੀਨੇ ਪਹਿਲਾਂ ਇਹ ਵਿਵਾਦ ਸ਼ੁਰੂ ਹੋਇਆ ਸੀ, ਜੋ ਅੱਜ ਤੱਕ ਵੀ ਚੱਲਦਾ ਆ ਰਿਹਾ ਹੈ ਅਤੇ ਮੈਨੂੰ ਕੋਈ ਇਨਸਾਫ ਨਹੀਂ ਦਿੱਤਾ ਜਾ ਰਿਹਾ। ਅੱਜ ਪਿੰਡ ਖਾਬੜਾ ਵਿਖੇ ਪ੍ਰੈਸ ਕਾਨਫਰੰਸ ਵਿੱਚ ਵੱਖ-ਵੱਖ ਐੱਸ.ਸੀ ਜੱਥੇ ਬੰਦੀਆਂ ਦੇ ਆਗੂਆਂ ਵਲੋਂ ਸ਼ਿਰਕਤ ਕੀਤੀ ਗਈ। ਜਿਸ ਵਿੱਚ ਦਿਲਬਰ ਸਿੰਘ ਪੰਜਾਬ ਪ੍ਰਧਾਨ ਗੁਰੂ ਰਵਿਦਾਸ ਮਿਸ਼ਨ ਅਤੇ ਸਾਥੀਆਂ ਵਲੋਂ ਇਨਸਾਫ਼ ਨਾ ਮਿਲਣ ਤੇ ਸਰਕਾਰ ਤੇ ਮੌਜੂਦਾ ਪ੍ਰਸਾਸ਼ਨ ਨੂੰ ਚੇਤਾਵਨੀ ਦਿੱਤੀ ਗਈ ਕਿ ਜੇਕਰ ਇਨਸਾਫ਼ ਨਾ ਮਿਲਿਆ ਤਾਂ ਇਸ ਸੰਘਰਸ਼ ਨੂੰ ਵੱਡੇ ਪੱਧਰ ਤੇ ਵਿੱਡਿਆ ਜਾਵੇਗਾ। ਇਸ ਮੌਕੇ ਤੇ ਸਰਪੰਚ ਧਰਮਿੰਦਰ ਕੁਮਾਰ, ਪੰਚ ਰਾਮ ਲੁਭਇਆ, ਪੰਚ ਜਸਵੀਰ ਕੌਰ, ਮਨਦੀਪ ਸਿੰਘ, ਅਮਰਜੀਤ ਸਿੰਘ ਸੁਨਿਆਰ, ਗੋਵਿੰਦ ਰਾਮ, ਪਰਮੇਸ਼ੁਰ ਲਾਲ, ਹੰਸ ਰਾਜ, ਕਮਲਜੀਤ ਕੌਰ, ਜੋਗਿੰਦਰ ਕੌਰ, ਪ੍ਰਵੀਨ ਕੌਰ, ਬਲਜਿੰਦਰ ਕੌਰ, ਛਿੰਦੋ, ਗੁਰਦੇਵ ਕੌਰ, ਛਿੰਦੋ, ਸੋਨੀਆ ਪਿੰਡ ਵਾਸੀ ਤੇ ਕੁਲਵਿੰਦਰ ਬਿੱਟੂ ਸੈਲਾ ਖੁਰਦ ਅਤੇ ਦਿਲਬਰ ਸਿੰਘ ਪ੍ਰਧਾਨ ਗੁਰੂ ਰਵਿਦਾਸ ਮਿਸ਼ਨ ਆਦਿ ਹਾਜ਼ਰ ਸਨ।



### ਗੁਰਪੁਰਬ, ਜੋਤੀ ਜੋਤ ਦਿਵਸ 'ਤੇ ਵਿਸ਼ੇਸ਼

# ਗੁਰੂ ਅਮਰਦਾਸ ਜੀ

ਗੁਰੂ ਨਾਨਕ ਦੇਵ ਜੀ ਦੇ ਧਰਮ ਸੰਕਲਪ ਨੂੰ ਪ੍ਰਚਾਰਨ ਤੇ ਪ੍ਰਫੁੱਲਿਤ ਕਰਨ ਦੇ ਆਸ਼ੇ ਵਿਚ ਸਿੰਘ ਗੁਰੂਆਂ ਵੱਲੋਂ ਸਮੇਂ-ਸਮੇਂ ਤੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਅਧਿਆਤਮਕਤਾ ਦਾ ਰਾਹ ਦਰਸਾਇਆ ਗਿਆ। ਗੁਰੂ ਅੰਗਦ ਦੇਵ ਜੀ ਨੇ ਨਵੇਂ ਉਭਰੇ ਇਸ ਸਮਾਜ ਸੁਧਾਰਕ ਧਰਮ ਨੂੰ ਬੜੀ ਦ੍ਰਿੜ੍ਹਤਾ ਨਾਲ ਚਲਾਈ ਰੱਖਿਆ। ਇਸ ਨਿਰੰਤਰ ਸੁਧਾਰ ਵਿਚ ਗੁਰੂਆਂ ਨੇ ਮੁਕਤੀ ਦੇ ਵਿਚਾਰ ਨੂੰ ਨਵਾਂ ਅਰਥ ਦਿੱਤਾ। ਮੁਕਤੀ ਨੂੰ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ। ਇਸ ਆਸ਼ੇ ਨੂੰ ਅੱਗੇ ਵਧਾਉਣ ਲਈ ਤੀਸਰੇ ਗੁਰੂ ਅਮਰਦਾਸ ਜੀ ਦਾ ਆਗਮਨ ਪਿੰਡ ਬਾਸਰਕੇ ਗਿੱਲਾਂ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਵਿਸਾਖ ਸੁਦੀ 14 ਜਾਂ ਜੇਠ ਸੰਮਤ 1536 ਅਰਥਾਤ ਮਈ 1479 ਨੂੰ ਪਿਤਾ ਤੇਜਭਾਨ ਭੱਲਾ ਅਤੇ ਮਾਤਾ ਬਖ਼ਤ ਕੌਰ ਦੇ ਘਰ ਹੋਇਆ। ਗੁਰੂ ਜੀ ਦਾ ਵਿਆਹ ਮਾਤਾ ਮਨਸੀ ਦੇਵੀ ਨਾਲ ਹੋਇਆ। ਆਪ ਦੇ ਦੋ ਪੁੱਤਰ, ਦੋ ਧੀਆਂ ਸਨ। ਧਾਰਮਿਕ ਰੁਚੀ ਵਿਚ ਆਪ ਹਰ ਸਾਲ ਗੰਗਾ ਹਰਿਦੁਆਰ ਤੀਰਥ ਯਾਤਰਾ ਤੇ ਜਾਇਆ ਕਰਦੇ ਸਨ।

ਇਕ ਦਿਨ ਗੁਰੂ ਅਮਰਦਾਸ ਜੀ ਨੇ ਬੀਬੀ ਅਮਰੋ ਦੇ ਮੁਖ ਤੋਂ ਬਾਣੀ ਦੇ ਕੁਝ ਸ਼ਬਦ ਸਰਵਣ ਕੀਤੇ ਕਿ ਮਨ ਵਿਚ ਡੂੰਘਾ ਅਸਰ ਪਿਆ। ਗੁਰ ਦਰਸ਼ਨਾਂ ਦੀ ਤਾਂਘ ਉਹਨਾਂ ਨੂੰ ਖਡੂਰ ਸਾਹਿਬ ਖਿੱਚ ਲਿਆਈ। ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਕੇ ਉਹਨਾਂ ਜਾਣ ਲਿਆ ਕਿ ਮੈਨੂੰ ਆਪਣਾ ਅਧਿਆਤਮਕ ਰਾਹ ਦਸੇਰਾ ਗੁਰੂ ਮਿਲ ਗਿਆ ਹੈ। ਉਹਨਾਂ ਨੇ ਗੁਰੂ ਅੰਗਦ ਦੇਵ ਜੀ ਨੂੰ ਆਪਣਾ ਗੁਰੂ ਧਾਰ ਲਿਆ। ਉਹ ਗੁਰੂ ਦੀ ਸੇਵਾ ਵਿਚ ਪੱਕੇ ਤੌਰ 'ਤੇ ਰਹਿਣ ਲੱਗੇ। ਉਹਨਾਂ ਨੇ ਲੱਗਭੱਗ 12 ਸਾਲ ਗੁਰੂ ਦੀ ਸੇਵਾ ਤਨ ਮਨ ਲਾ ਕੇ ਕੀਤੀ। ਉਹ ਹਰ ਰੋਜ਼ ਪ੍ਰਭਾਤ ਵੇਲੇ ਬਿਆਸ ਨਦੀ ਤੋਂ ਗੁਰੂ ਸਾਹਿਬ ਦੇ ਇਸ਼ਨਾਨ ਲਈ ਪਾਣੀ ਲਿਆਇਆ ਕਰਦੇ ਸਨ। ਗੁਰੂ ਦੇ ਲੰਗਰ 'ਚ ਲੱਕੜੀ ਅਤੇ ਪਾਣੀ ਦੀ ਸੇਵਾ ਵੀ ਕਰਦੇ। ਕਈ ਲੋਕ ਸੇਵਾ ਵਿਚ ਲੱਗਿਆਂ ਦਾ ਮਖੌਲ ਵੀ ਉਡਾਉਂਦੇ ਸਨ। ਪਰ ਉਹ ਹਮੇਸ਼ਾ ਗੁਰੂ ਦੇ ਸਤਿਕਾਰ ਵਿਚ ਰਹੇ। ਗੁਰੂ ਪ੍ਰਤੀ ਉਹਨਾਂ ਦੀ ਸ਼ਰਧਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਗੁਰੂ ਅੰਗਦ ਦੇਵ ਜੀ ਨੇ ਕਿਹਾ ਕਿ ਤੁਸੀਂ ਧੰਨ ਹੋ, ਨਿਥਾਵਿਆਂ ਦੀ ਥਾਂ ਹੋ, ਨਿਆਸਰਿਆਂ ਦਾ ਆਸਰਾ ਹੋ ਆਦਿ ਨਾਵਾਂ ਨਾਲ ਸਨਮਾਨਿਤ ਕੀਤਾ। ਉਹਨਾਂ ਨੂੰ ਆਪਣਾ ਉਤਰਾਧਿਕਾਰੀ ਮਾਰਚ 1552 ਵਿਚ ਥਾਪ ਕੇ ਗੁਰਗੱਦੀ ਸੌਂਪ ਦਿੱਤੀ। ਜਦੋਂ ਆਪ ਜੀ ਦੀ ਉਮਰ ਸੱਤ ਦਹਾਕੇ ਪਾਰ ਕਰ ਚੁੱਕੀ ਸੀ। ਗੁਰੂ ਅੰਗਦ ਦੇਵ ਜੀ ਦੇ ਆਦੇਸ਼ ਅਨੁਸਾਰ, ਉਹਨਾਂ ਨੇ ਆਪਣਾ ਟਿਕਾਣਾ ਗੋਇੰਦ-ਵਾਲ ਸਾਹਿਬ ਬਣਾ ਲਿਆ। ਆਪਣੇ 22 ਸਾਲ ਦੇ ਗੁਰੂ ਕਾਲ ਵਿਚ ਅਧਿਆਤਮਕ ਉਪਦੇਸ਼ ਦੇ ਨਾਲ-ਨਾਲ ਸਮਾਜ ਸੁਧਾਰ ਦੇ ਕੰਮ ਵੀ ਕੀਤੇ। ਪਹਿਲੇ ਗੁਰੂਆਂ ਵਾਂਗ ਉਹਨਾਂ ਨੇ ਉਦਾਸੀ ਸਾ-ਧੂਆਂ ਤੋਂ ਮੂੰਹ ਮੋੜ ਲਿਆ। ਸਿੰਘ ਗੁਰੂ ਸੰਸਾਰ ਨੂੰ ਸੱਚਾ ਤੇ ਅਰਥ ਭਰਪੂਰ ਮੰਨਦੇ ਸਨ। ਜਦਕਿ ਲੋਕ ਝੂਠੇ ਰੀਤੀ-ਰਿਵਾਜ਼ਾਂ ਅਤੇ ਕਰਮਕਾਂਡਾਂ ਵਿਚ ਫਸੇ ਸਨ। ਗੁਰੂ ਜੀ ਨੇ ਮਨੁੱਖਤਾ ਵਿਚੋਂ ਹਰ ਪ੍ਰਕਾਰ ਦੀ ਧਰਮ ਵੰਡ, ਵਰਣ ਵੰਡ, ਜਾਤ-ਪਾਤ, ਊਚ-ਨੀਚ ਨੂੰ ਖਤਮ ਕਰਦਿਆਂ ਸੰਗਤ ਨੂੰ ਸੰਸਥਾਈ ਰੂਪ ਦਿੱਤਾ। ਉਹਨਾਂ ਉਪਦੇਸ਼ ਦਿੱਤਾ ਕਿ ਉੱਚੀ ਜਾਤ, ਉੱਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ-ਪਾਤ ਦੇ ਭੇਦਭਾਵ ਨੂੰ ਮਿਟਾਉਣ ਲਈ ਗੁਰੂ ਨਾਨਕ ਦੇਵ ਜੀ ਨੇ ਲੰਗਰ ਪ੍ਰਥਾ ਸ਼ੁਰੂ ਕੀਤੀ। ਲੰਗਰ ਵਿਚ ਸਾਰੀਆਂ ਜਾਤਾਂ ਦੇ ਲੋਕ ਇਕੱਠੇ ਹੋ ਕੇ ਪੰਗਤ ਵਿਚ ਬੈਠ ਕੇ ਸਾਂਝਾ ਲੰਗਰ ਛਕਦੇ। ਗੁਰੂ ਅਮਰਦਾਸ ਜੀ ਨੇ ਪੰਗਤ ਵਿਚ ਬੈਠ ਕ ਲੰਗਰ ਛਕਣਾ ਲਾਜ਼ਮੀ ਕਰ ਦਿੱਤਾ। ਇੱਥੋਂ ਤੱਕ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਤੇ ਗੁਰੂ ਜੀ ਦੇ ਦਰਸ਼ਨ ਕੀਤੇ। ਬਾਦਸ਼ਾਹ ਗੁਰੂ ਜੀ ਦੇ ਅਜਿਹੇ ਪ੍ਰਬੰਧ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ ਕਿ ਉਸਦੇ ਗੁਰੂ ਜੀ ਨਾਲ ਚੰਗੇ ਸਬੰਧ ਬਣ ਗਏ। ਗੁਰੂ ਜੀ ਨੇ ਗੈਰ ਮੁਸਲਿਮਾਂ ਨੂੰ ਤੀਰਥ ਅਸਥਾਨ ਦੇ ਮਹਿਸੂਲ ਤੋਂ ਮੁਕਤ ਕਰਵਾ ਲਿਆ। ਉਹਨਾਂ ਨੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਵਿਆਹ ਕਰਨ 'ਤੇ ਜ਼ੋਰ ਦਿੱਤਾ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਅਮਰਦਾਸ ਜੀ ਨੇ ਬੜੇ ਸਾਰਥਕ ਅਤੇ ਯੋਜਨਾਬੱਧ ਤਰੀਕੇ ਨਾਲ ਸਿੰਘ ਧਰਮ ਪ੍ਰਚਾਰਿਆ, ਉਹਨਾਂ ਨੇ ਆਪਣੇ ਪ੍ਰਚਾਰਕ ਦੌਰੇ ਕੀਤੇ। ਦੂਰ-ਦੂਰ ਤੱਕ ਦੇ ਖੇਤਰਾਂ ਵਿਚ ਪ੍ਰਚਾਰਕ ਭੇਜੇ। ਉਹਨਾਂ ਨੇ 22 ਪ੍ਰਚਾਰ ਕੇਂਦਰ ਸਥਾਪਤ ਕੀਤੇ। ਹਰ ਕੇਂਦਰ ਤੇ ਸਥਾਨਕ, ਉੱਚੇ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕਾਂ ਨੂੰ ਮੁਖੀ ਬਣ-ਾਇਆ। ਜੋ ਸਮਾਜ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਨੂੰ ਪੂਰਾ ਕਰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਸੰਗਤਾਂ ਨੂੰ ਗੁਰੂ ਦਾ ਹੁਕਮ ਸੁਣਾਉਂਦੇ। ਗੁਰੂ ਜੀ ਤੱਕ ਚੜ੍ਹਾਵਾ ਪਹੁੰਚਾਉਂਦੇ ਸਨ ਜੋ ਸਮਾਜ ਭਲਾਈ ਲਈ ਅਤੇ ਧਾਰਮਿਕ ਕਾਰਜਾਂ ਲਈ ਵਰਤਿਆ ਜਾਂਦਾ। ਗੁਰੂ ਜੀ ਨੇ ਇਕ ਅਲਿਆਰ ਨਾਂ ਦੇ ਮੁਸਲਮਾਨ ਨੂੰ ਵੀ ਪ੍ਰਚਾਰਕ ਥਾਪਿਆ। ਭਾਈ ਗੁਰਦਾਸ ਜੀ ਜੋ ਧਾਰਮਿਕ ਸ਼ਾਸਤਰੀ ਮੰਨੇ ਜਾਂਦੇ ਸਨ, ਨੂੰ ਆਗਰਾ ਵਿਖੇ ਪ੍ਰਚਾਰਕ ਥਾਪਿਆ।

ਸਮਾਜਿਕ ਬੁਰਾਈਆਂ ਨੂੰ ਦੂਰ ਕਰਦੇ ਹੋਏ ਉਹਨਾਂ ਨੇ ਸਤੀ ਦੀ ਰਸਮ ਤੋਂ ਵਰਜਿਆ। ਉਹਨਾਂ ਕਿਹਾ ਕਿ ਸਤੀ ਉਹ ਨਹੀਂ ਜੋ ਪਤੀ ਦੀ ਮੌਤ ਤੋਂ ਬਾਅਦ ਪ੍ਰਾਣ ਤਿਆਗ ਦੇਵੇ, ਸਗੋਂ ਪਤੀ ਤੋਂ ਬਾਅਦ ਆਪਣਾ ਚਾਲ-ਚਲਣ ਉੱਚਾ ਰੱਖਣ ਅਤੇ ਨਾਮ ਜਪਣ ਤਕ ਹੀ ਸਤੀ ਕਹਾਉਣਗੀਆਂ। ਇਸ ਤਰ੍ਹਾਂ ਇਸਤਰੀ ਨੂੰ ਇਸ ਬੰਧਨ ਤੋਂ ਮੁਕਤ ਕਰਕੇ ਮਾਣ ਦਿੱਤਾ। ਉਹਨਾਂ ਨੇ ਮੁੜ ਵਿਆਹ ਦੀ ਪ੍ਰਥਾ ਦਾ ਉਪਦੇਸ਼ ਦਿੱਤਾ। ਉਹਨਾਂ ਨੇ ਇਸਤਰੀਆਂ ਨੂੰ ਮੂੰਹ ਢਕ ਕੇ ਘੁੰਡ ਵਿਚ ਰਹਿਣ ਦੇ ਰਿਵਾਜ ਨੂੰ ਖਤਮ ਕਰਕੇ ਇਸਤਰੀਆਂ ਨੂੰ ਪ੍ਰਬੰਧ ਸੇਵਾ ਵਿਚ ਲਾਇਆ, ਜਿਵੇਂ ਲੰਗਰਾਂ ਦੀ ਸੇਵਾ ਅਤੇ ਪ੍ਰਚਾਰ ਸੇਵਾ। ਉਹਨਾਂ ਨੇ ਇਸਤਰੀਆਂ ਨੂੰ ਵੀ ਪ੍ਰਚਾਰਕ ਨਿਯੁਕਤ ਕੀਤਾ। ਇਸ ਤਰ੍ਹਾਂ ਪਰਦੇ ਦੀ ਰਸਮ ਦੀ ਬੁਰਾਈ ਨੂੰ ਦੂਰ ਕੀਤਾ।

ਗੁਰੂ ਜੀ ਨੇ ਗੋਇੰਦਵਾਲ ਵਿਖੇ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ। ਜੋ ਸਿੰਘ ਧਰਮ ਦਾ ਇਕ ਵੱਡਾ ਧਰਮ ਅਸਥਾਨ ਜਾਣਿਆ ਜਾਣ ਲੱਗਾ। ਉਹਨਾਂ ਨੇ ਜਨਮ ਮਰਨ ਦੇ ਸਮੇਂ ਦੀਆਂ ਫਾਲਤੂ ਰਹੁ-ਰੀਤਾਂ ਨੂੰ ਖਤਮ ਕਰਕੇ ਰੱਬ ਦੇ ਭਾਣੇ ਵਿਚ ਰਹਿਣ ਦੀ ਮਰਿਆਦਾ ਚਲਾਈ। ਗੁਰੂ ਜੀ ਨੇ ਮਨੁੱਖਤਾ ਨੂੰ ਹਉਮੈ ਤਿਆਗ ਕੇ ਬੇਗਰਜ਼ ਸੇਵਾ 'ਤੇ ਜ਼ੋਰ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਜੋ ਸਮਾਜ ਸੁਧਾਰ ਦੀ ਲਹਿਰ ਚਲਾਈ ਸੀ, ਇਸਦੀ ਵਿਚਾਰਧਾਰਾ ਤੇ ਨਿਸ਼ਾਨੇ ਨਿਸਚਿਤ ਕੀਤੇ। ਅੱਗੇ ਨਿਰੰਤਰ ਗੁਰੂਆਂ ਨੇ ਇਸ ਨੂੰ ਜਥੇਬੰਦ ਕੀਤਾ, ਵਧਾਇਆ, ਪ੍ਰਚਾਰਿਆ ਤੇ ਥਿੜਕਣ ਤੋਂ ਬਚਾਇਆ। ਉਹਨਾਂ ਹਦਾਇਤਾਂ 'ਤੇ ਚਲਦੇ ਹੋਏ ਗੁਰੂ ਜੀ ਨੇ ਸਮਾਜ ਨੂੰ ਗੁਰੂ ਸ਼ਬਦ ਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਗੁਰੂਆਂ ਵੱਲੋਂ ਇਕੱਤਰ ਕੀਤੀ ਜਾ ਰਹੀ ਬਾਣੀ ਦੇ ਸੰਗ੍ਰਹਿ ਵਿਚ ਹੋਰ ਵਾਧਾ ਕਰਦੇ ਹੋਏ ਆਪਣਾ ਯੋਗਦਾਨ ਵੀ ਪਾਇਆ। ਜਿਸਦੇ ਤਹਿਤ 907 ਸ਼ਬਦ 19 ਰਾਗਾਂ ਵਿਚ ਦਰਜ ਕੀਤੇ। ਗੁਰੂ ਅਮਰਦਾਸ ਜੀ ਨੇ ਸਤੰਬਰ 1574 ਨੂੰ ਗੁਰੂ ਰਾਮਦਾਸ ਜੀ ਨੂੰ ਗੁਰਗੱਦੀ ਸੌਂਪੀ ਅਤੇ 95 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾ ਗਏ।

## ਪੁਸਤਕ ਸਮੀਖਿਆ

**ਮੇਰੀਆਂ ਸ਼੍ਰੇਸ਼ਟ ਬਾਲ ਕਹਾਣੀਆਂ**
**ਰੀਵਿਊਕਾਰ: ਬਲਜਿੰਦਰ ਮਾਨ**
**98150-18947**
**ਕਹਾਣੀਕਾਰ: ਬਹਾਦਰ ਸਿੰਘ ਗੋਸਲਾ (ਪ੍ਰਿੰ.)**
**ਪ੍ਰਕਾਸ਼ਕ: ਤਿਰਲੋਚਨ ਪਬਲਿਸ਼ਰਜ਼ ਚੰਡੀਗੜ੍ਹ ਪੰਨੇ: 48, ਮੁੱਲ: 100**

ਸਾਹਿਤ ਜਗਤ ਵਿਚ ਪ੍ਰਿੰ. ਬਹਾਦਰ ਸਿੰਘ ਗੋਸਲ ਦਾ ਯੋਗਦਾਨ ਨਿੱਘਾ ਅਤੇ ਉੱਘਾ ਹੈ। ਉਹ ਅਜ ਤਕ ਬਾਲ ਸਾਹਿਤ ਦੇ ਖੇਤਰ ਵਿਚ 60 ਪੁਸਤਕਾਂ ਦਾ ਯੋਗਦਾਨ ਪਾ ਚੁੱਕੇ ਹਨ। ਇਹ ਸਭ ਪੁਸਤਕਾਂ ਬਾਲ ਮਨਾਂ ਅੰਦਰ ਗਹਿਰੀ ਛਾਪ ਲਾਉਂਦੀਆਂ ਹਨ। ਦੋ ਦਰਜਨ ਦੇ ਕਰੀਬ ਹੋਰ ਵਾਰਤਕ ਪੁਸਤਕਾਂ ਦੀ ਸਿਰਜਣਾ ਨਾਲ ਮਾਂ ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਕਾਰਜਸ਼ੀਲ ਹਨ। ਉਹਨਾਂ ਕੋਲ ਜੀਵਨ ਦੇ ਗਹਿਰੇ ਤਜਰਬੇ ਹਨ ਜਿਨ੍ਹਾਂ ਨੂੰ ਰੌਚਕ ਸ਼ੈਲੀ ਵਿਚ ਬੱਚਿਆਂ ਅੱਗੇ ਪਰੋਸਦੇ ਰਹਿੰਦੇ ਹਨ। ਉਹਨਾਂ ਦਾ ਇਤਿਹਾਸ ਅਤੇ ਪੰਜਾਬੀ ਸੱਭਿਆਚਾਰ ਤੇ ਖੋਜ ਕਾਰਜ ਵੀ ਕਮਾਲ ਦਾ ਹੈ। ਨਵੀਂ ਪਨੀਰੀ ਨੂੰ ਵਿਰਾਸਤੀ ਵਸਤਾਂ ਅਤੇ ਆਪਣੀ ਅਮੀਰ ਵਿਰਾਸਤ ਬਾਰੇ ਵਡਮੁੱਲੀ ਜਾਣਕਾਰੀ ਪ੍ਰਦਾਨ ਕਰਦੇ ਹਨ। ਸਾਹਿਤ ਦੇ ਵਿਸ਼ਾਲ ਸੰਸਾਰ ਵਿਚ ਉਹ ਆਏ ਦਿਨ ਨਵੀਂਆਂ ਤੇ ਨਿਵੇਕਲੀਆਂ ਕਿਰਤਾਂ ਨਾਲ ਮਾਣ ਸਨਮਾਨ ਖੱਟਦੇ ਰਹਿੰਦੇ ਹਨ। ਹੱਥਲੀ ਪੁਸਤਕ 'ਮੇਰੀਆਂ ਸ੍ਰੇਸ਼ਟ ਬਾਲ ਕਹਾਣੀਆਂ' ਦਾ ਪਾਠ ਕਰੀਏ ਤਾਂ ਉਹਨਾਂ ਦੀਆਂ ਉੱਤਮ ਦਰਜੇ ਦੀਆਂ ਬਾਲ ਕਹਾਣੀਆਂ ਦਾ ਆਨੰਦ ਮਿਲਦਾ ਹੈ। ਪੁਸਤਕ ਵਿਚ ਦਰਜ ਚੌਦਾਂ ਕਹਾਣੀਆਂ ਸਾਨੂੰ ਬਾਲ ਜੀਵਨ ਦੇ ਵੰਨ-ਸੁਵੰਨੇ ਪਹਿਲੂਆਂ ਨੂੰ ਉਜਾਗਰ ਕਰਦੀਆਂ ਹਨ। ਪਹਿਲੀ ਕਹਾਣੀ ਚੰਦਾ ਮਾਮਾ ਅਤੇ ਰੋਟੀ ਰਾਹੀਂ ਦੇਸ਼ ਦੀ ਵਧ ਰਹੀ ਜਨਸੰਖਿਆ ਤੇ ਚਿੰਤਾ ਪ੍ਰਗਟ ਕੀਤੀ ਗਈ ਹੈ। ਇਕ ਭੁੱਖਾ ਬੱਚਾ ਚੰਦ ਨੂੰ ਰੋਟੀ ਸਮਝਦਾ ਹੈ। ਬਿੱਲੀ ਦੇ ਗਲ਼ ਟੱਲੀ ਵੀ ਕਹਾਣੀਕਾਰ ਨੇ ਉਦੋਂ ਬੰਨ ਦਿਖਾਈ ਜਦੋਂ ਚੂਹਿਆਂ ਦਾ ਸਾਥੀ ਨਸ਼ੇ ਵਿਚ ਬਿੱਲੀ ਨੂੰ ਬੇਹੋਸ਼ ਕਰ ਅਜਿਹਾ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ। ਇਹ ਕਹਾਣੀ ਨਸ਼ਿਆਂ ਦੇ ਭੈੜੇ ਨਤੀਜਿਆਂ ਬਾਰੇ ਸੁਚੇਤ ਕਰਦੀ ਹੈ। ਝੂਠਾ ਗਿੱਦੜ ਮਾਮਾ ਬੜੀ ਰੌਚਕ ਕਹਾਣੀ ਹੈ। ਜਿਸ ਵਿਚ ਗੱਪੀ ਗਿੱਦੜ ਦੀ ਅਸਲੀਅਤ ਸਾਹਮਣੇ ਆਜਾਂਦੀ ਹੈ। ਸ਼ੇਖੀਆਂ ਮਾਰਨ ਤੋਂ ਵਰਜਦੀ ਇਹ ਕਹਾਣੀ ਆਪਣੇ ਦਾਇਰੇ ਵਿਚ ਰਹਿਣ ਦਾ ਸਬਕ ਸਿਖਾਉਂਦੀ ਹੈ। ਦੁੱਧ ਪਰੀ ਦੀ ਸਿੱਖਿਆ ਵਿਚ ਪਰੀ ਨੇ ਪੌਸ਼ਟਿਕ ਅਹਾਰ ਦੀ ਨਸੀਹਤ ਦਿੱਤੀ ਹੈ। ਮਗਰਮੱਛ ਅਤੇ ਬਾਂਦਰ ਦੀ ਪਰਾਣੀ ਕਥਾ ਨੂੰ ਦਿਲ ਮੇਰਾ ਨਾਨਕੇ ਪਿਆ ਕਹਾਣੀ ਵਿਚ ਨਵੇਂ ਰੰਗ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਕਰੋਨਾ ਕਾਲ ਦੇ ਦੁੱਖ ਦਰਦ ਨੂੰ ਇਕ ਬੇਕਾਰ ਬਾਪੂ ਦੁਆਰਾ ਇਕ ਸੀ ਕੋਕੋ ਰਾਹੀਂ ਪੇਸ਼ ਕੀਤਾ ਹੈ। ਗਿੱਦੜ ਦੀ ਚੰਡੀਗੜ੍ਹ ਫੇਰੀ ਜੀਵਨ ਵਿਚ ਆਈ ਤਬਦੀਲੀ ਬਾਰੇ ਦਰਸਾਉਂਦੀ ਹੈ। ਹਰ ਚੀਜ਼ ਹੀ ਮਿਲਾਵਟੀ ਬਣ ਗਈ ਹੈ। ਇਸ ਵਿਚ ਥਾਂ ਥਾਂ ਖੁੱਲੇ ਸ਼ਰਾਬ ਦੇ ਠੇਕਿਆਂ ਨੂੰ ਭੰਡਿਆ ਗਿਆ ਹੈ। ਇਸੇ ਤਰ੍ਹਾਂ ਹੋਰ ਕਹਾਣੀਆਂ ਵੀ ਨਵੇਂ ਅਤੇ ਨਰੋਏ ਵਿਸ਼ਿਆਂ ਨੂੰ ਬੜੀ ਦਿਲਚਸਪ ਸ਼ੈਲੀ ਵਿਚ ਪੇਸ਼ ਕਰਦੀਆਂ ਹਨ। ਜਾਨਵਰ ਅਤੇ ਪੰਛੀ ਪਾਤਰ ਸਾਨੂੰ ਚੰਗੇ ਇਨਸਾਨ ਬਣਨ ਦਾ ਰਾਹ ਦਿਖਾਉਂਦੇ ਹਨ। ਚੰਗੀ ਸੰਗਤ ਅਤੇ ਸੱਚ ਤੇ ਪਹਿਰਾ ਦੇਣ ਦੀ ਸਲਾਹ ਦਿੰਦੇ ਹਨ।

ਲੜਾਈਆਂ ਝਗੜਿਆਂ ਨਾਲ ਕਦੀ ਕੋਈ ਮਸਲਾ ਹੱਲ ਨਹੀਂ ਹੋਇਆ। ਮਿੱਠੀ ਬੋਲ ਬਾਣੀ ਨਾਲ ਹਰ ਕਿਸੇ ਨੂੰ ਆਪਣਾ ਬਣਾਇਆ ਜਾ ਸਕਦਾ ਹੈ। ਕੁੱਲ ਮਿਲਾਕੇ ਇਸ ਕਹਾਣੀ ਸੰਗ੍ਰਹਿ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਇਹਨਾਂ ਕਹਾਣੀਆਂ ਵਿਚ ਇਤਿਹਾਸ, ਵਰਤਮਾਨ ਅਤੇ ਭਵਿੱਖ ਦੀਆਂ ਉੱਤਮ ਯੋਜਨਾਵਾਂ ਦੇ ਝਲਕਾਰੇ ਦਿਖਾਈ ਦਿੰਦੇ ਹਨ। ਕਹਾਣੀ ਲੋਕਾਈ ਦੀ ਭਲਾਈ ਵਿਚ ਜਦੋਂ ਮੰਤਰੀ ਪਾਸੋਂ ਸਭ ਕੁੱਝ ਮੁਫਤ ਮੰਗਿਆਂ ਜਾਣ ਲੱਗਾ ਤਾਂ ਉਸਨੂੰ ਸਮਝ ਆਈ ਕਿ ਲੋੜ ਤਾਂ ਰੋਜ਼ਗਾਰ ਦੀ ਹੈ। ਇਸ ਤਰ੍ਹਾਂ ਇਹ ਬਾਲ ਕਹਾਣੀਆਂ ਸਾਡੀ ਮਾਨਸਿਕਤਾ ਵਿਚ ਵਸੀਆਂ ਕੁਰੀਤੀਆਂ ਨੂੰ ਕਸ਼ੀਦ ਦੀ ਹੋਈ ਪਵਿਤਰ ਅਤੇ ਸਵੱਛ ਬਣਾਉਂਦੀ ਹੈ। ਇਸ ਸਭ ਕਹਾਣੀਆਂ ਸੱਚੀਂ ਮੁੱਚੀਂ ਪ੍ਰਿੰ. ਬਹਾਦਰ ਸਿੰਘ ਗੋਸਲ ਦੀਆਂ ਸਰੇਸ਼ਠ ਕਹਾਣੀਆਂ ਹਨ। ਇਹ ਪੁਸਤਕ ਹਰ ਸਕੂਲ ਦੀ ਲਾਇਬ੍ਰੇਰੀ ਵਿਚ ਪੁੱਜਣੀ ਚਾਹੀਦੀ ਹੈ। ਇਸ ਪੁਸਤਕ ਨਾਲ ਪੰਜਾਬੀ ਬਾਲ ਸਾਹਿਤ ਦੇ ਖੇਤਰ ਵਿਚ ਗਿਣਾਤਮਕ ਦੇ ਨਾਲ ਨਾਲ ਗੁਣਾਤਮਿਕ ਵਾਧਾ ਵੀ ਹੁੰਦਾ ਹੈ।




## ਵਿਅੰਗ ਪੰਗਾ ਪੈਣਾ ਪੰਜੇ ਨੂੰ !

'ਐਨ.ਡੀ.ਏ' ਤੇ 'ਇੰਡੀਆ' ਧੜੇ ਦੋਏ
ਕਹਿੰਦੇ ਜੀਤ ਕੇ ਦਿੱਲੀ ਹਮ ਵੜੇ ਗਾ ਜੀ।

ਕਈ ਨੇ ਦਲ ਸਟੇਟਾਂ ਵਿੱਚ 'ਜੋਰ' ਵਾਲ਼ੇ
ਕੌਣ ਦੇਖੀਏ ਕਿਹਦਾ ਲੜ ਫੜੇ ਗਾ ਜੀ।

ਇਹ ਮੱਦਦ ਹੀ ਸਮਝ ਲਉ ਭਾਜਪਾ ਦੀ
ਹਾਥੀ 'ਕੱਲਾ ਹੀ ਰੜੇ ਜਾ ਖੜ੍ਹੇ ਗਾ ਜੀ।

ਔਖਾ ਹੋ ਗਿਆ ਕਮਲ ਲਈ ਜਾਪਦਾ ਏ
ਕਿਵੇਂ ਸੱਤਾ ਦੀ ਕੁਰਸੀ 'ਤੇ ਚੜ੍ਹੇ ਗਾ ਜੀ।

ਪਈ ਐ 'ਤੱਕੜੀ' ਵੱਸ 'ਦੁਰਕਾਰਿਆਂ' ਦੇ
'ਮਾਲਕ' ਏਸਦਾ ਸੋਚਾਂ ਵਿੱਚ ਪੜੇ ਗਾ ਜੀ।

ਪੈਣਾ 'ਪੰਜੇ' ਨੂੰ ਪੰਗਾ ਦੋ'ਹ ਸੂਬਿਆਂ ਵਿੱਚ
'ਝਾੜੂ' ਨਾ਼ਲ ਉਹ ਕਿਸ ਤਰਾਂ ਲੜੇ ਗਾ ਜੀ !

**– ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268



## ਮਿੰਨੀ ਕਹਾਣੀ ਅੱਤਿਵਾਦੀ



ਮੰਗਤ ਕੁਲਜਿੰਦ
+91 94177-53892

ਸ਼ਵਿੰਦਰ ਅੱਜ ਪੂਰੇ ਸੰਸ਼ੋਪੰਜ 'ਚ ਸੀ ਕਿ ਉਹ ਸੋਨਿਕਾ ਦੀ ਗੱਲ ਨੂੰ ਗੰਭੀਰਤਾ ਨਾਲ ਲਵੇ ਜਾਂ ਨਾ?ਅਜਿਹੀ ਸਥਿਤੀ ਤਾਂ ਪੰਜਾਬ ਵਿਚਲੇ ਕਾਲੇ ਦੌਰ ਦੇ ਦਿਨਾਂ 'ਚ ਵੀ ਨਹੀਂ ਸੀ ਬਣੀ। ਇਹ ਉਹੀ ਜਲੌਰ ਸਿੰਘ ਹੈ ਜੀਹਦੇ ਦਾਦੇ ਪੜਦਾਦਿਆਂ ਦੇ ਵੇਲੇ ਤੋਂ ਸਾਡੇ ਪਰਿਵਾਰ ਨਾਲ ਨਹੁੰ-ਮਾਸ ਦਾ ਰਿਸ਼ਤਾ ਰਿਹਾ ਹੈ, ਦੁੱਖ ਸੁੱਖ ਸਾਂਝਾ ਰਿਹਾ ਹੈ। ਇਕ ਦੂਜੇ ਲਈ ਜਾਨਾਂ ਵਾਰਣ ਨੂੰ ਤਿਆਰ ਰਹੇ ਹਾਂ। ਪੰਜਾਬ 'ਚ ਅੱਤਿਵਾਦ ਦੇ ਸਿਖਰ ਵੇਲੇ ਜਦ ਸ਼ਵਿੰਦਰ ਨੇ ਪੰਜਾਬ ਛੱਡਣ ਦਾ ਮਨ ਬਣਾ ਲਿਆ ਸੀ ਤਾਂ ਜਲੌਰ ਸਿੰਘ ਨੇ ਸਪੱਸ਼ਟ ਕਿਹਾ ਸੀ,"ਭੁੱਲ ਜਾ, ਪਿੰਡ ਛੱਡ ਕੇ ਜਾਣ ਦਾ, ਕਿਸੇ ਵੀ ਅੱਤਿਵਾਦੀ ਨੂੰ ਤੇਰੇ ਕੋਲ ਪਹੁੰਚਣ ਲਈ ਸਾਡੀਆਂ ਹਿੱਕਾਂ ਉਪਰੋਂ ਗੁਜਰਣਾ ਪਵੇਗਾ।" 'ਤੇ ਸ਼ਵਿੰਦਰ ਦਾ ਵਿਸ਼ਵਾਸ਼ ਉਦੋਂ ਪੱਥਰ 'ਤੇ ਲਕੀਰ ਬਣ ਗਿਆ ਸੀ। ਪਰ ਅੱਜ; ਆਹ ਕੀ..? ਸੁਭਾ ਸੋਨਿਕਾ ਨੇ ਕਿਹਾ ਸੀ, "ਮਖਿਆ ਜੀ ਤੁਸੀਂ ਭਾਈ ਸਾਹਿਬ 'ਤੇ ਉਹਨਾਂ ਦੇ ਪਰਿਵਾਰ ਨਾਲ ਬਾਹਰ ਪਹਾੜਾਂ ਦੀ ਸੈਰ ਕਰਣ ਜਾਣ ਦਾ ਪ੍ਰੋਗਰਾਮ ਬਣਾ ਰਹੇ ਹੋ,ਵੇਖਿਆ ਨ੍ਹੀਂ ਅੱਜ ਕੱਲ ਭੈਣ ਜੀ ਦਾ ਅਤੇ ਬੱਚਿਆਂ ਦਾ ਪਹਿਲਾਂ ਵਾਲਾ ਰੁਖ ਨਹੀਂ ਰਿਹਾ। ਆਪਣੀ ਹਰ ਇਕ ਗੱਲ ਨੂੰ ਕੱਟਦੇ ਸਾਥੋਂ ਉੱਚੇ ਹੋਣ ਦਾ ਦਿਖਾਵਾ ਕਰਦੇ ਨੇ।ਹੋਰ ਤਾਂ ਹੋਰ ਕੱਲ ਸਵੀਟੀ ਬੇਟੀ ਬੋਲ ਰਹੀ ਸੀ,ਮੰਮਾ ਮੰਮਾ ਆਹ ਵੇਖੋ ਨਾ ਕਿਵੇਂ ਘੋਨ ਮੋਨੇ ਬਾਣੀਏ ਜੇ ਪੱਗਾਂ ਵਾਲਿਆਂ ਨੂੰ ਮਾਰੀ ਜਾਂਦੇ ਨੇ,'ਤੇ ਮੋਬਾਈਲ 'ਤੇ ਉਹੀ ਵੀਡੀਓ ਵੇਖ ਕੇ ਭੈਣ ਜੀ ਨੇ ਗੁੱਸੇ 'ਤੇ ਨਫਰਤ ਨਾਲ ਨੱਕ ਬੁੱਲ ਚੜਾਇਆ ਸੀ।"

"ਇਹ ਤਾਂ ਵੀਡੀਓ ਵਿਚਲੇ ਬਦਮਾਸ਼ਾਂ ਲਈ ਸੀ ਆਪਣੇ ਵਾਸਤੇ ਥੋਹੜਾ ਸੀ?"

"ਇਹੀ ਤਾਂ ਥੋਨੂੰ ਦਿਸਿਆ ਨਈਂ, ਉਹਨੇ ਵੀਡੀਓ ਵੇਹਦਿਆਂ ਆਪਣੇ ਵੱਲ ਚੋਰ ਨਜ਼ਰ ਨਾਲ ਵੇਖ ਨਫਰਤ ਦਾ ਬਾਣ ਛੱਡਿਆ ਸੀ।"

"ਮੈਂ ਨ੍ਹੀਂ ਮੰਨ ਸਕਦਾ ਇਹ।"

"ਨਾ ਮੰਨੋ, ਅੱਗੇ ਕਿਹੜਾ ਮੇਰੀ ਮੰਨਦੇ ਹੋਂ, ਪਰ ਇਹ ਤਾਂ ਮੰਨਣਾ ਪਊ ਭਾਈ ਸਾਹਿਬ ਦਾ ਪਰਿਵਾਰ ਹੁਣ ਪਹਿਲਾਂ ਵਾਲਾ ਨਹੀਂ ਰਿਹਾ।ਨਾਲੇ ਦੇਖਿਆ ਕਰੋ ਸੋਸ਼ਲ ਮੀਡੀਏ 'ਤੇ ਪਾਈਆਂ ਫਿਲਮਾਂ ਜਿੱਥੇ ਸਿੱਖ ਲੋਕ ਹਿੰਦੂ ਦੇਵੀ-ਦੇਵਤਿਆਂ ਬਾਰੇ ਊਲ ਜਲੂਲ ਬਕਦਿਆਂ ਅਸ਼ਲੀਲ ਕੁਮੈਂਟ ਕੱਸਦੇ ਰਹਿੰਦੇ ਹਨ।"

"ਹੁੰਦੇ ਹੋਣਗੇ ਕੁਝ ਸਿਰਫਿਰੇ! ਸਾਰੀਆਂ ਜਾਤਾਂ 'ਚ ਹੀ ਹੁੰਦੇ ਨੇ, ਇਹਦਾ ਮਤਲਬ ਇਹ ਤਾਂ ਨਹੀਂ ਬਈ ਸਾਰੇ ਹੀ ਸਿੱਖ ਜਾਂ ਹਿੰਦੂ ਮਾੜੇ ਨੇ।" ਸ਼ਵਿੰਦਰ ਕਹਿ ਤਾਂ ਬੈਠਾ ਪਰ ਰੋਜ਼ ਦਿਹਾੜੀ ਇਕ ਦੂਜੀ ਕੌਮ-ਜਾਤ ਦੇ ਵਿਰੁੱਧ ਉਗਲੇ ਜਾਂਦੇ ਜ਼ਹਿਰ ਦੀ ਘੁੱਟ ਉਹਨੂੰ ਵੀ ਭਰਨੀ ਪੈਂਦੀ ਸੀ।ਮਨ 'ਚ ਕਿਤੇ ਨਾ ਕਿਤੇ ਡਰ ਵੀ ਪੈਦਾ ਹੋ ਚੱਲਿਆ ਸੀ ਬਈ ਕੋਈ ਪਤਾ ਨਹੀਂ ਕਦੋਂ ਕੋਈ ਜਨੂੰਨੀ ਸਿੱਖ ਨੁਕਸਾਨ ਹੀ ਪਹੁੰਚਾ ਦੇਵੇ? ਕੀ ਜਲੌਰ ਸਿੰਘ 'ਤੇ ਉਹਦੇ ਪਰਿਵਾਰ ਨਾਲੋਂ ਨਾਤਾ ਤੋੜ ਲਿਆ ਜਾਵੇ?

ਨਾ ਨਾ ਅਜਿਹਾ ਸੋਚਣਾ ਹੀ ਗੁਨਾਹ ਹੈ। ਮਨ ਵਿੱਚ ਆਏ ਨਾਕਾਰਾਤਮਕ ਵਿਚਾਰ ਨੂੰ ਝੱਟ ਉਹਨੇ ਝਟਕ ਦਿੱਤਾ।ਉਚੀ ਆਵਾਜ਼ ਵਿੱਚ ਬੋਲਦਿਆਂ ਪਰਿਵਾਰ ਨੂੰ ਮੁਖਾਤਿਬ ਹੋਇਆ,"ਬਈ ਖਿੱਚ ਲਉ ਤਿਆਰੀਆਂ,ਕੱਲ ਨੂੰ ਚੱਲਾਂਗੇ ਪਹਾੜਾਂ ਦੀ ਸੈਰ ਕਰਨ, ਦੋਨੋਂ ਪਰਿਵਾਰ ਰਲਕੇ।"

"ਨਾ... ਨਾ... ਡੈਡੀ, ਅਸੀਂ ਨਹੀਂ ਜਾਣਾ ਉਹਨਾਂ ਨਾਲ, ਸਵੀਟੀ 'ਤੇ ਬਿੱਕਰ ਵੀਰਾ ਸਮਾਰਟ ਫੋਨ 'ਤੇ ਵੀਡੀਓ ਵੇਹਦਿਆਂ ਆਕੜਦੇ ਰਹਿੰਦੇ ਨੇ, ਸਾਲੇ ਕੜਿਆੜ ਘੋਨੇ ਮੋਨੇ ਲੜਦੇ ਐ ਸਿੱਖਾਂ ਨਾਲ....ਵੱਢਣੇ ਪੈਣਗੇ ਕਦੀ।"

ਸ਼ਵਿੰਦਰ ਨੂੰ ਲੱਗਿਆ, ਯਾਰ ਇਹ ਸੋਸ਼ਲ ਮੀਡੀਆਂ ਤਾਂ ਸ਼ਕਤੀਸ਼ਾਲੀ ਅੱਤਿਵਾਦੀ ਬਣਕੇ ਸਾਰੇ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਜਾ ਰਿਹਾ ਹੈ।

ਗੋਦਾਵਰੀ ਪਰੁਲੇਕਰ

# ਲੋਕ ਸੰਗਰਾਮਣ, ਵਾਰਲੀ ਵਿਦਰੋਹ ਦੀ ਹੀਰੋ ਨੂੰ ਯਾਦ ਕਰਦਿਆਂ



ਰਾਜਿੰਦਰ ਕੌਰ ਚੋਹਕਾ
91-98725-44738
001-403-285-4208

ਭਾਰਤ ਦੀ ਅਜ਼ਾਦੀ ਦੇ ਸੰਗਰਾਮ ਅੰਦਰ ਹਜ਼ਾਰਾਂ ਲੱਖਾਂ ਦੇਸ਼ ਵਾਸੀਆਂ, ਨਰ-ਨਾਰੀ, ਨੌਜਵਾਨਾਂ, ਦੇਸ਼ ਭਗਤਾਂ, ਕਿਰਤੀਆਂ-ਕਿਸਾਨਾਂ ਨੇ ਅਥਾਹ ਕੁਰਬਾਨੀਆਂ ਕੀਤੀਆਂ ਅਤੇ ਮਾਣ ਭਰੀ ਅਜ਼ਾਦੀ ਪ੍ਰਾਪਤ ਕੀਤੀ ਸੀ! ਦੇਸ਼ ਵਾਸੀਆਂ ਦਾ ਇਕੋ-ਇਕ ਨਿਸ਼ਾਨ ਸੀ, ਕਿ ਅਸੀਂ ਅਜ਼ਾਦੀ ਪ੍ਰਾਪਤ ਕਰਕੇ ਬਰਾਬਰਤਾ 'ਤੇ ਨਿਆਂ ਦੇ ਮੌਕਿਆਂ ਰਾਂਹੀ ਗਰੀਬੀ-ਗੁਰਬਤ ਤੋਂ ਛੁਟਕਾਰਾ ਪਾਵਾਂਗੇ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਸਮਾਜ ਦੇ ਹਰ ਵਰਗ ਨੇ ਕੁਰਬਾਨੀਆਂ ਕਰਨ ਤੋਂ ਕੋਈ ਕਸਰ ਨਹੀਂ ਛੱਡੀ ਸੀ। ਬਸਤੀਵਾਦੀ-ਸਾਮਰਾਜੀ ਗੋਰੀ ਸਰਕਾਰ ਦੀਆਂ ਸਖ਼ਤਾਈਆਂ, ਕੁੱਟਮਾਰਾਂ, ਕੈਦਾਂ ਅਤੇ ਫਾਂਸੀਆਂ ਵੀ ਦੇਸ਼ ਭਗਤ ਮਰਜੀਵੜਿਆਂ ਨੂੰ ਝੁਕਾਅ ਨਹੀਂ ਸਕੀਆਂ। ਸ਼ਹੀਦ ਭਗਤ ਸਿੰਘ ਦੇ ਸਾਥੀਆਂ, ਇਨਕਲਾਬੀਆਂ 'ਤੇ ਵੀਰਾਂਗਣਾਂ ਦੀਆਂ ਅਥਾਹ ਕੁਰਬਾਨੀਆਂ ਨਾਲ ਭਾਰਤ ਦੀ ਅਜ਼ਾਦੀ ਦਾ ਇਤਿਹਾਸ ਭਰਿਆ ਪਿਆ ਹੈ। ਹਜ਼ਾਰਾਂ ਭਾਰਤ ਦੀਆਂ ਵੀਰਾਂਗਣਾਂ, ਕਿਰਤੀਆਂ-ਕਿਸਾਨਾਂ, ਮਜ਼ਦੂਰਾਂ ਅਤੇ ਦੇਸ਼ ਭਗਤਾਂ ਨੇ ਇਸ ਅਜ਼ਾਦੀ ਦੀ ਲਹਿਰ ਵਿਚ ਬਣਦਾ ਯੋਗਦਾਨ ਪਾਇਆ 'ਤੇ ਕੈਦਾਂ ਕੱਟੀਆਂ। ਪਰ ! ਉਹਨਾਂ ਦੇਸ਼ ਭਗਤਾਂ ਅਤੇ ਇਨਕਲਾਬੀਆਂ ਨੇ ਫਾਂਸੀ ਦੇ ਤਖਤੇ 'ਤੇ ਲਟਕਣ ਵੇਲੇ ਇਹ ਕਦੇ ਸੋਚਿਆ ਵੀ ਨਹੀ ਸੀ, 'ਕਿ ਇਸ ਦੇਸ਼ ਦੀ ਰਾਜਗੱਦੀ ਦੇ ਵਾਰਸ ਅਤਿ ਦੀ ਫਿਰਕਾਪ੍ਰਸਤ, ਕਾਰਪੋਰੇਟ ਪੱਖੀ ਅਤੇ ਤਾਨਾਸ਼ਾਹ ਪਾਰਟੀ ਆਰ.ਐਸ.ਐਸ. ਦੀ ਅਗਵਾਈ ਵਾਲੀ ਬੀ.ਜੇ.ਪੀ ਰਾਜਸਤਾ 'ਤੇ ਕਾਬਜ਼ ਹੋਵੇਗੀ? ਅਤੇ ਲੋਕਾਂ ਨੂੰ ਇਹ ਵੀ ਆਸ ਨਹੀ ਸੀ ਕਿ ਹਾਕਮ ਦੇਸ਼ ਦੀ ਕੌਮੀ ਸੰਪਤੀ ਨੂੰ ਵੇਚ ਕੇ, ਨਿੱਜੀਕਰਨ ਰਾਂਹੀ ਲੋਕਾਂ ਦੇ ਰੁਜ਼ਗਾਰ ਖੋਹ ਕੇ ਅਤੇ ਪੂੰਜੀਪਤੀਆਂ ਨੂੰ ਲੁਟ ਲਈ ਖੁਲ੍ਹੀਆਂ ਛੁੱਟੀਆਂ ਦੇ ਕੇ, ਦੇਸ਼ ਨੂੰ, ਲੋਕਾਂ ਨੂੰ ਅਤੇ ਕਿਰਤੀ ਜਮਾਤ ਨੂੰ ਤਬਾਹੀ ਵੱਲ ਧੱਕ ਦੇਵੇਗੀ?

ਅਜ਼ਾਦੀ ਦੇ ਸੰਗਰਾਮ ਅੰਦਰ ਅਤੇ ਅਜ਼ਾਦੀ ਦੇ ਬਾਦ ਸਮਾਜਿਕ ਪ੍ਰੀਵਰਤਨ ਲਈ ਸੰਘਰਸ਼ ਕਰਨ ਵਾਲੀ ਮਹਾਨ ਵੀਰਾਂਗਣ ਗੋਦਾਵਰੀ ਪਰੁਲੇਕਰ ਜੋ ਇਕ ਅਜ਼ਾਦੀ ਘੁਲਾਟਣ ਸੀ ਜਿਸ ਨੂੰ ਅੱਜ ਅਸੀਂ ਯਾਦ ਕਰ ਰਹੇ ਹਾਂ, ਜਿਹੜੀ ਸਮਾਜ ਸੇਵਕ ਕਿਸਾਨਾਂ-ਮਜ਼ਦੂਰਾਂ ਦੀ ਮੁਕਤੀ ਲਈ ਸੰਘਰਸ਼ ਕਰਨ ਵਾਲੀ ਅਤੇ ਪ੍ਰਸਿਧ ਲੇਖਿਕਾ 'ਤੇ ਸੀ.ਪੀ.ਆਈ.(ਐਮ) ਦਾ ਲਾਲ ਝੰਡਾ ਚੁੱਕਣ ਵਾਲੀ ਲੋਕਾਂ ਦੀ ਦੀ ਨਿਡਰ ਨਾਇਕ ਸੀ। ਜੋ ਸਾਰੀ ਉਮਰ ਆਪਣੇ ਪਤੀ ਨਾਲ ਮਿਲ ਕੇ ਪਹਿਲਾਂ ਬਰਤਾਨਵੀ ਸਾਮਰਾਜ ਵਿਰੁੱਧ ਦੇਸ਼ ਦੀ ਅਜ਼ਾਦੀ ਲਈ ਅਤੇ ਬਾਦ ਸਰਵਹਾਰੇ ਦੀ ਮੁਕਤੀ ਲਈ ਸਾਰੀ ਉਮਰ ਉਹ ਲੜਦੀ ਰਹੀ। ਇਸ ਮਹਾਨ ਵੀਰਾਂਗਣ ਦਾ ਜਨਮ 14-ਅਗਸਤ 1907 ਨੂੰ ਪੂਨਾ (ਮਹਾਂਰਾਸ਼ਟਰ) ਵਿਖੇ ਇਕ ਖਾਂਦੇ-ਪੀਂਦੇ 'ਤੇ ਸਰਦੇ-ਪੁੱਜਦੇ ਪ੍ਰੀਵਾਰ ਵਿਚ ਹੋਇਆ। ਮੁੱਢਲੀ ਵਿਦਿਆ ਸਥਾਨਕ ਸਕੂਲ 'ਚ ਚੰਗੇ ਨੰਬਰ ਲੈਕੇ ਪ੍ਰਾਪਤ ਕੀਤੀ। ਪਹਿਲਾ ਫਰਗੂਸਨ ਕਾਲਿਜ ਤੋਂ ਡਿਗਰੀ ਅਤੇ ਫਿਰ ਐਲ.ਐਲ.ਬੀ. ਦੀ (ਕਾਨੂੰਨ ਦੀ) ਡਿਗਰੀ ਪ੍ਰਾਪਤ ਕਰਨ ਵਾਲੀ ਉਹ ਮਹਾਂਰਾਸ਼ਟਰ ਦੀ ਪਹਿਲੀ ਇਸਤਰੀ ਸੀ। ਕਾਲਿਜ ਦੀ ਪੜ੍ਹਾਈ ਦੌਰਾਨ ਹੀ ਉਹ ਦੇਸ਼ ਦੀ ਅਜ਼ਾਦੀ ਲਈ ਬਰਤਾਨਵੀ ਸਾਮਰਾਜੀ ਗੋਰੀ ਸਰਕਾਰ ਦੇ ਵਿਰੁੱਧ ਵਿਦਿਆਰਥੀ ਅੰਦੋਲਨ 'ਚ ਸ਼ਾਮਲ ਹੋ ਗਈ ਸੀ। ਇਹ ਉਸ ਦੀ ਜ਼ਿੰਦਗੀ ਦਾ ਕਿਰਤੀ ਲੋਕਾਂ ਦੀ ਸੇਵਾ ਕਰਨ ਲਈ ਪਹਿਲਾ ਰਾਜਨੀਤਕ ਪੜਾਅ ਸੀ। ਇਸ ਤੋਂ ਬਾਦ ਉਸ ਨੇ ਆਪਣੇ ਆਪ ਨੂੰ ਲੋਕਾਂ ਦੀ ਮੁਕਤੀ ਲਈ ਪੂਰੀ ਤਰ੍ਹਾਂ ਅਰਪਨ ਕਰ ਦਿੱਤਾ। ਉਸ ਨੇ ਫਿਰ ਕਈ ਵਿਅਕਤੀਗਤ ਸਤਿਆਗ੍ਰਹਿਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਉਸ ਦਾ ਇਹ ਵਰਤਾਰਾ ਪ੍ਰੀਵਾਰ ਨੂੰ ਚੰਗਾਂ ਨਹੀ ਲੱਗਿਆ ਅਤੇ ਉਸਨੇ ਘਰ ਛੱਡ ਦਿੱਤਾ। ਫਿਰ ਉਹ ਬੰਬਈ (ਮੁਬੰਈ) ਚਲੀ ਗਈ 'ਤੇ ਸਮਾਜ ਸੇਵੀ ਸੰਸਥਾਂ ਵਿਚ ਸ਼ਾਮਲ ਹੋ ਗਈ। ਪਹਿਲੀ ਵਾਰ ਗੋਦਾਵਾਰੀ ਨੂੰ 1932 'ਚ ਗੋਰੀ ਸਰਕਰ ਨੇ ਗ੍ਰਿਫਤਾਰ ਕਰਕੇ ਜੇਲ੍ਹ ਵਿਚ ਡੱਕ ਦਿੱਤਾ।

ਰਿਹਾਈ ਬਾਦ ਉਹ ''ਸਰਵੈਂਟ ਆਫ ਇੰਡੀਆ ਸੋਸਾਇਟੀ'' ਵਿਚ ਸ਼ਾਮਲ ਹੋ ਗਈ। 1937 'ਚ ਉਸ ਨੇ ਗਰੀਬ ਇਸਤਰੀਆਂ ਅਤੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਪਰ ! ਉਹ ਇਕ ਬੌਧਿਕ ਪ੍ਰਤੀਭਾ ਵਾਲੀ ਕੁਝ ਕਰਨ ਵਾਲੀ ਇਸਤਰੀ ਸੀ। ਇਸ ਲਈ ਉਸ ਨੇ 1938-39 ਵਿਚ ਕਿਸਾਨਾਂ ਨੂੰ ਜੱਥੇਬੰਦ ਕਰਨ ਲਈ ਮਹਾਂਰਾਸ਼ਟਰ ਦੇ ਥਾਣੇ ਜ਼ਿਲੇ ਨੂੰ ਆਪਣਾ ਕੇਂਦਰ ਬਣਾ ਲਿਆ। ਇਥੇ ਹੀ ਉਸ ਦੀ ਮੁਲਾਕਾਤ ''ਸਰਵਿਸ ਆਫ ਇੰਡੀਆਂ ਸੋਸਾਇਟੀ'' ਦੇ ਇਕ ਮੈਂਬਰ ਸ਼ਾਮਰਾਓ ਪਾਰੁਲੇਕਰ ਨਾਲ ਹੋਈ ਅਤੇ ਇਨ੍ਹਾਂ ਦੋਨਾਂ ਨੇ ਆਪਣੀ ਜ਼ਿੰਦਗੀ 'ਚ ਇਕ ਦੂਸਰੇ ਦਾ ਸਾਥ ਦੇਣ ਲਈ 1938 'ਚ ਵਿਆਹ ਕਰਵਾ ਲਿਆ। ਭਾਵੇਂ! ਗੋਦਾਵਰੀ ਅਤੇ ਸ਼ਾਮਰਾਓ ਦੀ ਵਿਚਾਰਧਾਰਾ ''ਸਰਵੈਂਟ ਆਫ ਇੰਡੀਆਂ ਸੋਸਾਇਟੀ'' ਨਾਲ ਮੇਲ ਨਹੀਂ ਖਾਂਦੀ ਸੀ। ਪਰ! ਉਨ੍ਹਾਂ ਨੇ ਸੋਸਾਇਟੀ ਛੱਡ ਦਿੱਤੀ ਅਤੇ ਦੂਸਰੇ ਸੰਸਾਰ ਯੁੱਧ ਦੌਰਾਨ ਅੰਗਰੇਜ਼ਾਂ ਦੇ ਰਵੱਈਏ ਦੀ ਭਾਰੀ ਵਿਰੋਧਤਾ ਕੀਤੀ। ਉਹ ਦੋਨੋ ਕਿਰਤੀਆਂ ਦੀ ਮੁਕਤੀ ਪ੍ਰਤੀ ਸੰਜੀਦਾ ਸਨ। ਇਸ ਲਈ ਉਨ੍ਹਾਂ ਦੋਨਾਂ ਨੇ ਸੀ.ਪੀ.ਆਈ. ਪਾਰਟੀ 'ਚ ਸ਼ਾਮਲ ਹੋਣਾ ਤੈਅ ਕਰ ਲਿਆ ਅਤੇ 1939 ਵਿੱਚ ਉਨ੍ਹਾਂ ਨੇ ਪਾਰਟੀ ਜੋਇੰਨ ਕਰ ਲਈ। ਗੋਦਾਵਰੀ ਦਾ ਮੰਨਣਾ ਸੀ ਕਿ ਮਜ਼ਦੂਰ ਵਰਗ ਅਤੇ ਕਿਸਾਨਾਂ ਨੂੰ ਜਥੇਬੰਦ ਕਰਕੇ ਹੀ ਬਰਤਾਨਵੀ ਸਾਮਰਾਜ ਵਿਰੁੱਧ ਸੰਘਰਸ਼ਾਂ ਰਾਂਹੀ ਹੀ ਦੇਸ਼ ਨੂੰ ਅਜ਼ਾਦੀ ਮਿਲ ਸਕਦੀ ਹੈ। 1917 ਦੇ ਰੂਸੀ ਮਹਾਨ ਅਕਤੂਬਰ



ਸਮਾਜਵਾਦੀ ਇਨਕਲਾਬ ਦਾ ਸਾਰੀ ਦੁਨੀਆਂ 'ਤੇ ਬਹੁਤ ਪ੍ਰਭਾਵ ਪਿਆ ਸੀ। ਇਹ ਦੋਨੋ ਬੌਧਿਕ ਪ੍ਰਤਿਭਾ ਵਾਲੇ ਨੌਜਵਾਨ ਸਨ। ਉਨ੍ਹਾਂ ਦਾ ਕਮਿਊਨਿਸਟ ਲਹਿਰ ਨਾਲ ਜੁੜਨਾ ਵੀ ਸੁਭਾਵਿਕ ਹੀ ਸੀ। ਉਸ ਵੇਲੇ ਭਾਰਤ ਦੇ ਬੌਧਿਕ ਖੇਤਰ ਅੰਦਰ ਨੌਜਵਾਨਾਂ ਦਾ ਝੁਕਾਅ ਕਮਿਊਨਿਸਟ ਵਿਚਾਰਧਾਰਾ ਵੱਲ ਵੱਧ ਰਿਹਾ ਸੀ। ਮੁੰਬਈ ਵਿਖੇ ਮਜ਼ਦੂਰਾਂ ਵਲੋਂ ਜੰਗ ਵਿਰੁੱਧ ਹੜਤਾਲ ਦਾ ਬਿਗੁਲ ਵਜਾ ਦਿੱਤਾ ਗਿਆ। ਇਹ ਗੋਰੀ ਸਰਕਾਰ ਵਿਰੁੱਧ ਬਹੁਤ ਵੱਡੀ ਕਿਰਤੀ ਹੜਤਾਲ ਸੀ। ਜਿਸ ਵਿੱਚ ਉਹ ਸ਼ਾਮਲ ਹੋ ਗਏ।

ਇਹ ਉਹ ਸਮਾਂ ਸੀ ਜਦੋਂ ਦੇਸ਼ ਅੰਦਰ ਅੰਗ੍ਰੇਜ਼ੀ ਹਾਕਮਾਂ ਵਿਰੁੱਧ ਲੋਕ ਸੰਘਰਸ਼ ਅੱਗੇ ਵੱਧ ਰਿਹਾ ਸੀ। ਸਰਕਾਰ ਨੇ ਬਹੁਤ ਸਾਰੇ ਆਗੂਆਂ ਨੂੰ ਜੇਲ੍ਹਾਂ 'ਚ ਬੰਦ ਕਰ ਦਿੱਤਾ। ਗੋਦਾਵਰੀ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਹ 1940 ਤੋਂ 42 ਤੱਕ ਜੇਲ੍ਹ 'ਚ ਬੰਦ ਰਹੀ। ਰਿਹਾਈ ਤੋਂ ਬਾਦ ਉਸ ਨੇ ਫਿਰ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਲਾਮਬੰਦ ਕਰਨਾ ਜਾਰੀ ਰੱਖਿਆ। ਫਿਰ ਪਰੁਲੇਕਰ ਜੋੜੀ ਨੇ ਨਿੱਠ ਕੇ ''ਵਾਰਲੀ'' ਆਦਿਵਾਸੀ ਖੇਤਰ ਦੇ ਆਦਿਵਾਸੀ ਲੋਕਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਥਾਨੇ ਦੇ ਇਸ ਖੇਤਰ ਦੇ ਆਦਿਵਾਸੀ ਲੋਕਾਂ ਦਾ ਜਗੀਰਦਾਰਾਂ ਵਲੋਂ ਜ਼ੁਲਮ 'ਤੇ ਸ਼ੋਸ਼ਣ ਕੀਤਾ ਜਾਂਦਾ ਸੀ, ਉਨ੍ਹਾਂ ਨੂੰ ਨਾ ਤਾਂ ਮਜ਼ਦੂਰੀ ਦਿੱਤੀ ਜਾਂਦੀ ਸੀ 'ਤੇ ਬੰਧੂਆਂ ਮਜ਼ਦੂਰਾਂ ਵਾਂਗ ਉਨ੍ਹਾਂ ਤੋਂ ਕੰਮ ਲਿਆ ਜਾਂਦਾ ਸੀ। ਇਸ ਸ਼ੋਸ਼ਣ ਵਿਰੁੱਧ ਇਸ ਜੋੜੀ ਨੇ 1945-47 ਤੱਕ ਇਸ ਖੇਤਰ ਵਿਚ ਸ਼ੋਸ਼ਣ ਵਿਰੁੱਧ ਹੱਕਾ ਲਈ ਉਠੋ ''ਵਿਦਰੋਹ'' ਦੀ ਅਗਵਾਈ ਕੀਤੀ। ਦ੍ਰਿੜ ਇਰਾਦੇ ਅਤੇ ਲੋਕਾਂ ਦੀ ਏਕਤਾ ਨਾਲ ਆਦਿਵਾਸੀ ਲੋਕਾਂ ਦੀ ਜਿੱਤ ਹੋਈ। ਪਰੁਲੇਕਰ ਜੋੜੀ ਵਲੋਂ ''ਵਾਰਲੀ'' ਆਦਿਵਾਸੀ ਵਿਦਰੋਹ ਸਬੰਧੀ ਬਹੁਤ ਹੀ ਇਤਿਹਾਸਕ ਇਨਕਲਾਬੀ 'ਤੇ ਆਦਿਵਾਸੀ ਲੋਕਾਂ ਦੇ ਸੰਘਰਸ਼ ਸਬੰਧੀ ਇਕ ਕਿਤਾਬ ''ਜੇਵਹਾ ਮਾਨੁਸ ਜਗਾ ਹੋਵੇ'' ਮਰਹੱਟੀ ਬੋਲੀ 'ਚ ਲਿੱਖ ਕੇ ਲੋਕਾਂ ਨੂੰ ਦਿੱਤੀ 'ਤੇ ਉਨ੍ਹਾਂ ਨੂੰ ਜਾਗਰੂਕ ਕੀਤਾ। ਇਸ ਕਿਤਾਬ ਨੂੰ ਬਾਦ ਵਿਚ ਸਾਹਿਤ ਅਕੈਡਮੀ ਪੁਰਸਕਾਰ ਵੀ ਮਿਲਿਆ ਸੀ।

1964 'ਚ ਸੀ.ਪੀ.ਆਈ. ਅੰਦਰ ਵਿਚਾਰਧਾਰਕ ਮੱਤ-ਭੇਦ ਪੈਦਾ ਹੋਣ ਕਾਰਨ ਹੋਂਦ ਵਿਚ ਆਈ ਸੀ.ਪੀ.ਆਈ.(ਐਮ) ਦੇ ਉਹ ਦੋਨੋ ਮੈਂਬਰ ਬਣ ਗਏ ਅਤੇ ਸਾਰੀ ਉਮਰ ਉਹ ਇਸ ਪਾਰਟੀ ਦੇ ਮੈਂਬਰ ਰਹੇ। ਅਜ਼ਾਦੀ ਤੋਂ ਬਾਦ ਗੋਦਾਵਰੀ ਨੇ ''ਵਾਰਲੀ'' ਤੇ ਆਦਿਵਾਸੀ ਲੋਕਾਂ ਦੇ ਅਧਿਕਾਰਾਂ ਲਈ ਲੜਦਿਆਂ ਜ਼ਿੰਦਗੀ ਲਾ ਦਿੱਤੀ। ਇਨਕਲਾਬੀ ਜੋੜੀ ਨੇ 1961 ਵਿਚ ਆਦਿਵਾਸੀ ਲੋਕਾਂ ਦੇ ਅਧਿਕਾਰਾਂ ਲਈ ਇਕ ''ਆਦਿਵਾਸੀ ਪ੍ਰਗਤੀ ਮੰਡਲ'' ਦੀ ਸਥਾਪਨਾ ਵੀ ਕੀਤੀ। ਸਾਲ 1965 ਵਿਚ ਗੋਦਾਵਰੀ ਦੇ ਜੀਵਨ ਸਾਥੀ ਸ਼ਾਮਰਾਓ ਸਦੀਵੀਂ ਵਿਛੋੜਾ ਦੇ ਗਏ। ਫਿਰ ਵੀ ਗੋਦਾਵਰੀ ਨੇ ਕੁੱਲ-ਹਿੰਦ-ਕਿਸਾਨ-ਸਭਾ ਦੇ ਨਾਲ ਆਪਣਾ ਨਾਤਾ ਜੋੜੀ ਰੱਖਿਆ ਅਤੇ ਮਹਾਂਰਾਸ਼ਟਰ ਵਿਚ ਕਿਸਾਨਾਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। 1986 'ਚ ਗੋਦਾਵਰੀ ਨੂੰ ਕੁੱਲ-ਹਿੰਦ ਕਿਸਾਨ ਸਭਾ ਦੇ ਪ੍ਰਧਾਨ ਦੀ ਜ਼ੁੰਮੇਵਾਰੀ ਸੌਂਪੀ ਗਈ। ਸਿਹਤ ਠੀਕ ਨਾ ਹੋਣ ਦੇ ਬਾਵਜੂਦ ਵੀ ਉਹ ਕਿਸਾਨਾਂ-ਮਜ਼ਦੂਰਾਂ ਨੂੰ ਲਾਮਬੰਦ ਕਰਨ ਵਿਚ ਸਾਰੀ ਜ਼ਿੰਦਗੀ ਸੰਘਰਸ਼ ਕਰਦੀ ਰਹੀ। ਗੋਦਾਵਰੀ ਪਰੁਲੇਕਰ ਇਨਕਲਾਬੀ ਸੰਘਰਸ਼ ਕਰਨ ਵਾਲੀ ਵੀਰਾਂਗਣ ਹੀ ਨਹੀਂ ਸੀ ਸਗੋਂ ਉਹ ਇਕ ਵੱਧੀਆ ਲੇਖਿਕਾ ਵੀ ਸੀ। ਉਸ ਨੇ ਆਪਣੀ ਜੀਵਨੀ ਲਿੱਖੀ, ਜਿਵਹਾ ਮਾਨੁਸ ਜਗਾ ਹੋਵੇ, ਆਦਿਵਾਸੀ ਵਿਦਰੋਹ ਜੋ 'ਵਾਰਲੀ' ਕਿਸਾਨਾਂ ਦੇ ਇਨਕਲਾਬੀ ਸੰਘਰਸ਼ ਦੀ ਕਹਾਣੀ, ਬਾਂਦੀ ਵਾਸਚੀ ਆਠ ਵਰਸ਼ (ਜੇਲ੍ਹ ਅੰਦਰ 8-ਸਾਲ) ਜੀਵਨੀ 'ਤੇ ਹੋਰ ਬਹੁਤ ਸਾਰਾ ਸਾਹਿਤ ਰੱਚਿਆ।

ਮਹਾਨ ਵੀਰਾਂਗਣ ਗੋਦਾਵਰੀ ਦੇ ਭਾਰਤ ਵਿਚ ਹਾਸ਼ੀਏ 'ਤੇ ਰਹਿਣ ਵਾਲੇ ਦਲਿਤ ਭਾਈਚਾਰੇ ਨੂੰ, ਉਨ੍ਹਾਂ ਦੇ ਉਥਾਨ ਲਈ ਕੀਤੀ ਸੇਵਾ ਭਾਵਨਾ ਲਈ ''ਲੋਕ ਮਾਨਿਆ ਤਿਲਕ ਪੁਰਸਕਾਰ'' ਅਤੇ ''ਸਾਵਿਤਰੀ ਬਾਈ ਫੂਲੇ ਪੁਰਸਕਾਰ'' ਨਾਲ ਸਨਮਾਨਿਤ ਕੀਤਾ ਗਿਆ ਸੀ। ਇਹ ਮਹਾਨ ਦੇਸ਼ ਭਗਤ, ਮਾਰਕਸਵਾਦੀ ਆਗੂ 'ਤੇ ਚਿੰਤਕ, ਲੇਖਕ ਅਤੇ ਕਿਸਾਨਾਂ-ਮਜ਼ਦੂਰਾਂ ਦੀ ਚਹੇਤੀ 8-ਅਕਤੂਬਰ 1996 ਨੂੰ ਸਾਨੂੰ ਸਦੀਵੀਂ ਵਿਛੋੜਾ ਦੇ ਕੇ ਕਿਰਤੀਆਂ ਨੂੰ ਆਪਣੇ ਹੱਕਾਂ ਲਈ ਜੂਝਣ ਲਈ ਇਨਕਲਾਬੀ ਸੁਨੇਹਾ ਦੇ ਗਈ। ਗੋਦਾਵਰੀ ਸੀ.ਪੀ.ਆਈ.(ਐਮ) ਦੀ ਮਹਾਂਰਾਸ਼ਟਰ 'ਤੇ ਦੇਸ਼ ਦੀ ਇਕ ਮਹਾਨ ਕਮਿਊਨਿਸਟ ਆਗੂ ਵੀ ਸੀ। ਜਿਸ ਨੇ ਆਪਣਾ ਘਰ-ਬਾਰ ਛੱਡ ਕੇ ਅਵਾਮ ਦੀ ਮੁਕਤੀ ਲਈ ਆਪਣਾ ਸਾਰਾ ਜੀਵਨ ਕੁਰਬਾਨ ਕਰ ਦਿੱਤਾ। ਅਪ੍ਰੈਲ 1995 ਨੂੰ ਸੀ.ਪੀ.ਆਈ.(ਐਮ) ਦੀ 15-ਵੀਂ ਪਾਰਟੀ ਕਾਂਗਰਸ ਜੋ ਚੰਡੀਗੜ੍ਹ ਹੋ ਰਹੀ ਸੀ, ਬੀਮਾਰੀ ਦੀ ਹਾਲਤ ਕਰਨ ਇਸ ਕਾਂਗਰਸ ਵਿੱਚ ਸ਼ਾਮਲ ਤਾਂ ਨਹੀ ਹੋ ਸਕੀ ਸੀ, ਪਰ ! ਪਰ ਉਸ ਨੇ ਸਾਥੀਆਂ ਨੂੰ ਇਕ ਬਹੁਤ ਹੀ ਇਨਕਲਾਬੀ ਪਰ ! ਜਾਨ ਪਾਉਣ ਵਾਲਾ ਇਕ ਸੁਨੇਹਾ ਦਿੱਤਾ, ''ਸਾਥਿਓ ! ਮੈਂ ਆਪਣੇ ਜੀਵਨ ਦੇ ਆਖਰੀ ਪੜਾਓ 'ਤੇ ਖੜੀ ਹਾਂ। ਪਰ! ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ ਅਤੇ ਮਾਣ ਵੀ ਕਰਦੀ ਹਾਂ ਕਿ ਮੈਂ ਆਪਣੇ ਜੀਵਨ ਦੇ 50 ਸਾਲ ਕਮਿਊਨਿਸਟ ਪਾਰਟੀ, ਕਿਸਾਨਾਂ-ਮਜ਼ਦੂਰਾਂ 'ਤੇ ਸਰਵਹਾਰੇ ਦੀ ਮੁਕਤੀ ਲਈ 'ਵਿਦੇਸ਼ੀ ਅਤੇ ਦੇਸੀ ਸ਼ੋਸ਼ਣ ਕਰਨ ਵਾਲੀਆਂ ਸ਼ਕਤੀਆਂ ਵਿਰੁਧ ਚਲ ਰਹੇ ਅੰਦੋਲਨਾਂ 'ਚ ਹਿੱਸਾ ਪਾਇਆ ਹੈ! ਮੈਂ ਇਸ ਲਈ ਸੰਤੁਸ਼ਟ ਹਾਂ, ਕਿ ਮੈਂ ਸੀ.ਪੀ.ਆਈ.(ਐਮ) ਜਿਸ ਦੀ ਮੈਂ ਮੈਂਬਰ ਹਾਂ, ਜਿਹੜੀ ਮਾਰਕਸਵਾਦ: ਲੈਨਿਨਵਾਦ 'ਚ ਮਜ਼ਬੂਤੀ ਨਾਲ ਵਿਸ਼ਵਾਸ਼ ਰੱਖਦੀ ਹੈ 'ਤੇ ਜਿਹੜੀ ਭਾਰਤ ਅੰਦਰ ਕਰੋੜਾਂ ਕਿਰਤੀਆਂ ਦੀ ਮੁਕਤੀ ਲਈ ਸਮਾਜਿਕ ਪ੍ਰੀਵਰਤਨ ਚਾਹੁੰਦੀ ਹੈ 'ਤੇ ਸੰਘਰਸ਼ਸ਼ੀਲ ਹੈ ! ਮੇਰੀ ਉਸ ਪਾਰਟੀ ਨੂੰ ਇਨਕਲਾਬੀ ਸ਼ੁਭ-ਇਛਾਵਾਂ।''

ਗੋਦਾਵਰੀ ਪਰੁਲੇਕਰ ਇਕ ਪਰਪੱਕ ਕਮਿਊਨਿਸਟ ਸੀ, ਜੋ ! ਸਾਡੇ ਲਈ ਆਪਣੇ ਜੀਵਨ ਦੀਆਂ ਇਤਿਹਾਸਕ ਪ੍ਰਾਪਤੀਆਂ ਅਤੇ ਯਾਦਗਾਰੀ ਦਸਤਾਵੇਜ਼ ਛੱਡ ਗਈ ਹੈ। ਜੋ ਸਾਡੇ ਸਭ ਲਈ ਇਕ ਚਾਨਣ-ਮੁਨਾਰਾ ਹਨ! 8-ਅਕਤੂਬਰ ਨੂੰ ਜਦੋਂ ਉਹ ਦੁਨੀਆਂ ਤੋਂ ਰੁਖਸਤ ਹੋਈ ਤਾਂ! ਉਸ ਦਿਨ ''ਥਾਣੇ'' ਦੇ ਸ਼ਹੀਦ ਹੋਏ ''10'' ਅਤੇ ਜ਼ਖ਼ਮੀ ਹੋਏ ਸੌ ਤੋਂ ਵੱਧ ਆਦਿਵਾਸੀ ਲੋਕਾਂ ਦੀ 51-ਵੀਂ ਸਲਾਨਾ ਸ਼ਹੀਦੀ ਬਰਸੀ ਸੀ। ਗੋਦਾਵਰੀ ਪਰੁਲੇਕਰ ਨੂੰ ''ਤਾਲਾਸਰੀ'' ਦੇ ਉਸ ਸਥਾਨ 'ਤੇ ਹੀ ਉਸ ਦਾ ਸੰਸਕਾਰ ਕੀਤਾ ਗਿਆ ਸੀ।10,000 (ਦਸ ਹਜ਼ਾਰ) ਤੋਂ ਵੱਧ ਲੋਕਾਂ ਨੇ ਲਾਲ ਝੰਡੇ ਲੈ ਕੇ ਉਸ ਨੂੰ ਹੰਝੂਆਂ ਭਰੀ ਵਿਦਾਇਗੀ ਦਿੱਤੀ ਸੀ। ਉਨ੍ਹਾਂ ਦੇ ਸੰਸਕਾਰ ਸਮੇਂ ਸੀ.ਪੀ.ਆਈ.(ਐਮ) ਦੇ ਕੁੱਲ-ਹਿੰਦ ਆਗੂ, ਕਿਸਾਨਾਂ ਮਜ਼ਦੂਰਾਂ ਦੇ ਆਗੂ ਅਤੇ ਮਹਾਂਰਾਸ਼ਟਰ ਸੂਬੇ ਦੀ ਪਾਰਟੀ ਆਗੂ ਅਤੇ ਦੂਸਰੀਆਂ ਪਾਰਟੀ ਦੇ ਆਗੂ ਵੀ ਉਨ੍ਹਾਂ ਨੂੰ ਸ਼ਰਧਾਂਜਲੀ ਦੇਣ ਆਏ ਹੋਏ ਸਨ। ਸੀ.ਪੀ.ਆਈ.(ਐਮ) ਦੀ ਪੋਲਿਟ ਬਿਉਰੋ ਨੇ ਗੋਦਾਵਰੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਸ ਨੂੰ ਪਾਰਟੀ ਦਾ ਇਕ ਸਿਧਾਂਤਕ ਇਨਕਲਾਬੀ ਚਾਨਣ-ਮਿਨਾਰਾ ਦੱਸਿਆ ਜੋ ਸਾਰਿਆਂ ਨੂੰ ਉਤਸ਼ਾਹਿਤ ਕਰਨ ਵਾਲੀ ਸ਼ਖ਼ਸ਼ੀਅਤ ਸੀ, ਕਿਹਾ ! ਕੁੱਲ-ਹਿੰਦ ਕਿਸਾਨ ਸਭਾ ਵਲੋਂ ਵੀ ਅਜਿਹੀ ਹੀ ਸ਼ਰਧਾਂਜਲੀ ਭੇਂਟ ਕੀਤੀ ਗਈ, ਜਿਹੜੀ ਦੱਬੇ-ਕੁਚਲੇ ਆਵਾਮ, ਕਿਸਾਨਾਂ-ਮਜ਼ਦੂਰਾਂ ਅਤੇ ਕਿਰਤੀਆਂ ਲਈ ਜਿਊਂਦੀ ਰਹੀ। ਉਹ ਜ਼ਿੰਦਗੀ ਭਰ ਸੰਘਰਸ਼ੀਲ ਰਹੀ ਅਤੇ ਲੋਕਾਂ ਨੂੰ ਜੱਥੇਬੰਦ ਕਰਨ ਲਈ ਆਖਰੀ ਪਲਾਂ ਤਕ ਉਹ ਲੜਦੀ ਰਹੀ।

ਗੋਦਾਵਰੀ ਪਰੁਲੇਕਰ ਨੇ ਆਪਣੀ ''ਵਸੀਅਤ'' ਜੋ ਆਪਣੇ ਮਰਨ ਤੋਂ ਤਿੰਨ ਸਾਲ ਪਹਿਲਾਂ ਲਿੱਖੀ ਗਈ ਸੀ ਰਾਹੀਂ ਉਸ ਨੇ ਆਪਣੇ ਜੀਵਨ ਦਾ ਨਿਚੋੜ ਪੇਸ਼ ਕਰਦੇ ਹੋਏ ਸਾਨੂੰ ਅੱਗੇ ਵੱਧਣ ਲਈ ਹੌਂਸਲਾਂ ਦਿੰਦਿਆ ਕਿਹਾ, ''ਕਿ ਮੇਰੇ ਮਰਹੂਮ ਪਤੀ ਸ਼ਾਮਰਾਓ ਪਰੁਲੇਕਰ ਅਤੇ ਮੈਂ ਇਕੱਠਿਆਂ ਨੇ ਮਿਲ ਕੇ ਕਿਰਤੀਆਂ-ਕਿਸਾਨਾਂ, ਆਦਿਵਾਸੀ, ਇਸਤਰੀਆਂ ਅਤੇ ਸਾਰੇ ਸ਼ੋਸ਼ਿਤ ਵਰਗ ਦੀਆਂ ਜੱਥੇਬੰਦੀਆਂ ਰਾਂਹੀ, ਉਨ੍ਹਾਂ ਦੀ ਬਿਹਤਰੀ ਲਈ ਹੀ ਸੰਘਰਸ਼ ਕੀਤਾ ਹੈ। ਇਸ ਤਰ੍ਹਾਂ ਅਸੀਂ ਦੋਨੋ ਹੀ ਪੂਰੀ ਤਰ੍ਹਾਂ ਸੀ.ਪੀ.ਆਈ.(ਐਮ) ਪ੍ਰਤੀ ਸਮਰਪਤ ਰਹੇ ਹਾਂ! ਕੁਦਰਤੀ ''ਸਾਡੀ ਪਾਰਟੀ ਦੇ ਵਿਚਾਰ ਅਤੇ ਅਸੀਂ ਪਾਰਟੀ ਦੇ ਵਿਚਾਰਾਂ ਨਾਲ ਇਕ-ਮਿਕ ਰਹੇ ਹਾਂ। ਇਸ ਤੋਂ ਬਿਨ੍ਹਾਂ ਨਾ ਤਾਂ ਸਾਡਾ ਕੋਈ ਹੋਰ ਇਰਾਦਾ ਸੀ ਅਤੇ ਨਾ ਹੀ ਕੋਈ ਹੋਰ ਦਿਲਚਸਪੀ ਸੀ। ਸਭ ਕੁਝ ਸੀ.ਪੀ.ਆਈ.(ਐਮ) ਦੇ ਫੈਸਲਿਆਂ ਦੇ ਅਨੁਸਾਰ ਹੀ ਕੀਤਾ। ਇਸ ਸੋਚ 'ਤੇ ਚਲਦਿਆਂ ਮੈਂ ਆਪਣੀ ਸਾਰੀ ਹੀ ਸੰਪਤੀ ਚੱਲ ਤੇ ਅਚਲ ਸੀ.ਪੀ.ਆਈ.(ਐਮ) ਨੂੰ ਸੌਂਪਦੀ ਹਾਂ।''

ਇਹ ਸੀ! ਇਸ ਮਹਾਨ ਵੀਰਾਂਗਣ, ਕਮਿਊਨਿਸਟ ਆਗੂ, ਕਿਰਤੀਆਂ-ਕਿਸਾਨਾਂ, ਆਦਿਵਾਸੀਆਂ ਅਤੇ ਇਸਤਰੀਆਂ ਦੀ ਚਹੇਤੀ ਲੋਕ ਨਾਇਕ ਦੀ ਵਸੀਅਤ ! ਇਹ ਸੀ! ਗੋਦਾਵਰੀ ਪਰੁਲੇਕਰ ਅਤੇ ਸ਼ਾਮਰਾਓ ਪਰੁਲੇਕਰ ਜੋੜੀ ਦਾ ਮਿਸਾਲੀ ਜੀਵਨ ਜੋ ਆਉਣ ਵਾਲੀ ਅਗਲੀ ਕਮਿਊਨਿਸਟ ਪੀੜ੍ਹੀ ਲਈ ਇਕ ਇਨਕਲਾਬੀ ਰਾਹ ਸੀ।ਜੋ ਸਾਡੇ ਸਾਰਿਆਂ ਦੀ ਰਹਿਨੁਮਾਈ ਲਈ ਆਪਣਾ ਇਨਕਲਾਬੀ ਵਿਰਸਾ ਛੱਡ ਗਏ। ਆਉ! ਦੇਸ਼ ਅੰਦਰ ਵੱਧ ਰਹੀ ਫਿਰਕਾਪ੍ਰਸਤੀ, ਏਕਾ-ਅਧਿਕਾਰਵਾਦੀ ਅਤੇ ਤਾਨਾਸ਼ਾਹੀ ਵਲ ਵਧ ਰਹੀ ਫਿਰਕੂ ਬੀ.ਜੇ.ਪੀ. ਨੂੰ ਪਸਤ ਕਰਨ ਲਈ ਦੇਸ਼ ਅੰਦਰ ਸਾਰੀਆਂ ਜਮਹੂਰੀ ਅਤੇ ਲੋਕਪੱਖੀ ਸ਼ਕਤੀਆਂ ਨੂੰ ਇੱਕਮੁੱਠ ਕਰਨ 'ਚ ਯੋਗਦਾਨ ਪਾਈਏ ਅਤੇ ਆਜ਼ਾਦੀ ਘੁਲਾਟੀਆਂ ਦੀਆ ਕੁਰਬਾਨੀਆਂ ਨੂੰ ਯਾਦ ਕਰੀਏ।

# ਬੱਬਰਾਂ ਦੀ ਸ਼ਹੀਦੀ ਸ਼ਤਾਬਦੀ 'ਤੇ ਲਾਇਆ ਗਿਆ ਅੱਖਾਂ ਦਾ ਫਰੀ ਅਪਰੇਸ਼ਨ ਕੈਂਪ

**ਨਵਾਂਸ਼ਹਿਰ/ਬੰਗਾ (ਸਤਨਾਮ ਸਿੰਘ ਸਹੂੰਗੜਾ/ ਚਰਨਜੀਤ ਸੱਲ੍ਹਾਂ)** ਬੱਬਰ ਕਰਮ ਸਿੰਘ ਮੈਮੋਰੀਅਲ ਹਸਪਤਾਲ ਦੌਲਤਪੁਰ ਵਿਖੇ ਬੱਬਰਾਂ ਦੀ ਸ਼ਹੀਦੀ ਸ਼ਤਾਬਦੀ ਸਬੰਧੀ ਅੱਖਾਂ ਦਾ ਫਰੀ ਅਪਰੇਸ਼ਨ ਕੈਂਪ ਲਗਾਇਆ ਗਿਆ। ਇਹ ਕੈਂਪ ਸਤੰਬਰ 1923 ਬਬੇਲੀ ਸਾਕੇ ਦੇ ਸ਼ਹੀਦ ਬੱਬਰ ਕਰਮ ਸਿੰਘ ਅੜੀਟਰ ਦੌਲਤਪੁਰ ਅਤੇ ਉਹਨਾਂ ਦੇ ਸਾਥੀ ਬੱਬਰ ਉਦੇ ਸਿੰਘ ਰਾਮਗੜ੍ਹ ਝੁੰਗੀਆਂ, ਬੱਬਰ ਬਿਸ਼ਨ ਸਿੰਘ ਮਾਂਗਟ ਤੇ ਬੱਬਰ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਦੀ ਯਾਦ ਵਿੱਚ ਲਗਾਇਆ ਗਿਆ । ਇਸ ਅਪਰੇਸ਼ਨ ਕੈਂਪ ਦਾ ਉਦਘਾਟਨ ਸ੍ਰੀ ਆਨੰਦਪੁਰ ਸਾਹਿਬ ਤੋਂ ਸਾਬਕਾ ਸਾਂਸਦ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਹਲਕਾ ਵਿਧਾਇਕ ਨਵਾਂਸ਼ਹਿਰ ਡਾ. ਨੱਛਤਰ ਪਾਲ ਅਤੇ ਹਲਕਾ ਵਿਧਾਇਕ ਬੰਗਾ ਡਾ. ਸੁਖਵਿੰਦਰ ਕੁਮਾਰ ਸੁੱਖੀ ਵਲੋਂ ਪਹੁੰਚ ਕੇ ਕੀਤਾ ਗਿਆ। ਇਸ ਸਮੇਂ ਉਹਨਾਂ ਨਾਲ ਨਵ ਨਿਯੁਕਤ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸੁਕਾਰ, ਪਰਮ ਸਿੰਘ ਖਾਲਸਾ, ਸਤਨਾਮ ਸਿੰਘ ਲਾਦੀਆਂ, ਯੂਥ ਪ੍ਰਧਾਨ ਜਰਨੈਲ ਸਿੰਘ ਖਾਲਸਾ ਵਿਸ਼ੇਸ਼ ਤੌਰ 'ਤੇ ਹਾਜ਼ਰ



ਹੋਏ। ਬੱਬਰ ਕਰਮ ਸਿੰਘ ਮੈਮੋਰੀਅਲ ਹਸਪਤਾਲ ਦੇ ਸੰਚਾਲਨ ਡਾ. ਕਸ਼ਮੀਰ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦੇ ਹੋਇਆ ਦੱਸਿਆ ਕਿ ਸੁਨੀਤਾ ਚੈਰੀਟੇਬਲ ਹਸਪਤਾਲ ਬਲਾਚੌਰ ਤੋਂ ਪਹੁੰਚੀ ਹੋਈ ਟੀਮ ਨੇ ਡਾਕਟਰ ਪਯੂਸ਼ ਸੂਦ ਦੀ ਅਗਵਾਈ ਵਿੱਚ 250 ਦੇ ਕਰੀਬ ਪਹੁੰਚੇ ਹੋਏ ਲੋਕਾਂ ਦੀਆਂ ਅੱਖਾਂ ਦੀ ਜਾਂਚ ਕਰਕੇ ਐਨਕਾਂ ਲਾਈਆਂ ਅਤੇ ਦਵਾਈ ਦਿੱਤੀ। 15 ਮਰੀਜਾਂ ਦੇ ਲੈਨਜ਼ ਪਾ ਕੇ ਅਪਰੇਸ਼ਨ ਕੀਤਾ ਜਾਵੇਗਾ। ਕੈਂਪ ਦੌਰਾਨ ਟ੍ਰਸਟ ਪ੍ਰਧਾਨ ਕੇਹਰ ਸਿੰਘ ਥਾਂਦੀ ਅਤੇ ਡਾ. ਸੁਨੀਤਾ ਸ਼ਰਮਾ ਨੇ ਵੀ ਵਿਸ਼ੇਸ਼ ਤੌਰ ਤੇ ਪਹੁੰਚ ਕੇ ਕੈਂਪ ਦਾ ਨਰੀਖਣ ਕੀਤਾ । ਇਸ ਸਮੇਂ ਤਰਨਜੀਤ ਸਿੰਘ ਥਾਂਦੀ, ਜਸਪਾਲ ਸਿੰਘ ਜਾਡਲੀ, ਜੋਗਾ ਸਿੰਘ ਕਨੇਡਾ ਨਿਵਾਸੀ ਟ੍ਰਸਟੀ ਅਹੁਦੇਦਾਰਾਂ ਤੋਂ ਇਲਾਵਾ ਹਰਵਿੰਦਰ ਸਿੰਘ ਸੰਗਰੂਰ, ਮੇਜਰ ਸਿੰਘ ਸੂਰਾਪੁਰ, ਗੁਰਨਾਮ ਸਿੰਘ ਸਲੇਮਪੁਰ, ਡਾ. ਗੁਰਪ੍ਰੀਤ ਸਿੰਘ ਫਿਰੋਜ਼ਪੁਰ, ਡਾ. ਰਜਿੰਦਰ ਲੱਕੀ ਕਾਠਗੜ੍ਹ, ਜੀਵਨ ਕੁਮਾਰੀ ਨੀਲਮ ਮੀਰਪੁਰ ਜੱਟਾਂ, ਰਾਜਵਿੰਦਰ ਕੁਮਾਰੀ, ਰਮਨ ਨੱਥਾ ਨੰਗਲ ਆਦਿ ਹਸਪਤਾਲ ਦੇ ਸਹਿਯੋਗੀ ਹਾਜ਼ਰ ਸਨ।

# ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਆਤਮ-ਹੱਤਿਆ ਇੱਕ ਵੱਡੀ ਸਮੱਸਿਆ ਹੈ ਜਿਸਦੇ ਕਈ ਸਮਾਜਿਕ, ਭਾਵਨਾਤਮਕ ਅਤੇ ਆਰਥਿਕ ਨਤੀਜੇ ਹਨ। ਇਹ ਅੰਦਾਜ਼ਾ ਹੈ ਕਿ ਵਿਸ਼ਵ ਵਿੱਚ ਪ੍ਰਤੀ ਸਾਲ ਲੱਗਭੱਗ 08 ਲੱਖ ਤੋਂ ਵੱਧ ਖੁਦਕੁਸ਼ੀਆਂ ਹੁੰਦੀਆਂ ਹਨ ਅਤੇ ਹਰੇਕ ਖੁਦਕੁਸ਼ੀ ਪਰਿਵਾਰ ਦੇ ਨਾਲ ਨਾਲ ਹੋਰ ਲੋਕਾਂ ਨੂੰ ਵੀ ਪ੍ਰਭਾਵਤ ਕਰਦੀ ਹੈ। ਇੰਟਰਨੈਸ਼ਨਲ ਐਸੋਸਿਏਸ਼ਨ ਫਾਰ ਸੁਸਾਇਡ ਪ੍ਰੀਵੈਂਸ਼ਨ ਆਈਏਐਸਪੀ, ਵਿਸ਼ਵ ਸਿਹਤ ਸੰਗਠਨ ਅਤੇ ਵਰਲਡ ਫੈਡਰੇਸ਼ਨ ਫਾਰ ਮੈਂਟਲ ਹੈਲਥ ਵਲੋਂ ਹਰ ਸਾਲ 10 ਸਤੰਬਰ ਨੂੰ ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਵਜੋਂ ਮਨਾਇਆ ਜਾਂਦਾ ਹੈ। ਵਿਸ਼ਵ ਵਿੱਚ ਆਤਮ ਹੱਤਿਆਵਾਂ ਦੇ ਵੱਧ ਰਹੇ ਮਾਮਲਿਆਂ ਨੂੰ ਵੇਖਦੇ ਹੋਏ ਸਾਲ 2003 ਵਿੱਚ ਇਸ ਦਿਨ ਦੀ ਸ਼ੁਰੂਆਤ ਕੀਤੀ ਗਈ ਸੀ। ਪਹਿਲੀ ਵਿਸ਼ਵ ਆਤਮ ਹੱਤਿਆ ਰਿਪੋਰਟ 2014 ਵਿੱਚ ਜਾਰੀ ਕੀਤੀ ਗਈ ਸੀ ਜੋਕਿ ਆਤਮ ਹੱਤਿਆਵਾਂ ਦੀ ਰੋਕਥਾਮ ਤੇ ਕੇਂਦਰਿਤ ਸੀ ਅਤੇ ਵਿਸ਼ਵ ਸਰਵਜਨਕ ਸਿਹਤ ਏਜੰਡੇ ਸਬੰਧੀ ਪਹਿਲ ਬਣਾਉਣ ਲਈ ਕਿਹਾ ਗਿਆ ਸੀ। ਵਿਸ਼ਵ ਆਤਮ ਹੱਤਿਆ ਰੋਕਥਾਮ ਦਿਵਸ ਲਈ ਸਾਲ 2021 ਤੋਂ 2023 ਲਈ ਵਿਸ਼ੇਸ਼ ਥੀਮ 'ਕਾਰਵਾਈ ਦੁਆਰਾ ਉਮੀਦ ਬਣਾਉਣਾ' ਰੱਖਿਆ ਗਿਆ ਹੈ। ਇਹ ਥੀਮ ਕਾਰਵਾਈ ਲਈ ਇੱਕ ਸ਼ਕਤੀਸ਼ਾਲੀ ਕਾਲ ਅਤੇ ਯਾਦ ਦਿਵਾਉਣ ਦਾ ਕੰਮ ਕਰਦੀ ਹੈ ਕਿ ਖੁਦਕੁਸ਼ੀ ਦਾ ਇੱਕ ਵਿਕਲਪ ਹੈ ਅਤੇ ਇਹ ਕਿ ਸਾਡੀਆਂ ਕਾਰਵਾਈਆਂ ਦੁਆਰਾ ਅਸੀਂ ਉਮੀਦ ਨੂੰ ਉਤਸ਼ਾਹਿਤ ਕਰ ਸਕਦੇ ਹਾਂ ਅਤੇ ਆਤਮ ਹੱਤਿਆ ਰੋਕਥਾਮ ਨੂੰ ਮਜ਼ਬੂਤ ਕਰ ਸਕਦੇ ਹਾਂ। ਕਾਰਵਾਈ ਦੁਆਰਾ ਉਮੀਦ ਪੈਦਾ ਕਰਕੇ ਅਸੀਂ ਆਤਮ ਹੱਤਿਆ ਬਾਰੇ ਸੋਚਣ ਵਾਲੇ ਲੋਕਾਂ ਨੂੰ ਸੰਕੇਤ ਦੇ ਸਕਦੇ ਹਾਂ ਕਿ ਉਮੀਦ ਹੈ ਅਤੇ ਅਸੀਂ ਉਹਨਾਂ ਦੀ ਪਰਵਾਹ ਕਰਦੇ ਹਾਂ ਅਤੇ ਉਹਨਾਂ ਦਾ ਸਮਰਥਨ ਕਰਨਾ ਚਾਹੁੰਦੇ ਹਾਂ। ਹਰ ਸਾਲ 10 ਸਤੰਬਰ ਦਾ ਉਦੇਸ਼ ਇਸ ਮੁੱਦੇ ਤੇ ਧਿਆਨ ਕੇਂਦ੍ਰਿਤ ਕਰਨਾ, ਕਲੰਕ ਨੂੰ ਘਟਾਉਣਾ ਅਤੇ ਸੰਸਥਾਵਾਂ, ਸਰਕਾਰਾਂ ਅਤੇ ਜਨਤਾ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ ਜੋ ਇੱਕ ਸੰਦੇਸ਼ ਦਿੰਦਾ ਹੈ ਕਿ ਖੁਦਕੁਸ਼ੀਆਂ ਨੂੰ ਰੋਕਿਆ ਜਾ ਸਕਦਾ ਹੈ। ਇਸ ਦਿਨ ਦਾ ਮੁੱਖ ਮੰਤਬ ਆਤਮ ਹੱਤਿਆ ਸਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਹੈ ਅਤੇ ਆਤਮ ਹੱਤਿਆਵਾਂ ਨੂੰ ਘਟਾਉਣ ਲਈ ਕੰਮ ਕਰਨਾ ਹੈ। ਆਤਮ ਹੱਤਿਆਵਾਂ ਦੀਆਂ ਘਟਨਾਵਾਂ ਸਬੰਧੀ ਸਹੀ ਅਤੇ ਮੁਕੰਮਲ ਅੰਕੜੇ ਅਜੇ ਤੱਕ ਸਾਹਮਣੇ ਨਹੀਂ ਆ ਰਹੇ ਹਨ। ਵਿਸ਼ਵ ਸਿਹਤ ਸੰਗਠਨ ਨਾਲ ਜੁੜੇ 183 ਵਿੱਚੋਂ ਸਿਰਫ 80 ਦੇਸ਼ਾਂ ਨੇ ਹੀ ਇਸ ਸਬੰਧੀ ਸਹੀ ਅੰਕੜੇ ਇਕੱਠੇ ਕੀਤੇ ਹਨ ਅਤੇ ਬਹੁਤੇ ਦੇਸ਼ ਭਰੋਸੇਯੋਗ ਜਾਣਕਾਰੀ ਅਤੇ ਅੰਕੜੇ ਇਕੱਠੇ ਨਹੀਂ ਕਰ ਰਹੇ ਹਨ। ਇਸ ਸਬੰਧੀ ਪ੍ਰਾਪਤ ਅੰਕੜਿਆਂ ਅਨੁਸਾਰ ਆਤਮ ਹੱਤਿਆਵਾਂ ਕਰਨ ਦਾ ਰੁਝਾਨ ਵੱਧ ਰਿਹਾ ਹੈ ਅਤੇ ਸਾਲ ਵਿੱਚ ਲੱਗਭੱਗ 08 ਲੱਖ ਵਿਅਕਤੀ ਆਤਮ ਹੱਤਿਆਵਾਂ ਨਾਲ ਮਰਦੇ ਹਨ ਜਿਨ੍ਹਾਂ ਵਿੱਚੋਂ ਲੱਗਭੱਗ 17 ਫਿਸਦੀ ਸਿਰਫ ਭਾਰਤੀ ਹੀ ਹਨ। ਵਿਸ਼ਵ ਵਿੱਚ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 1.3 ਫਿਸਦੀ ਆਤਮ ਹੱਤਿਆਵਾਂ ਦੇ ਕਾਰਨ ਹੀ ਹੁੰਦੀਆਂ ਹਨ ਅਤੇ ਇਹ ਮੌਤ ਦਾ 17ਵਾਂ ਪ੍ਰਮੁੱਖ ਕਾਰਨ ਹੈ। ਵਿਸ਼ਵ ਸਿਹਤ ਸੰਗਠਨ ਵਲੋਂ ਜਾਰੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਔਸਤਨ ਇੱਕ ਲੱਖ ਪਿੱਛੇ 10.5 ਵਿਅਕਤੀਆਂ ਨੇ ਆਤਮ ਹੱਤਿਆ ਕੀਤੀ ਹੈ ਅਤੇ ਇਹ ਵੀ ਗੰਭੀਰ ਚਿੰਤਾ ਦਾ ਕਾਰਨ ਹੈ ਕਿ ਆਤਮ ਹੱਤਿਆ ਕਰਨ ਵਾਲਿਆਂ ਵਿੱਚ ਨੌਜਵਾਨਾਂ ਦੀ ਗਿਣਤੀ ਸਭ ਤੋਂ ਵੱਧ ਹੈ। ਵੱਖ-ਵੱਖ ਦੇਸ਼ਾਂ ਵਿੱਚ ਇਹ ਆਤਮ ਹੱਤਿਆਵਾਂ ਦੀ ਦਰ 01 ਲੱਖ ਪਿੱਛੇ 5 ਤੋਂ 30 ਵਿਅਕਤੀਆਂ ਦੀ ਹੈ। ਆਤਮ ਹੱਤਿਆਵਾਂ ਦੀਆਂ ਲੱਗਭੱਗ 79 ਫਿਸਦੀ ਘਟਨਾਵਾਂ ਘੱਟ ਅਤੇ ਮੱਧਿਅਮ ਆਮਦਨੀ ਵਾਲੇ ਦੇਸ਼ਾਂ ਵਿੱਚ ਵਾਪਰਦੀਆਂ ਹਨ ਅਤੇ ਇਨ੍ਹਾਂ ਦੇਸ਼ਾਂ ਵਿੱਚ ਇਹ ਦਰ ਇੱਕ ਲੱਖ ਪਿੱਛੇ 11.5 ਤੱਕ ਪਹੁੰਚ ਰਹੀ ਹੈ। ਉੱਚ ਆਮਦਨ ਵਾਲੇ ਦੇਸ਼ਾਂ ਵਿੱਚ ਮਹਿਲਾਵਾਂ ਦੇ ਮੁਕਾਬਲੇ ਪੁਰਸ਼ ਲੱਗਭੱਗ ਤਿੰਨ ਗੁਣਾ ਵੱਧ ਆਤਮ ਹੱਤਿਆਵਾਂ ਕਰਦੇ ਹਨ ਜਦਕਿ ਘੱਟ ਅਤੇ ਮੱਧਿਅਮ ਆਮਦਨ ਵਾਲੇ ਦੇਸ਼ਾਂ ਵਿੱਚ ਆਤਮ ਹੱਤਿਆਵਾਂ ਕਰਨ ਵਾਲੇ ਪੁਰਸ਼ਾਂ ਅਤੇ ਮਹਿਲਾਵਾਂ ਦੀ ਗਿਣਤੀ ਲੱਗਭੱਗ ਬਰਾਬਰ ਹੀ ਰਹਿੰਦੀ ਹੈ। ਆਤਮ ਹੱਤਿਆ ਦੇ ਕਾਰਨਾਂ ਸਬੰਧੀ ਪ੍ਰਾਪਤ ਜਾਣਕਾਰੀ ਅਨੁਸਾਰ ਨੌਜਵਾਨਾਂ ਵਿੱਚ ਆਤਮ ਹੱਤਿਆਵਾਂ ਦੇ ਪ੍ਰਮੁੱਖ ਕਾਰਨਾਂ ਵਿੱਚ ਪੜ੍ਹਾਈ ਦਾ ਦਬਾਓ, ਵਿਗੜ ਰਹੇ ਪਰਿਵਾਰਿਕ ਰਿਸ਼ਤੇ, ਲੜਾਈ ਝਗੜੇ, ਅਸਫਲ ਪਿਆਰ, ਵਿਆਹੁਤਾ ਜਿੰਦਗੀ ਵਿੱਚ ਗੜਬੜੀ, ਭਵਿੱਖ ਦੀ ਚਿੰਤਾ, ਬੇਰੋਜ਼ਗਾਰੀ, ਨਸ਼ੇ ਆਦਿ ਸ਼ਾਮਲ ਹਨ। ਸੜ੍ਹਕ ਦੁਰਘਟਨਾ ਵਿੱਚ ਲੱਗੀਆਂ ਗੰਭੀਰ ਸੱਟਾਂ ਵੀ 15 ਤੋਂ 29 ਸਾਲ ਦੇ ਨੌਜਵਾਨਾਂ ਵਿੱਚ ਆਤਮ ਹੱਤਿਆ ਦਾ ਮੁੱਖ ਕਾਰਨ ਹਨ। ਮਹਿਲਾਵਾਂ ਦੁਆਰਾ ਆਤਮ ਹੱਤਿਆ ਦੀ ਕੋਸ਼ਿਸ਼ ਜਿਆਦਾ ਕੀਤੀ ਜਾਂਦੀ ਹੈ। ਆਤਮ ਹੱਤਿਆ ਕਰਨ ਦੇ ਸਭ ਤੋਂ ਵੱਧ ਪ੍ਰਚੱਲਿਤ ਤਰੀਕਿਆਂ ਵਿੱਚ ਫਾਂਸੀ ਲਗਾਉਣਾ, ਜ਼ਹਿਰ ਖਾਣਾ, ਖੁਦ ਨੂੰ ਅੱਗ ਲਗਾਉਣਾ, ਪਾਣੀ ਵਿੱਚ ਡੁੱਬਣਾ, ਰੇਲ ਗੱਡੀ ਅੱਗੇ ਛਲਾਂਗ ਲਗਾਉਣਾ ਆਦਿ ਸ਼ਾਮਿਲ ਹਨ। ਅੰਤਰਰਾਸ਼ਟਰੀ ਆਤਮ ਹੱਤਿਆ ਰੋਕਥਾਮ ਸੰਗਠਨ - ਆਈ ਏ ਐਸ ਪੀ ਦੇ ਪ੍ਰਧਾਨ ਪ੍ਰੋਫੈਸਰ ਰੋਰੀ ਓ ਕੋਨੋਰ ਅਨੁਸਾਰ "ਜਿਵੇਂ ਕਿ ਅਸੀਂ ਇੱਕ ਅਜਿਹੀ ਦੁਨੀਆਂ ਦੇ ਅਪਣੇ ਦ੍ਰਿਸ਼ਟੀਕੋਣ ਤੇ ਕੰਮ ਕਰਨਾ ਜਾਰੀ ਰੱਖਦੇ ਹਾਂ ਜਿੱਥੇ ਬਹੁਤ ਘੱਟ ਲੋਕ ਆਤਮ ਹੱਤਿਆ ਦੁਆਰਾ ਅਪਣੀ ਜਾਨ ਗੁਆਂਉਦੇ ਹਨ ਸਾਡਾ ਮੰਨਣਾ ਹੈ ਕਿ ਕਾਰਵਾਈ ਦੁਆਰਾ ਉਮੀਦ ਬਣਾਉਣਾ ਇੱਕ ਆਸ਼ਾਵਾਦੀ ਸੁਨੇਹਾ ਹੈ ਜਿਸਦਾ ਉਦੇਸ਼ ਲੋਕਾਂ ਵਿੱਚ ਇਸ ਗੁੰਝਲਦਾਰ ਵਿਸ਼ੇ ਨਾਲ ਜੁੜ੍ਹੇ ਰਹਿਣ ਲਈ ਵਿਸ਼ਵਾਸ਼ ਪੈਦਾ ਕਰਨਾ ਹੈ।'' ਸਾਲ 2021 ਤੋਂ 2023 ਤੱਕ ਇਸ ਥੀਮ 'ਕਾਰਵਾਈ ਦੁਆਰਾ ਉਮੀਦ ਬਣ-ਾਉਣਾ' ਦੁਆਰਾ ਆਤਮ ਹੱਤਿਆਵਾਂ ਸਬੰਧੀ ਰੋਕਥਾਮ ਦੀ ਇੱਕ ਲਹਿਰ ਪੈਦਾ ਕਰਨ, ਵਿਉਹਾਰ ਵਿੱਚ ਬਦਲਾਓ ਲਿਆਉਣ ਲਈ ਮਹੱਤਵਪੂਰਨ ਕੰਮ ਕੀਤਾ ਜਾਵੇਗਾ। ਵੱਖ ਵੱਖ ਅੰਤਰਰਾਸ਼ਟਰੀ ਸੰਗਠਨਾ ਦੀਆ ਕੋਸ਼ਿਸ਼ਾਂ ਦੇ ਬਾਬਜੂਦ ਵੀ ਆਤਮ ਹੱਤਿਆਵਾਂ ਨੂੰ ਰੋਕਣ ਸਬੰਧੀ ਠੋਸ ਰਣਨੀਤੀ ਤਿਆਰ ਕਰਨ ਲਈ ਅਜੇ ਤੱਕ ਦੁਨੀਆਂ ਦੇ ਸਿਰਫ 38 ਦੇਸ਼ਾਂ ਨੇ ਹੀ ਕਾਰਵਾਈ ਕੀਤੀ ਹੈ। ਭਾਰਤ ਵਿੱਚ ਆਤਮ ਹੱਤਿਆਵਾਂ ਨਾਲ ਹੋਣ ਵਾਲੀਆਂ ਮੌਤਾਂ ਵਿੱਚ 15 ਤੋਂ 35 ਸਾਲ ਦੇ ਉਮਰ ਦੇ ਨੌਜਵਾਨਾਂ ਦੀ ਗਿਣਤੀ ਬਹੁਤ ਜਿਆਦਾ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਨੇ ਅਗਸਤ 2022 ਵਿੱਚ ਭਾਰਤ ਵਿੱਚ ਆਤਮ ਹੱਤਿਆ ਦੀਆਂ ਮੌਤਾਂ ਦੇ ਅੰਕੜੇ ਜਾਰੀ ਕੀਤੇ ਅਤੇ ਇਹ ਅੰਕੜੇ ਹੈਰਾਨ ਕਰਨ ਵਾਲੇ ਸਨ। ਸਾਲ 2021 ਵਿੱਚ ਦੇਸ਼ ਵਿੱਚ ਕੁੱਲ 164033 ਖੁਦਕੁਸ਼ੀਆਂ ਹੋਈਆਂ ਜੋ ਕੁੱਲ ਸੰਖਿਆ ਦੇ ਮਾਮਲੇ ਵਿੱਚ ਪਿਛਲੇ ਸਾਲ ਦੇ ਮੁਕਾਬਲੇ 7.2% ਵੱਧ ਹਨ। ਖੁਦਕੁਸ਼ੀ ਦੀ ਦਰ ਵੇਖੀਏ ਤਾਂ ਭਾਰਤ ਨੇ 12 ਪ੍ਰਤੀ ਲੱਖ ਆ-ਬਾਦੀ ਦੀ ਦਰ ਦਰਜ ਕੀਤੀ ਹੈ ਅਤੇ ਇਹ ਦਰ 2020 ਦੇ ਮੁਕਾਬਲੇ 2021 ਦੌਰਾਨ 6.2% ਦੇ ਵਾਧੇ ਨੂੰ ਦਰਸਾਉਂਦੀ ਹੈ। ਸਾਲ 1967 ਵਿੱਚ ਐਨਸੀਆਰਬੀ ਦੁਆਰਾ ਖੁਦਕੁਸ਼ੀਆਂ ਦੀ ਰਿਪੋਰਟਿੰਗ ਸ਼ੁਰੂ ਹੋਣ ਤੋਂ ਬਾਅਦ ਦੇਸ਼ ਵਿੱਚ ਦਰਜ ਕੀਤੀ ਗਈ ਸੰਖਿਆ ਹੁਣ ਤੱਕ ਦੀ ਸਭ ਤੋਂ ਵੱਧ ਦਰਜ ਕੀਤੀ ਗਈ ਹੈ। ਇਹ ਚਿੰਤਾ ਦਾ ਅਸਲ ਕਾਰਨ ਹੈ। ਸਾਲ 1984 ਵਿੱਚ ਆਤਮ ਹੱਤਿਆਵਾਂ ਦੀ ਗਿਣਤੀ 50 ਹਜ਼ਾਰ ਦੇ ਅੰਕੜੇ ਨੂੰ ਪਾਰ ਕਰ ਗਈ ਸੀ ਅਤੇ 1991 ਵਿੱਚ 75 ਹਜ਼ਾਰ ਦੇ ਅੰਕੜੇ ਨੂੰ ਪਾਰ ਕਰ ਗਈ ਸੀ ਅਤੇ ਸਾਲ 1998 ਵਿੱਚ ਆਤਮ ਹੱਤਿਆਵਾਂ ਦਾ ਅੰਕੜਾ ਇਕ ਲੱਖ ਨੂੰ ਪਾਰ ਕਰ ਗਿਆ ਸੀ ਕਿਉਂਕਿ ਉਸ ਸਾਲ 1.04 ਲੱਖ ਮੌਤਾਂ ਹੋਈਆਂ ਸਨ। ਸਭ ਤੋਂ ਵੱਧ ਖੁਦਕੁਸ਼ੀਆਂ ਮਹਾਰਾਸ਼ਟਰ, ਤਾਮਿਲਨਾਡੂ, ਮੱਧ ਪ੍ਰਦੇਸ਼, ਪੱਛਮੀ ਬੰਗਾਲ ਅਤੇ ਕਰਨਾਟਕ ਵਿੱਚ ਹੋਈਆਂ। ਇਨ੍ਹਾਂ ਪੰਜ ਰਾਜਾਂ ਵਿੱਚ ਮਿਲਕੇ ਦੇਸ਼ ਵਿੱਚ ਹੋਈਆਂ ਕੁੱਲ ਖੁਦਕੁਸ਼ੀਆਂ ਦਾ 50.4ਗ਼ ਹਿੱਸਾ ਹੈ। ਖੁਦ-ਕੁਸ਼ੀਆਂ ਦੀਆਂ ਦਰਾਂ ਦੇ ਮਾਮਲੇ ਵਿੱਚ ਅੰਡੇਮਾਨ ਅਤੇ ਨਿਕੋਬਾਰ ਟਾਪੂਆਂ ਵਿੱਚ ਖੁਦਕੁਸ਼ੀਆਂ ਦੀ ਸਭ ਤੋਂ ਵੱਧ ਦਰ 39.7 ਦਰਜ ਕੀਤੀ ਗਈ ਜਿਸ ਤੋਂ ਬਾਅਦ ਸਿੱਕਮ ਵਿੱਚ 39.2, ਪੁਡੂਚੇਰੀ ਵਿੱਚ 31.8, ਤੇਲੰਗਾਨਾ ਵਿੱਚ 26.9 ਅਤੇ ਕੇਰਲ ਵਿੱਚ 26.9 ਹੈ। ਰਿਪੋਰਟ ਮੁਤਾਬਿਕ ਖੁਦਕੁਸ਼ੀਆਂ ਦਾ ਮੁੱਖ ਕਾਰਨ ਪਰਿਵਾਰਕ ਸਮੱਸਿਆਵਾਂ ਅਤੇ ਬਿਮਾਰੀਆਂ ਸਨ। ਸਾਲ 2021 ਲਈ ਖੁਦਕੁਸ਼ੀ ਪੀੜ੍ਹਿਤਾਂ ਦਾ ਮਰਦ-ਔਰਤ ਅਨੁਪਾਤ 72.5 ਅਤੇ 27.4 ਸੀ ਜੋਕਿ ਸਾਲ 2020 ਵਿੱਚ 70.9 ਅਤੇ 29.1 ਦੇ ਮੁਕਾਬਲੇ ਜ਼ਿਆਦਾ ਹੈ। ਰਿਪੋਰਟ ਹੋਈਆਂ ਕੁੱਲ 118979 ਮਰਦਾਂ ਦੀਆਂ ਖੁਦਕੁਸ਼ੀਆਂ ਵਿੱਚੋਂ ਸਭ ਤੋਂ ਵੱਧ ਖ਼ੁਦਕੁਸ਼ੀਆਂ ਦਿਹਾੜੀਦਾਰ ਮਜ਼ਦੂਰਾਂ ਦੁਆਰਾ ਕੀਤੀਆਂ ਗਈਆਂ ਹਨ ਅਤੇ ਉਸ ਤੋਂ ਬਾਅਦ ਸਵੈ-ਰੁਜ਼ਗਾਰ ਵਾਲੇ ਵਿਅਕਤੀਆਂ ਨੇ ਕੀਤੀਆ ਹਨ। ਖੁਦਕੁਸ਼ੀਆਂ ਕਰਨ ਵਾਲੀਆਂ ਔਰਤਾਂ ਵਿੱਚ ਵੀ ਦਿਹਾੜੀਦਾਰ ਮਹਿਲਾਵਾਂ ਦਾ ਤੀਜਾ ਸਥਾਨ ਹੈ। ਕੁੱਲ ਖੁਦਕੁਸ਼ੀਆਂ ਦਾ 34.5% ਔਸਤਨ 18 ਤੋਂ 30 ਸਾਲ ਦੀ ਉਮਰ ਅਤੇ 31.7% ਔਸਤਨ 30 ਤੋਂ 45 ਸਾਲ ਦੀ ਉਮਰ ਦੇ ਵਿਅਕਤੀ ਹਨ। ਇਹਨਾਂ ਵਿੱਚ ਵਿਦਿਆਰਥੀ ਵੀ ਵੱਡੀ ਗਿਣਤੀ ਵਿੱਚ ਸ਼ਾਮਿਲ ਸਨ। ਲੱਗਭੱਗ 13039 ਵਿਦਿਆਰਥੀਆਂ ਦੀ ਖੁਦਕੁਸ਼ੀ ਕਾਰਨ ਮੌਤ ਹੋਈ ਹੈ ਜਦੋਂ ਅਸੀਂ ਖੁਦਕੁਸ਼ੀ ਪੀੜਤਾਂ ਦੀ ਆਰਥਿਕ ਸਥਿਤੀ ਤੇ ਨਜ਼ਰ ਮਾਰਦੇ ਹਾਂ ਤਾਂ ਲੱਗਭੱਗ 64.2% ਦੀ ਸਾਲਾਨਾ ਆਮਦਨ ਇੱਕ ਲੱਖ ਰੁਪਏ ਤੋਂ ਘੱਟ ਸੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਰਿਪੋਰਟਾਂ ਅਨੁਸਾਰ ਲੱਗਭੱਗ 3330 ਕਿਸਾਨਾਂ ਅਤੇ 730 ਖੇਤ ਮਜਦੂਰਾਂ ਨੇ ਆਤਮ ਹੱਤਿਆਵਾਂ ਕੀਤੀਆਂ ਹਨ ਅਤੇ ਇਨ੍ਹਾਂ ਵਿੱਚੋਂ ਬਹੁਤੀਆਂ ਘਟਨਾਵਾਂ ਦਾ ਮੁੱਖ ਕਾਰਨ ਆਰਥਿਕਤਾ ਹੀ ਬਣਿਆ ਹੈ। ਪੰਜਾਬ ਵਿੱਚ ਪਿਛਲੇ 10 ਸਾਲਾਂ ਵਿੱਚ ਲੱਗਭੱਗ 1806 ਕਿਸਾਨ ਅਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਪੰਜਾਬ ਵਿਧਾਨ ਸਭਾ ਵਿੱਚ ਪੇਸ਼ ਕੀਤੀ ਰਿਪੋਰਟ ਅਨੁਸਾਰ ਮਾਰਚ 2012 ਤੋਂ ਫਰਵਰੀ 2023 ਤੱਕ 1403 ਕਿਸਾਨਾਂ ਅਤੇ 403 ਖੇਤ ਮਜ਼ਦੂਰਾਂ ਨੇ ਆਤਮ ਹੱਤਿਆ ਕੀਤੀ ਹੈ। ਸਭ ਤੋਂ ਵੱਧ ਕਿਸਾਨ ਖੁਦਕੁਸ਼ੀਆਂ ਮਾਨਸਾ ਜਿਲ੍ਹੇ ਵਿੱਚ 314 ਅਤੇ ਬਠਿੰਡਾ ਜ਼ਿਲ੍ਹੇ ਵਿੱਚ 269 ਹੋਈਆਂ ਹਨ। ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਵਿੱਚ ਸਭ ਤੋਂ ਵੱਧ ਮਾਨਸਾ ਜ਼ਿਲ੍ਹੇ ਵਿੱਚ 89 ਅਤੇ ਮਲੇਰਕੋਟਲਾ ਵਿੱਚ 70 ਹੋਈਆਂ ਹਨ। ਕਿਸਾਨਾਂ ਅਤੇ ਖੇਤ ਮਜਦੂਰਾਂ ਵਿੱਚ ਆਤਮ ਹੱਤਿਆਵਾਂ ਦੀ ਦਰ ਲਗਾਤਾਰ ਵੱਧ ਰਹੀ ਹੈ। ਇਸਦਾ ਸਭ ਤੋਂ ਵੱਡਾ ਕਾਰਨ ਬੈਂਕਾਂ ਤੋਂ ਲਿਆ ਕਰਜਾ ਹੈ। ਆਤਮ ਹੱਤਿਆ ਦੇ ਸਾਹਮਣੇ ਆਏ ਹੋਰ ਕਾਰਨਾਂ ਵਿੱਚ ਵਿਆਹੁਤਾ ਜੀਵਨ ਸਬੰਧੀ ਝਗੜੇ, ਪ੍ਰਿਖਿਆ ਵਿੱਚ ਫੇਲ ਹੋਣਾ, ਕੋਈ ਗੰਭੀਰ ਬਿਮਾਰੀ ਹੋਣਾ, ਨਸ਼ਿਆਂ ਵਿੱਚ ਫਸੇ ਹੋਣਾ, ਗਰੀਬੀ, ਬੇਰੋਜ਼ਗਾਰੀ, ਜਾਇਦਾਦ ਦੇ ਝਗੜੇ, ਵਿੱਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਨੂੰ ਹੁੰਦੀ ਮਾਨਸਿਕ ਪ੍ਰੇਸ਼ਾਨੀ ਅਤੇ ਰੈਗਿੰਗ, ਧਾਰਮਿਕ ਅਧਾਰ ਤੇ ਅਪਣੀ ਜਾਨ ਦਾ ਬਲਿਦਾਨ ਦੇਣਾ, ਕਿਸੇ ਖਾਸ ਵਿਅਕਤੀ ਦੀ ਮੌਤ ਤੇ ਦੁਖੀ ਹੋਕੇ ਅਪਣੀ ਜਾਨ ਦੇਣਾ, ਸਮਾਜਿਕ ਰਾਜਨੀਤਿਕ ਅੰਦੋਲਨਾਂ ਵਿੱਚ ਅਪਣੀ ਜਾਨ ਦਾ ਬਲਿਦਾਨ ਦੇਣਾ ਆਦਿ ਸ਼ਾਮਿਲ ਹਨ। ਸਾਲ 2020 ਵਿੱਚ ਵਿਸ਼ਵ ਪੱਧਰ ਤੇ ਫੈਲੀ ਕੋਰੋਨਾ ਮਹਾਂਮਾਰੀ ਕਾਰਨ ਪ੍ਰੇਸ਼ਾਨੀ ਵਿੱਚ ਵੀ ਕਈ ਵਿਅਕਤੀਆਂ ਨੇ ਦੁਖੀ ਹੋਕੇ ਆਤਮ ਹੱਤਿਆ ਕੀਤੀ ਹੈ। ਸਾਡੇ ਦੇਸ਼ ਵਿੱਚ ਸਮੇਂ-ਸਮੇਂ ਤੇ ਕਈ ਬਹੁਤ ਹੀ ਮਹੱਤਵਪੂਰਨ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਵਿਅਕਤੀਆਂ ਵਲੋਂ ਆਤਮ ਹੱਤਿਆ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜੋਕਿ ਬਾਕੀ ਲੋਕਾਂ ਲਈ ਵੀ ਨਿਰਾਸ਼ਾ ਵਧਾ ਰਹੀਆਂ ਹਨ। ਭਾਰਤ ਵਿੱਚ ਆਤਮ ਹੱਤਿਆ ਦੇ ਮੁੱਖ ਤਰੀਕਿਆਂ ਵਿੱਚ ਲੱਗਭੱਗ 33 ਫਿਸਦੀ ਜਹਿਰ ਖਾਣਾ, 26 ਫਿਸਦੀ ਰੱਸੇ ਨਾਲ ਲਟਕਣਾ ਸ਼ਾਮਿਲ ਹੈ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਨੇ ਆਪਣੀ ਰਿਪੋਰਟ ਵਿੱਚ ਕਿਹਾ ਹੈ ਕਿ ਪੇਸ਼ੇਵਰ ਜਾਂ ਜਿੰਦਗੀ ਦੇ ਕੈਰੀਅਰ ਨਾਲ ਜੁੜ੍ਹੀਆਂ ਸਮੱਸਿਆਵਾਂ, ਅਲੱਗ-ਥਲੱਗ ਰਹਿਣ ਦੀ ਭਾਵਨਾ, ਦੁਰਵਿਹਾਰ, ਹਿੰਸਾ, ਪਰਿਵਾਰਕ ਸਮੱਸਿਆਵਾਂ, ਮਾਨਸਿਕ ਵਿਕਾਰ, ਨਸ਼ਿਆਂ ਦੀ ਆਦਤ, ਵਿੱਤੀ ਨੁਕਸਾਨ, ਗੰਭੀਰ ਬਿਮਾਰੀ ਆਦਿ ਆਤਮ ਹੱਤਿਆ ਕਰਨ ਦੇ ਵੱਖ-ਵੱਖ ਕਾਰਨ ਹਨ। ਵੱਖ ਵੱਖ ਦੇਸ਼ਾਂ ਵਿੱਚ ਆਤਮ ਹੱਤਿਆਵਾਂ ਨੂੰ ਘਟਾਉਣ ਲਈ ਕਈ ਕਦਮ ਚੁੱਕੇ ਗਏ ਹਨ। ਆਤਮ ਹੱਤਿਆ ਦੀ ਰੋਕਥਾਮ ਸਬੰਧੀ ਸ਼੍ਰੀ ਲੰਕਾ ਵਿੱਚ ਕੀਤੇ ਗਏ ਸਰਵੇਖਣ ਅਤੇ ਚੁੱਕੇ ਗਏ ਕਦਮਾਂ ਨੂੰ ਸਭ ਤੋਂ ਵੱਧ ਪ੍ਰਭਾਵਸ਼ਾਲੀ ਮੰਨਿਆ ਗਿਆ ਹੈ। ਇੱਥੇ ਲਗਾਈਆਂ ਗਈਆਂ ਰੋਕਾਂ ਅਤੇ ਕੀਤੀ ਗਈ ਸੱਖਤੀ ਨਾਲ ਆਤਮ ਹੱਤਿਆਵਾਂ ਦੀਆਂ ਘਟਨਾਵਾਂ ਵਿੱਚ ਲੱਗਭੱਗ 70 ਫਿਸਦੀ ਕਮੀ ਆਈ ਹੈ ਅਤੇ 1995 ਤੋਂ 2015 ਦੌਰਾਨ ਲੱਗਭੱਗ 93000 ਵਿਅਕਤੀਆਂ ਦੀ ਜਾਨ ਬਚਾਈ ਗਈ ਹੈ। ਕੋਰੀਆ ਵਿੱਚ ਵੀ ਇਸ ਸਬੰਧੀ ਕਾਫੀ ਸਫਲਤਾ ਮਿਲੀ ਹੈ ਜਿੱਥੇ ਸਾਲ 2000 ਵਿੱਚ ਪੈਰਾਕਬਾਟ ਕੀੜੇਮਾਰ ਦਵਾਈ ਨਾਲ ਵੱਡੀ ਗਿਣਤੀ ਵਿੱਚ ਆਤਮ ਹੱਤਿਆਵਾਂ ਹੋਈਆਂ ਸਨ ਅਤੇ 2011-2012 ਵਿੱਚ ਇਸ ਤੇ ਪਾਬੰਦੀ ਲਗਾਉਣ ਕਾਰਨ ਇਸ ਕਾਰਨ ਹੋਣ ਵਾਲੀਆਂ ਮੌਤਾਂ ਵਿੱਚ ਕਾਫੀ ਕਮੀ ਆਈ ਹੈ। ਸਾਡੇ ਦੇਸ਼ ਵਿੱਚ ਵੀ ਇਸ ਸਬੰਧੀ ਕੁੱਝ ਕਦਮ ਚੁੱਕੇ ਗਏ ਹਨ ਜਿਵੇਂ ਕਿ ਵਿਦਿੱਅਕ ਅਦਾਰਿਆਂ ਵਿੱਚ ਰੈਗਿੰਗ ਤੇ ਪਾਬੰਦੀ ਲਗਾਈ ਗਈ ਹੈ, ਕਈ ਕੀਟਨਾਸ਼ਕਾਂ ਦੀ ਵਿਕਰੀ ਲਈ ਸਖਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਕਰਜੇ ਵਿੱਚ ਫਸੇ ਕਿਸਾਨਾਂ, ਖੇਤ ਮਜਦੂਰਾਂ ਅਤੇ ਹੋਰ ਵਿਅਕਤੀਆਂ ਨੂੰ ਰਾਹਤ ਦਿਤੀ ਗਈ ਹੈ। ਹਰ ਵਿਅਕਤੀ ਦੀ ਜਿੰਦਗੀ ਪਰਿਵਾਰ, ਸਮਾਜ, ਦੇਸ਼ ਅਤੇ ਵਿਸ਼ਵ ਲਈ ਬਹੁਮੁੱਲੀ ਹੈ ਅਤੇ ਆਤਮ ਹੱਤਿਆ ਕਾਰਨ ਹੋਣ ਵਾਲੀ ਮੌਤ ਉਸ ਵਿਅਕਤੀ ਦੇ ਪਰਿਵਾਰ, ਦੋਸਤਾਂ, ਸਾਥੀਆਂ, ਸਮਾਜ ਅਤੇ ਦੇਸ਼ ਲਈ ਵੱਡਾ ਘਾਟਾ ਰਹਿੰਦੀ ਹੈ। ਮਾਨਸਿਕ ਸਿਹਤ ਅਤੇ ਆਤਮ ਹੱਤਿਆ ਦੀ ਰੋਕਥਾਮ ਵਿੱਚ ਜਨਰਲ ਡਾਕਟਰਾਂ ਦੀ ਸਿਖਲਾਈ ਡਾਕਟਰਾਂ ਦੇ ਪੱਧਰ ਤੇ ਆਤਮ ਹੱਤਿਆ ਦੇ ਵਿਵਹਾਰ ਦੀ ਖੋਜ ਨੂੰ ਵਧਾਉਣ ਅਤੇ ਸਹੀ ਰੈਫਰਲ ਅਤੇ ਇਲਾਜ ਨੂੰ ਯਕੀਨੀ ਬਣਾਉਣ ਲਈ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਇੱਕ ਹੋ ਸਕਦਾ ਹੈ। ਦੇਸ਼ ਨੂੰ ਆਤਮ ਹੱਤਿਆ ਦੀ ਰੋਕਥਾਮ ਲਈ ਰਾਸ਼ਟਰੀ ਨੀਤੀ ਦੀ ਲੋੜ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਰੋਕਥਾਮ ਵਿਧੀਆਂ ਦੇਸ਼, ਰਾਜ, ਜ਼ਿਲ੍ਹੇ, ਸ਼ਹਿਰ, ਕਸਬੇ, ਪਿੰਡ ਸਾਰੇ ਪੱਧਰਾਂ ਤੇ ਲਾਗੂ ਹੋਣ। ਵਿਸ਼ਵ ਸਿਹਤ ਸੰਗਠਨ ਦੇ 2030 ਤੱਕ ਪ੍ਰਾਪਤ ਕੀਤੇ ਜਾਣ ਵਾਲੇ "ਚੰਗੀ ਸਿਹਤ ਅਤੇ ਤੰਦਰੁਸਤੀ" ਦੇ ਟਿਕਾਊ ਵਿਕਾਸ ਟੀਚੇ ਦੇ ਟੀਚਿਆਂ ਵਿੱਚੋਂ ਇੱਕ ਹੈ ਅਤੇ ਭਾਰਤ ਇਨ੍ਹਾਂ ਲਈ ਇੱਕ ਹਸਤਾਖਰਕਰਤਾ ਹੈ।

ਆਤਮ ਹੱਤਿਆ ਦੀਆਂ ਘਟਨਾਵਾਂ ਅਤੇ ਇਸ ਨਾਲ ਹੋਣ ਵਾਲੀਆਂ ਮੌਤਾਂ ਨੂੰ ਕਾਫੀ ਹੱਦ ਤੱਕ ਰੋਕਿਆ ਅਤੇ ਘਟਾਇਆ ਜਾ ਸਕਦਾ ਹੈ। ਇਸ ਲਈ ਸਾਰੇ ਦੇਸ਼ਾਂ ਨੂੰ ਅਪਣੇ ਰਾਸ਼ਟਰੀ ਸਿਹਤ ਅਤੇ ਸਿੱਖਿਆ ਦੀਆਂ ਨੀਤੀਆਂ ਵਿੱਚ ਆਤਮ ਹੱਤਿਆ ਦੀ ਰੋਕਥਾਮ ਲਈ ਰਣਨੀਤੀਆਂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਆਤਮ ਹੱਤਿਆ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਰਕਾਰਾਂ, ਸਮਾਜਿਕ, ਧਾਰਮਿਕ, ਰਾਜਨੀਤਿਕ ਆਗੂਆਂ, ਬੁੱਧੀਜੀਵੀਆਂ ਨੂੰ ਇਸ ਸਮੱਸਿਆ ਪ੍ਰਤੀ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਅਤੇ ਇਸਦੇ ਹੱਲ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ।




## ਇਸ ਤਰ੍ਹਾਂ ਬੇਰੁਜ਼ਗਾਰਾਂ, ਮਜ਼ਦੂਰਾਂ ਨੂੰ ਅਤੇ ਬਜ਼ੁਰਗਾਂ ਨੂੰ ਜੋ ਕਮਾ ਕੇ ਨਹੀਂ ਖਾ ਸਕਦੇ ਮਿਲ ਸਕਦੀਆਂ ਨੇ ਸਹੂਲਤਾਂ

ਹੁਣ ਦੇ ਸਮੇਂ ਚ ਆਪਣੀ ਆਪਣੀ ਥਾਂ ਤੇ ਹਰ ਇੱਕ ਇੰਨਸਾਨ ਹੀ ਪੜਿਆ ਲਿਖਿਆ ਹੈ ਆਪਣੀ ਆਪਣੀ ਥਾਂ ਤੇ ਹਰੇਕ ਇਨਸਾਨ ਨੇ ਹੀ ਪੜਾਈ ਤੇ ਖ਼ਰਚਾ ਕੀਤਾ ਹੁੰਦਾ ਹੈ ਅਤੇ ਹਰੇਕ ਇਨਸਾਨ ਹੀ ਪੜ ਲਿਖ ਕੇ ਆਪਣੀ ਨੌਕਰੀ ਦੀ ਤਲਾਸ਼ ਕਰਦਾ ਹੈ। ਕਿਸੇ ਨੂੰ ਨੌਕਰੀ ਮਿਲਣੀ ਨਾ ਮਿਲਣੀ ਉਹ ਗੱਲ ਅਲੱਗ ਹੈ।

ਹੁਣ ਹਿਸਾਬ ਲਾ ਕੇ ਵੇਖਿਆ ਜਾਵੇ ਤਾਂ ਇੱਕ ਇੰਨਸਾਨ ਸਰਕਾਰ ਦੀ ਡਿਊਟੀ ਕਰਦਾਂ ਹੈਂ, ਸਰਕਾਰ ਤੋਂ ਹਜ਼ਾਰਾਂ ਰੁਪਇਆਂ ਤਨਖਾਹ ਦਾ .ਲੈ ਰਿਹਾ ਹੈ, ਸਰਕਾਰ ਤੋਂ ਹਰ ਸਹੂਲਤ ਲੈ ਰਿਹਾ ਹੈ, ਬੇਸ਼ੱਕ ਜਿੰਨੀ ਮਰਜ਼ੀ ਮਹਿੰਗਾਈ ਹੈਂ।

ਪੂਰਾ ਖੁੱਲ੍ਹਾ ਖ਼ਰਚ ਕਰਕੇ ਵੀ ਉਸਨੂੰ ਬੱਚਤ ਹੋ ਜਾਂਦੀ ਹੈ। ਇਹ ਸਰਕਾਰ ਨੂੰ ਵੀ ਸਭ ਪਤਾ ਹੈ।

ਦੂਸਰੇ ਪਾਸੇ ਉਸ ਤੋਂ ਵੀ ਜ਼ਿਆਦਾ ਪੜੇ ਲਿਖੇ ਇੰਨਸਾਨ ਬੇਰੁਜ਼ਗਾਰੀ ਦੀ ਦਲ ਦਲ ਚ ਫ਼ਸੇ ਹੋਏ ਨੇ ਨਸ਼ਿਆਂ ਨਾ.ਲ ਆਪਣੀ ਜ਼ਿੰਦਗੀ ਨੂੰ ਤਬਾਹ ਕਰ ਰਹੇ ਨੇ। ਅਗਰ ਕਿਸੇ ਨੂੰ ਕੋਈ ਪ੍ਰਾਈਵੇਟ ਰੁਜ਼ਗਾਰ ਮਿਲਦਾ ਵੀ ਹੈ ਤਾ ਫਿਰ ਵੱਧ ਤੋਂ ਵੱਧ 10 ਹਜ਼ਾਰ ਰੁਪਏ ਮਿਲਦਾ।

ਇੰਨੀ ਜ਼ਿਆਦਾ ਮਹਿੰਗਾਈ ਚ ਦੱਸ ਹਜ਼ਾਰ ਰੁਪਏ ਨਾਲ ਕਿਸੇ ਦਾ ਕੁਛ ਵੀ ਨਹੀਂ ਬਣਦਾ ਹੈ।

ਆਪਾਂ ਸਭ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਅਬਾਦੀ ਵੱਧੀ ਹੋਈ ਹੈ, ਨੌਕਰੀਆਂ ਇੰਨੀਆਂ ਹੈ ਨਹੀਂ ਹੁਣ ਸਰਕਾਰ ਇਕੱਲੇ ਇਕੱਲੇ ਨੂੰ ਨੌਕਰੀ ਨਹੀ ਦੇ ਸਕਦੀ। ਤੇ ਨਾਂ ਹੀ ਸਰਕਾਰ ਕੋਲ ਇੰਨਾ ਪੈਸਾ ਹੈ ਤਨਖਾਹਾਂ ਦੇਣ ਲਈ। ਇਹ ਸਿਸਟਮ ਇਸ ਤਰ੍ਹਾਂ ਠੀਕ ਹੋ ਸਕਦਾ ਹੈ ਕਿ ਜਿੰਨੇਂ ਵੀ ਸਰਕਾਰ ਦੇ ਮੁਲਾਜ਼ਮ ਨੇ ਹਰੇਕ ਮੁਲਾਜ਼ਮ ਦੀ ਤਨਖਾਹ ਚੋਂ 10% ਘਟੌਤੀ ਕਰੇ ਸਰਕਾਰ ਬਹੁਤ ਫ਼ਰਕ ਪੈ ਜਾਵੇਗਾ। ਉਹੀ ਬੇਰੁਜ਼ਗਾਰਾਂ ਨੂੰ ਸਹੂਲਤਾਂ ਦੇਵੇ।

ਕਿਉਂ ਕਿ ਬੇਰੁਜ਼ਗਾਰਾਂ ਨੇਂ ਵੀ ਪੜ੍ਹਾਈ ਤੇ ਖਰਚੇ ਕੀਤੇ ਨੇ ਬੇਰੁਜ਼ਗਾਰਾਂ ਨੇਂ ਵੀ ਆਪਣੀ ਮਿਹਨਤ ਕੀਤੀ ਹੈ। ਬਾਕੀ ਜਦੋਂ ਇੱਕ ਪ੍ਰਾਈਵੇਟ ਮੁਲਾਜ਼ਮ ਦਸ ਹਜ਼ਾਰ ਰੁਪਏ ਨਾਲ ਆਪਣਾਂ ਸਮਾਂ ਗੁਜ਼ਾਰ ਰਿਹਾ ਹੈ। ਫੇਰ ਸਰਕਾਰ ਦੇ ਮੁਲਾਜ਼ਮ ਨੂੰ 10% ਘਟੌਤੀ ਨਾ.ਲ ਕੀ ਫ਼ਰਕ ਪੈਂਦਾ ਹੈ।

ਦੂਸਰੇ ਪਾਸੇ ਆਪਾਂ ਗੱਲ ਕਰਦੇ ਹਾਂ।ਕਿ ਇੱਕ ਪਾਸੇ ਤਾਂ ਚੰਗੀਆਂ ਜ਼ਮੀਨਾਂ ਜਾਇਦਾਦਾਂ ਵਾਲੇ ਲੋਕ ਨੇ ਉਨਾਂ ਕੋਲ ਹਰ ਸਹੂਲਤ ਹੈ। ਸਰਕਾਰ ਤੋਂ ਲੋਨ ਚੱਕ ਕੇ ਸੜਕਾਂ ਤੇ ਆ ਜਾਂਦੇ ਆ ਕਿ ਸਾਨੂੰ ਸਰਕਾਰ ਕਰਜ਼ਾ ਮਾਫ ਕਰੇ। ਬਾਕੀ ਕਿਸੇ ਵਕ਼ਤ ਉਨ੍ਹਾਂ ਲੋਕਾਂ ਨੂੰ ਕੋਈ ਨੌਬਤ ਆਉਂਦੀ ਹੈ ਤਾਂ ਫੇਰ ਉਹ ਲੋਕ ਤਾ ਆਪਣੀ ਥੋੜੀ ਜ਼ਮੀਨ ਬੈਇ ਗੈਣੇ ਕਰ ਕੇ ਆਪਣਾਂ ਮਤਲਬ ਸਾਰ ਲੈਂਦੇ ਨੇ।

ਹੁਣ ਇੱਕ ਮਜ਼ਦੂਰ ਦੀ ਗੱਲ ਕਰੀਏ ਤਾਂ ਵਿੱਚ ਵਿੱਚ ਮਜ਼ਦੂਰ ਲੋਕਾਂ ਕੋਲ ਆਪਣਾਂ ਘਰ ਵੀ ਨਹੀਂ ਹੈਗਾ। ਕੋਈ ਮਜ਼ਦੂਰਾਂ ਕੋਲ ਪੱਕਾ ਕੰਮ ਨਹੀ ਹੈਗਾ।

ਜੇਕਰ ਕਿਸੇ ਕੰਮ ਤੇ ਜਾਂਦੇ ਮਜ਼ਦੂਰ ਜਮਾਤ ਦੇ ਬੰਦੇ ਦਾ ਸਾਈਕਲ ਪੈਂਚਰ ਹੋ ਜਾਵੇ ਤਾਂ ਉਸ ਮਜ਼ਦੂਰ ਨੇ ਕਦੇ ਵੀ ਸਰਕਾਰ ਨੂੰ ਦੋਸ ਨਹੀਂ ਦਿੱਤਾ ਕਿ ਮੇਰਾ ਅੱਜ ਕੰਮ ਨਹੀਂ ਚੱਲਿਆ ਅਸੀ ਉਹੀ ਕਮਾਉਣਾ ਤੇ ਉਹੀ ਖਾਣਾ ਹੈ। ਮਜ਼ਦੂਰਾਂ ਨੇ ਕਦੇ ਵੀ ਕੋਈ ਰੈਲੀ ਨਹੀਂ ਕੀਤੀ ਕਿ ਸਾਡੇ ਕੋਲ ਘਰ ਹੈਣੀ, ਸਾਡੇ ਕੋਲ ਪੱਕਾ ਕੰਮ ਨਹੀ। ਇਹ ਸਭ ਚੀਜ਼ਾਂ ਦੀ ਇਨਕੁਆਰੀ ਹੋਣੀ ਚਾਹੀਦੀ ਹੈ।

ਕਿ ਕਿਸ ਨੂੰ ਇੱਕ ਸਾਲ ਦੀ ਕਿੰਨੀ ਆਮਦਨ ਹੈਂ। ਜਿਸ ਕੋਲ ਲੋੜ ਤੋਂ ਵੱਧ ਆਮਦਨ ਹੈਂ।

ਸਭ ਦੀ ਘਟੌਤੀ ਕਰ ਕੇ ਉਹੀ ਬੇਰੁਜ਼ਗਾਰਾਂ, ਮਜ਼ਦੂਰਾਂ ਚ, ਅਤੇ ਬਜ਼ੁਰਗਾਂ ਚ ਜੋਂ ਕਮਾ ਕੇ ਨਹੀਂ ਖਾ ਸਕਦੇ ਉਨ੍ਹਾਂ ਚ ਵੰਡਣਾ ਚਾਹੀਦਾ ਹੈ। ਸਾਰਾ ਸਿਸਟਮ ਹੀ ਠੀਕ ਹੋ ਜਾਵੇਗਾ।



- ਜਗਨ ਉੱਗੋਕੇ ਧਾਲੀਵਾਲ
91-99155-98209

### 5 ਸਤੰਬਰ 2022 ਅਧਿਆਪਕ ਦਿਵਸ 'ਤੇ ਵਿਸ਼ੇਸ਼

# ਡਾਕਟਰ ਸਰਵਪੱਲੀ ਰਾਧਾਕ੍ਰਿਸ਼ਨਨ



ਗਗਨਦੀਪ ਕੌਰ ਧਾਲੀਵਾਲ
ਝਲੂਰ (ਬਰਨਾਲਾ)

ਸਮਾਜ ਵਿੱਚ ਅਧਿਆਪਕ ਕਿੱਤਾ ਬਹੁਤ ਸਨਮਾਨ ਯੋਗ ਹੈ। ਵਿਸ਼ਵ ਪੱਧਰ 'ਤੇ ਅਧਿਆਪਕ ਵਰਗ ਨੂੰ ਵੱਡਾ ਮਾਣ-ਸਨਮਾਨ ਤੇ ਸਤਿਕਾਰ ਮਿਲਦਾ ਹੈ। ਵਿਦਿਆਰਥੀ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ, ਨੈਤਿਕ ਕਦਰਾਂ ਕੀਮਤਾਂ ਸਿਖਾਉਣ , ਸਹੀ ਸੇਧ ਦੇਣ, ਕਾਮਯਾਬੀ ਦਾ ਰਾਸਤਾ ਤੇ ਮੰਜਿਲ ਦਿਖਾਉਣ ਦਾ ਕੰਮ ਇੱਕ ਸੱਚਾ ਅਧਿਆਪਕ ਹੀ ਕਰਦਾ ਹੈ।ਅਜਿਹਾ ਅਧਿਆਪਕ ਆਦਰਸ਼ ਅਧਿਆਪਕ ਹੋਣ ਦਾ ਮਾਣ ਹਾਸਿਲ ਕਰਦਾ ਹੈ। ਬਿਲਕੁਲ ਇਹ ਸਾਰੇ ਹੁਣ ਡਾ. ਰਾਧਾਕ੍ਰਿਸ਼ਨਨ ਵਿੱਚ ਮੌਜੂਦ ਸਨ। ਉਹਨਾਂ ਨੇ ਆਪਣੀ ਡਿਊਟੀ ਦੌਰਾਨ ਸੰਜੀਦਗੀ ਤੇ ਇਮਾਨਦਾਰੀ ਨਾਲ ਵਿਦਿਆਰਥੀਆਂ ਨੂੰ ਮਿਆਰੀ ਅਤੇ ਕਦਰਾਂ ਕੀਮਤਾਂ 'ਤੇ ਆਧਾਰਿਤ ਸਿੱਖਿਆ ਪ੍ਰਦਾਨ ਕੀਤੀ।ਆਓ ਜਾਣੀਏ ਆਦਰਸ਼ ਅਧਿਆਪਕ ਡਾ.ਸਰਵਪੱਲੀ ਰਾਧਾਕ੍ਰਿਸ਼ਨਨ ਜੀ ਬਾਰੇ। ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਜੀ ਦਾ ਜਨਮ 5 ਸਤੰਬਰ 1888 ਨੂੰ ਹੋਇਆ। ਦੱਖਣ ਭਾਰਤ ਦੇ ਤਿਰੂਤਾਣੀ ਵਿੱਚ ਡਾ.ਰਾਧਾਕ੍ਰਿਸ਼ਨਣ ਦਾ ਜਨਮ ਹੋਇਆ ਸੀ। ਉਨ੍ਹਾਂ ਦੇ ਪਿਤਾ ਦਾ ਨਾਮ ਸਰਵਪੱਲੀ ਬੀ ਰਾਮਾਸਵਾਮੀ ਅਤੇ ਮਾਤਾ ਦਾ ਨਾਮ ਸ਼੍ਰੀਮਤੀ ਸੀਤੱਮਾ ਸੀ। ਰਾਮਰਸਵਾਮੀ ਇੱਕ ਗਰੀਬ ਬ੍ਰਹਾਮਣ ਸਨ। ਡਾ ਰਾਧਾ ਕ੍ਰਿਸ਼ਨਨ ਆਪਣੇ ਪਿਤਾ ਦੀ ਦੂਜੀ ਸੰਤਾਨ ਸਨ । ਉਨ੍ਹਾਂ ਦੇ ਚਾਰ ਭਰਾ ਅਤੇ ਇੱਕ ਛੋਟੀ ਭੈਣ ਸੀ । 1903 ਵਿੱਚ 16 ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਦਾ ਵਿਆਹ ਹੋ ਗਿਆ। ਉਸ ਸਮੇਂ ਉਨ੍ਹਾਂ ਦੀ ਪਤਨੀ ਦੀ ਉਮਰ ਸਿਰਫ 10 ਸਾਲ ਸੀ। ਉਹਨਾਂ ਦਾ ਵਿਆਹ ਸਿਵਾਕਾਮੂ ਰਾਧਾਕ੍ਰਿਸ਼ਨਨ ਨਾਲ ਹੋਇਆ। ਉਹਨਾਂ ਦੇ ਘਰ 5 ਲੜਕੀਆਂ ਤੇ 1 ਲੜਕੇ ਨੇ ਜਨਮ ਲਿਆ। ਡਾ. ਰਾਧਾਕ੍ਰਿਸ਼ਨ ਦੀ ਉਮਰ ਕੇਵਲ 20 ਸਾਲ ਦੀ ਸੀ ਜਦੋਂ ਉਨ੍ਹਾਂ ਦਾ ਥੀਸਿਜ਼ ਪ੍ਰਕਾਸ਼ਿਤ ਹੋਇਆ ਸੀ।

ਰਾਧਾਕ੍ਰਿਸ਼ਨਨ ਜੀ 17 ਅਪ੍ਰੈਲ 1975 (ਉਮਰ 86) ਨੂੰ ਚੇਨੱਈ (ਭਾਰਤ ਵਿਖੇ) ਇਸ ਦੁਨੀਆਂ ਨੂੰ ਛੱਡ ਕੇ ਪਰਮਾਤਮਾ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ।ਉਹ ਭਾਰਤ ਦੇ ਪਹਿਲੇ ਉਪ-ਰਾਸ਼ਟਰਪਤੀ (1952-1962) ਅਤੇ ਦੂਜੇ ਰਾਸ਼ਟਰਪਤੀ ਰਹੇ। ਡਾ. ਰਾਧਾਕ੍ਰਿਸ਼ਨਨ ਨੇ ਬਤੌਰ ਅਧਿਆਪਕ ਸਫਰ 1909 ਵਿਚ ਮਦਰਾਸ ਪ੍ਰੈਜੀਡੈਂਸੀ ਕਾਲਜ ਤੋ ਸ਼ੁਰੂ ਕੀਤਾ।ਉਨ੍ਹਾਂ ਦਾ ਜਨਮ ਦਿਨ (5 ਸਤੰਬਰ) ਭਾਰਤ ਵਿੱਚ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ।ਉਹਨਾਂ ਦੇ ਜਨਮ ਦਿਨ ਵਾਲੇ ਦਿਨ ਅਧਿਆਪਕ ਦਿਵਸ ਇਸ ਲਈ ਮਨਾਇਆ ਜਾਂਦਾ ਹੈ।

ਜਦੋਂ ਉਹ ਭਾਰਤ ਦੇ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਦੇ ਕੁੱਝ ਵਿਦਿਆਰਥੀਆਂ ਅਤੇ ਦੋਸਤਾਂ ਨੇ ਉਨ੍ਹਾਂ ਨੂੰ 5 ਸਤੰਬਰ ਨੂੰ ਆਪਣਾ ਜਨਮਦਿਨ ਮਨਾਉਣ ਦੀ ਆਗਿਆ ਦੇਣ ਦੀ ਬੇਨਤੀ ਕੀਤੀ। ਉਨ੍ਹਾਂ ਨੇ ਜਵਾਬ ਦਿੱਤਾ, ਮੇਰਾ ਜਨਮਦਿਨ ਮਨਾਉਣ ਦੀ ਬਜਾਏ, ਇਹ ਮੇਰੇ ਲਈ ਮਾਣ ਵਾਲੀ ਗੱਲ ਹੋਵੇਗੀ ਜੇ 5 ਸਤੰਬਰ ਨੂੰ ਅਧਿਆਪਕ ਦਿਵਸ ਵਜੋਂ ਮਨਾਇਆ ਜਾਵੇ। ਉਨ੍ਹਾਂ ਨੇ ਆਪਣਾ ਜਨਮ ਦਿਨ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਨ ਦੀ ਇੱਛਾ ਵਿਅਕਤ ਕੀਤੀ ਸੀ। ਉਦੋਂ ਤੋਂ ਹੀ ਸਾਰੇ ਦੇਸ਼ ਵਿੱਚ ਡਾਕਟਰ ਰਾਧਾਕ੍ਰਿਸ਼ਨਨ ਦਾ ਜਨਮ ਦਿਨ 5 ਸਤੰਬਰ ਨੂੰ ਅਧਿਆਪਕ ਦਿਵਸ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਅਧਿਆਪਕ ਦਾ ਕੰਮ ਸਿਰਫ ਕਿਤਾਬੀ ਗਿਆਨ ਦੇਣਾ ਹੀ ਨਹੀਂ ਸਗੋਂ ਵਿਦਿਆਰਥੀਆਂ ਨੂੰ ਸਹੀ ਦਿਸ਼ਾ ਦੇਣ ਲਈ ਸਮਾਜਿਕ ਹਾਲਾਤਾਂ ਨਾਲ ਜਾਣੂ ਕਰਵਾਉਣਾ ਵੀ ਹੁੰਦਾ ਹੈ। ਅਧਿਆਪਕ ਖ਼ੁਦ ਬਲ ਕੇ ਰੌਸ਼ਨੀ ਕਰਦਾ ਹੈ। ਸਰਵਪੱਲੀ ਰਾਧਾਕ੍ਰਿਸ਼ਨਨ ਜੀ



ਇੱਕ ਬਿਹਤਰੀਨ ਅਧਿਆਪਕ ਸਨ। ਸਿੱਖਿਆ ਅਤੇ ਰਾਜਨੀਤੀ ਵਿੱਚ ਉਚੇਚਾ ਯੋਗਦਾਨ ਦੇਣ ਦੇ ਲਈ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ .ਰਜਿੰਦਰ ਪ੍ਰਸਾਦ ਨੇ ਮਹਾਨ ਫਿਲਾਸਫਰ ਅਤੇ ਲੇਖਕ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਨੂੰ ਦੇਸ਼ ਦਾ ਸਰਵ ਉੱਚ ਪੁਰਸਕਾਰ ਭਾਰਤ ਰਤਨ ਪ੍ਰਦਾਨ ਕੀਤਾ।

ਡਾ ਸਰਵਪੱਲੀ ਰਾਧਾਕ੍ਰਿਸ਼ਨਨ ਦੇ ਮਰਨ ਉਪਰੰਤ ਉਨ੍ਹਾਂ ਨੂੰ ਮਾਰਚ 1975 ਵਿੱਚ ਅਮਰੀਕੀ ਸਰਕਾਰ ਵੱਲੋਂ ਟ੍ਰੈਪਲਟਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਰਾਧਾਕ੍ਰਿਸ਼ਨ ਦੁਆਰਾ ਰਚੀਆਂ ਪੁਸ਼ਤਕਾਂ ਦੇ ਨਾਂ 'ਇੰਡੀਅਨ ਫਿਲਾਸ਼ਫੀ ,ਏ ਹਿੰਦੂ ਵਿਊ ਆਫ਼ ਲਾਈਫ ,ਦਿ ਫਿਲਾਸ਼ਫੀ ਆਫ਼ ਰਵਿੰਦਰ ਨਾਥ ਟੈਗੋਰ, ਐਨ ਆਈਡਿਅਲਿਸਟ ਵਿਊ ਆਫ਼ ਲਾਈਫ, ਦਿ ਕਾਨਸੈਪਟ ਆਫ਼ ਮੈਨ, ਈਸਟਰਨ ਰਿਲੀਜ਼ਨ ਐਂਡ ਵੈਸਟਰਨ ਥੌਟ ਅਤੇ ਮਾਈ ਸਰਚ ਫਾਰ ਟਰੁੱਥ ਅਦੋ ।ਜੋ ਕਿ ਅੱਜ ਵੀ ਭਾਰਤੀ ਦਰਸ਼ਨ- ਸਾਸ਼ਤਰ ਵਿਚ ਅਹਿਮ ਸਥਾਨ ਰੱਖਦੀਆਂ ਹਨ।

ਰਾਧਾਕ੍ਰਿਸ਼ਨਨ ਨਵ ਵੇਦਾਂਤ ਦਾ ਜੋਸ਼ੀਲਾ ਹਮਾਇਤੀ ਸੀ। ਉਸ ਦੇ ਤੱਤ-ਮੀਮਾਂਸਾ ਦੀਆਂ ਜੜ੍ਹਾਂ ਅਦਵੈਤ ਵੇਦਾਂਤ ਵਿੱਚ ਸੀ, ਪਰ ਉਸ ਨੇ ਸਮਕਾਲੀ ਸਮਝ ਲਈ ਅਦਵੈਤ ਵੇਦਾਂਤ ਦੀ ਪੁਨਰਵਿਆਖਿਆ ਕੀਤੀ।ਉਹਨਾਂ ਨੇ ਪੱਛਮੀ ਆਲੋਚਨਾ" ਦਾ ਵਿਰੋਧ ਕੀਤਾ, ਪਰ ਨਾਲ ਹੀ ਪੱਛਮੀ ਦਾਰਸ਼ਨਿਕ ਅਤੇ ਧਾਰਮਿਕ ਵਿਚਾਰਾਂ ਨੂੰ ਭਾਰਤੀ ਚਿੰਤਨ ਵਿੱਚ ਜੋੜਿਆ। 5 ਸਤੰਬਰ ਨੂੰ ਸਾਰੇ ਹੀ ਦੇਸ਼ ਵਿੱਚ ਅਧਿਆਪਕ ਦਿਵਸ ਦੇ ਮੌਕੇ 'ਤੇ ਡਾਕਟਰ ਰਾਧਾ ਕ੍ਰਿਸ਼ਨਨ ਜੀ ਨੂੰ ਸੱਚੀ ਸ਼ਰਧਾਂਜਲੀ ਦਿੱਤੀ ਜਾਂਦੀ ਹੈ।

# ਅਧਿਆਪਕ ਦਿਵਸ ਮੌਕੇ ਜਾਣੋ ਡਾ. ਸਰਵਪੱਲੀ ਰਾਧਾ ਕ੍ਰਿਸ਼ਨਨ ਦੇ ਜੀਵਨ ਨਾਲ ਜੁੜੀਆਂ ਦਿਲਚਸਪ ਜਾਣਕਾਰੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਅਧਿਆਪਕਾਂ ਦਾ ਅਹੁਦਾ ਮਾਪਿਆਂ ਨਾਲੋਂ ਉੱਚਾ ਮੰਨਿਆ ਜਾਂਦਾ ਹੈ। ਵਿਦਿਆਰਥੀਆਂ ਦੇ ਜੀਵਨ ਵਿੱਚ ਅਧਿਆਪਕ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ। ਅਧਿਆਪਕਾਂ ਦੀ ਇਸ ਮਹੱਤਤਾ ਨੂੰ ਮਨਾਉਣ ਲਈ ਹਰ ਸਾਲ ਭਾਰਤ ਵਿਚ 5 ਸਤੰਬਰ ਨੂੰ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਡਾਕਟਰ ਸਰਵਪੱਲੀ ਰਾਧਾ ਕ੍ਰਿਸ਼ਨਨ ਦੇ ਜਨਮ ਦਿਨ 'ਤੇ ਅਧਿਆਪਕ ਦਿਵਸ ਮਨਾਇਆ ਜਾਂਦਾ ਹੈ। ਅਧਿਆਪਕ ਸਾਡੇ ਜੀਵਨ ਵਿੱਚ ਇੱਕ ਵੱਡੀ ਭੂਮਿਕਾ ਨਿਭਾਉਂਦੇ ਹਨ. ਉਨ੍ਹਾਂ ਦੇ ਯੋਗਦਾਨ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਉਹ ਹਮੇਸ਼ਾਂ ਸਾਨੂੰ ਸਹੀ ਰਸਤਾ ਦਿਖਾਉਣ ਲਈ ਆਲੇ ਦੁਆਲੇ ਰਹੇ ਹਨ। ਅਧਿਆਪਕ ਦਿਵਸ ਮਨਾਉਣ ਨਾਲੋਂ ਉਨ੍ਹਾਂ ਨੂੰ ਸਤਿਕਾਰ ਦੇਣ ਦਾ ਕੋਈ ਹੋਰ ਵਧੀਆ ਤਰੀਕਾ ਨਹੀਂ ਹੈ।

ਸਰਵਪੱਲੀ ਰਾਧਾਕ੍ਰਿਸ਼ਨਨ, ਡਾਕਟਰ (1888-1975) : ਸਰਵਪੱਲੀ ਰਾਧਾਕ੍ਰਿਸ਼ਨਨ ਭਾਰਤ ਦੇ ਸਾਬਕਾ ਰਾਸ਼ਟਰਪਤੀ, ਮਸ਼ਹੂਰ ਨੀਤੀਵਾਨ ਅਤੇ ਫ਼ਿਲਾਸਫ਼ਰ ਸਨ। ਰਾਧਾ ਕ੍ਰਿਸ਼ਨਨ ਦਾ ਜਨਮ ਤਾਮਿਲਨਾਡੂ ਪ੍ਰਾਂਤ ਦੇ ਤੀਰੂਤਾਨੀ ਸ਼ਹਿਰ ਵਿਚ 5 ਦਸੰਬਰ, 1888 ਈ. ਨੂੰ ਹੋਇਆ। ਇਨ੍ਹਾਂ ਨੇ ਵੈਲੋਰ ਅਤੇ ਮਦਰਾਸ ਵਿਚ ਸਿਖਿਆ ਹਾਸਲ ਕੀਤੀ। ਮਾਤਾ-ਪਿਤਾ ਬਹੁਤ ਫ਼ਰਾਖ਼ਦਿਲ ਤੇ ਦੂਰ-ਅੰਦੇਸ਼ ਸਨ ਅਤੇ ਆਪਣੇ ਸਮੇਂ ਦੀ ਧਾਰਮਿਕ ਕੱਟੜਤਾ ਤੋਂ ਉਪਰ ਸਨ। ਰਾਧਾਕ੍ਰਿਸ਼ਨਨ ਦੇ ਦਿਲ ਵਿਚ ਹਿੰਦੂ ਧਰਮ ਲਈ ਬਹੁਤ ਸਤਿਕਾਰ ਅਤੇ ਮਾਨ ਸੀ। ਇਨ੍ਹਾਂ ਨੇ ਵੇਦਾਂ ਅਤੇ ਉਪਨਿਸ਼ਦਾਂ ਦਾ ਡੂੰਘਾ ਅਧਿਐਨ ਕੀਤਾ ਅਤੇ ਐਮ. ਏ. (ਫ਼ਿਲਾਸਫ਼ੀ) ਵਿਚ 'ਦੀ ਐਥਿਕਸ ਆਫ਼ ਵੇਦਾਂਤ' (“he 5tihcs of Vedanta) ਉਪਰ ਥੀਸਿਸ ਲਿਖਿਆ।

ਰਾਧਾਕ੍ਰਿਸ਼ਨਨ ਦਾ ਵਿਆਹ 18 ਸਾਲ ਦੀ ਉਮਰ ਵਿਚ ਹੋ ਗਿਆ। 1909 ਵਿਚ ਇਹ ਮਦਰਾਸ ਪ੍ਰੈਜ਼ੀਡੈਂਸੀ ਕਾਲਜ ਵਿਚ ਫ਼ਿਲਾਸਫ਼ੀ ਦਾ ਲੈਕਚਰਾਰ ਅਤੇ 1916 ਵਿਚ ਪ੍ਰੋਫ਼ੈਸਰ ਨਿਯੁਕਤ ਹੋਇਆ। ਬਾਅਦ ਵਿਚ ਇਸ ਨੇ ਹੇਠ ਲਿਖੇ ਅਹੁਦਿਆਂ ਉਪਰ ਕੰਮ ਕੀਤਾ—ਫ਼ਿਲਾਸਫ਼ੀ ਦੇ ਪ੍ਰੋਫ਼ੈਸਰ ਮੈਸੂਰ ਯੂਨੀਵਰਸਿਟੀ (1918-21), ਕਿੰਗ ਜਾਰਜ ਡ, ਫਿਲਾਸਫ਼ੀ ਦੇ ਪ੍ਰੋਫ਼ੈਸਰ, ਕਲਕੱਤਾ ਯੂਨੀਵਰਸਿਟੀ (1921-31) ਅਤੇ ਫੇਰ (1937-44), ਵਾਈਸ ਚਾਂਸਅਰ ਆਂਧਰਾ ਯੂਨੀਵਰਸਿਟੀ (1931), ਸਪਾਂਲਡਿੰਗ ਪ੍ਰੋਫ਼ੈਸਰ ਆਫ਼ ਈਸਟਰਨ ਰਿਲਿਜਨ ਐਂਡ ਐਥਿਕੋਸ, ਆਕਸਫੋਰਡ ਯੂਨੀਵਰਸਿਟੀ (1932-52), ਵਾਈਸ ਚਾਂਸਲਰ ਬਨਾਰਸ ਹਿੰਦੂ ਯੂਨੀਵਰਸਿਟੀ (1942), ਯੂਨੈਸਕੋ ਜਾਣ ਵਾਲੇ ਭਾਰਤੀ ਡੈਲੀਗੇਸ਼ਨ ਦੇ ਮੈਂਬਰ (1946-50), ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ ਦੇ ਚੈਅਰਮੈਨ (1948), ਪ੍ਰੈਜੀਡੈਂਟ ਆਫ਼ ਯੂਨੈਸਕੋ (1952), ਪੀ. ਈ. ਐਨ. ਕਾਂਗਰਸ ਦੇ ਡੈਲੀਗੇਟ (1959)। ਇਸ ਤੋਂ ਇਲਾਵਾ ਡਾ. ਰਾਧਾਕ੍ਰਿਸ਼ਨਨ ਭਾਰਤ ਵੱਲੋਂ ਰੂਸ ਵਿਚ ਰਾਜਦੂਤ (1949-52), ਭਾਰਤ ਦੇ ਰਾਸ਼ਟਰਪਤੀ (1952-56, 1957-62) ਅਤੇ ਭਾਰਤ ਦਾ ਰਾਸ਼ਟਰਪਤੀ (1962-1967) ਰਿਹਾ।

ਰਾਂਧਾਕ੍ਰਿਸ਼ਨਨ ਉਨ੍ਹਾਂ ਖੁਸ਼ਕਿਸਮਤ ਹਸਤੀਆਂ ਵਿਚੋਂ ਸੀ, ਜਿਨ੍ਹਾਂ ਦੀ ਯੋਗਤਾ ਨੂੰ ਉਨ੍ਹਾਂ ਦੇ ਜੀਵਨ ਕਾਲ ਵਿਚ ਹੀ ਭਰਪੂਰ ਸਨਮਾਨ ਮਿਲਿਆ। ਵੱਖ ਵੱਖ ਸਮੇਂ ਇਸ ਨੂੰ ਹੇਠ ਲਿਖੀਆਂ ਡਿਗਰੀਆਂ ਦੇ ਕੇ ਸਨਮਾਨਿਤ ਕੀਤਾ ਗਿਆ; ਨਾਈਟਹੁੱਡ (1931), ਆਨਰੇਰੀ ਪੀ. ਐਚ ਡੀ. (ਤਹਿਰਾਨ ਯੂਨੀਵਰਸਿਟੀ ; 1963) ਆਨਰੇਰੀ ਡੀ. ਲਿੱਟ. (ਤ੍ਰਿਭਵਨ ਯੂਨੀਵਰਸਿਟੀ ਨੇਪਾਲ ; 1963), ਆਨਰੇਰੀ ਪੀ, ਐਚ. ਡੀ. (ਮਾਸਕੋ ਯੂਨੀਵਰਸਿਟੀ: 1964), ਆਨਰੇਰੀ ਡਾਕਟਰੇਟ ਆਫ਼ ਲਾਅ (ਪੈਨਸਿਲਵਾਨੀਆ ਯੂਨੀਵਰਸਿਟੀ ; 1963), ਆਨਰੇਰੀ ਪੀ. ਐਚ. ਡੀ. (ਮਾਸਕੋ ਯੂਨੀਵਰਸਿਟੀ ; 1964), ਆਨਰੇਰੀ ਡਾਕਟਰ ਆਫ਼ ਲਾਅ ਨੈਸ਼ਨਲ ਯੂਨੀਵਰਸਿਟੀ ਆਫ਼ ਆਇਰਲੈਂਡ; 1964)। ਰਾਧਾਕ੍ਰਿਸ਼ਨਨ ਨੂੰ ਅੰਤਰ-ਰਾਸ਼ਟਰੀ ਖੇਤਰ ਵਿਚ ਲਗਭਗ ਸੌ ਆਨਰੇਰੀ ਡਿਗਰੀਆਂ ਮਿਲੀਆਂ। ਇਸਨੇ ਭਾਰਤ ਸਰਕਾਰ ਵੱਲੋਂ ਦੁਨੀਆ ਦੇ ਬਹੁਤ ਸਾਰੇ ਮੁਲਕਾਂ ਦਾ ਦੌਰਾ ਕੀਤਾ।

ਹਿੰਦੂ ਸਦਾਚਾਰ ਤੇ ਮਾਇਆ ਦੇ ਸਿਧਾਂਤ ਬਾਰੇ ਰਾਧਾਕ੍ਰਿਸ਼ਨਨ ਨੇ ਰਾਬਿੰਦਰ ਨਾਥ ਟੈਗੋਰ ਦਾ ਅਧਿਐਨ ਕਰ ਕੇ ਇਕ ਪੁਸਤਕ 'ਦੀ ਫ਼ਿਲਾਸਫ਼ੀ ਆਫ਼ ਰਾਬਿੰਦਰ ਨਾਥ ਟੈਗੋਰ' ਲਿਖੀ। ਇਸ ਪੁਸਤਕ ਦੇ ਛਪਣ ਨਾਲ ਯੂਰਪ ਤੇ ਅਮਰੀਕਾ ਵਿਚ ਰਾਧਾਕ੍ਰਿਸ਼ਨਨ ਦੀ ਮਾਨਤਾ ਦਾ ਆਰੰਭ ਹੋਇਆ। ਦੋ ਸਾਲ ਪਿੱਛੋਂ 1920 ਵਿਚ ਰਾਧਾਕ੍ਰਿਸ਼ਨਨ ਨੇ ਇਕ ਹੋਰ ਪੁਸਤਕ 'ਦੀ ਰੇਨ ਆਫ਼ ਰਿਲੀਜਨ ਇਨ ਕਨਟੈਂਪਰੇਰੀ ਫ਼ਿਲਾਸਫ਼ੀ '“ਹਏ੍ਇਗੋਨ ੋ੍ਇਲਿਗਿੋਨ ਿਨ 3ੋਨਟਇਮਪੋਰਅਰੇ ਫਹਿਲੋਸੋਪਹੇ' ਛਾਪੀ, ਜਿਸ ਨਾਲ ਰਾਧਾਕ੍ਰਿਸ਼ਨਨ ਨੂੰ ਸੰਸਾਰ ਭਰ ਵਿਚ ਹਿੰਦੂ ਫ਼ਿਲਾਸਫ਼ੀ ਦਾ ਨਿਰਮਾਤਾ ਗਿਣਿਆ ਜਾਣ ਲੱਗਾ। ਇਸ ਪੁਸਤਕ ਦਾ ਨਿੱਘਾ ਸੁਆਗਤ ਹੋਇਆ।

1926-27 ਵਿਚ ਰਾਧਾਕ੍ਰਿਸ਼ਨਨ ਨੇ 'ਇੰਡੀਅਨ ਫਿਲਾਸਫੀ' ਦੋ ਜਿਲਦਾਂ ਵਿਚ ਪ੍ਰਕਾਸ਼ਿਤ ਕੀਤੀ ਜੋ ਇਸ ਦੀ ਸਭ ਤੋਂ ਪ੍ਰਸਿੱਧ ਅਤੇ ਮਹੱਤਵਪੂਰਣ ਦੇਣ ਹੈ। ਭਾਰਤ ਫ਼ਲਸਫ਼ੇ ਉਪਰ ਇਸ ਤੋਂ ਚੰਗੇਰੀ ਕਿਤਾਬ ਸ਼ਾਇਦ ਹੀ ਲਿਖੀ ਗਈ ਹੋਵੇ। 1926-1929 ਦੇ ਵਿਚਕਾਰ ਰਾਧਾਕ੍ਰਿਸ਼ਨਨ ਨੇ ਲੰਡਨ, ਮਾਨ-ਚੈਸਟਰ ਦੀਆਂ ਯੂਨੀਵਰਸਿਟੀਆਂ ਵਿਚ ਲੈਕਚਰ ਦਿੱਤੇ ਜੋ ਪਿੱਛੋਂ ਦੀ ਆਈਡੀਆਲਿਸਟ ਵੀਊ ਆਫ਼ ਲਾਈਫ਼' (“he 9deailst ivew of ilfe) ਨਾਂ ਦੇ ਸਿਰਲੇਖ ਹੇਠ ਛਪੇ। ਹੁਣ ਡਾਕਟਰ ਰਾਧਾ ਕ੍ਰਿਸ਼ਨਨ ਦੀ ਇੰਨੀ ਮਸ਼ਹੂਰੀ ਹੋ ਗਈ ਕਿ ਦੁਨੀਆ ਦੇ ਕੋਨੇ ਕੋਨੇ ਤੋਂ ਸੱਦੈ-ਪੱਤਰ ਆਉਣ ਲੱਗੇ। 1962 ਵਿਚ ਰਾਸ਼ਟਰਪਤੀ ਬਣਨ ਉਪਰੰਤ ਵੀ ਇਹੀ ਦਸ਼ਾ ਰਹੀ। ਡਾਕਟਰ ਵਾਧਾਕ੍ਰਿਸ਼ਨਨ ਨੇ ਭਾਰਤੀ ਫ਼ਿਲਾਸਫ਼ੀ ਦੀ ਵਿਆਖਿਆ ਕੀਤੀ ਹੈ ਅਤੇ ਇਸ ਨੂੰ ਨਵੇਂ ਭਾਵ ਵੀ ਦਿੱਤੇ ਹਨ।

1952 ਵਿਚ ਡਾਕਟਰ ਰਾਧਾਕ੍ਰਿਸ਼ਨਲ ਸਟਾਲਿਨ ਨੂੰ ਮਿਲਣ ਗਿਆ। ਇਹ ਪਹਿਲਾ ਸਫ਼ੀਰ ਸੀ ਜਿਸ ਨੂੰ ਸਟਾਲਿਨ ਨੇ ਮੁਲਾਕਾਤ ਲਈ ਸੱਦਾ-ਪੱਤਰ ਦਿੱਤਾ। ਰਾਧਾਕ੍ਰਿਸ਼ਨਨ ਦੀ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਤੇ ਰਾਬਿੰਦਰ ਨਾਥ ਟੈਗੋਰ ਨਾਲ ਬਹੁਤ ਨੇੜੇ ਦੀ ਸਾਂਝ ਸੀ।

ਰਾਧਾ ਕ੍ਰਿਸ਼ਨਨ ਫ਼ਿਲਾਸਫ਼ਰ ਹੀ ਨਹੀਂ, ਸਗੋਂ ਇਕ ਕੋਮਲ ਚਿਤ ਇਨਸਾਨ ਵੀ ਸੀ। ਔਕੜ ਸਮੇਂ ਹਮੇਸ਼ਾ ਸ਼ਾਂਤ ਰਹਿ ਕੇ ਔਕੜ ਦਾ ਟਾਕਰਾ ਕਰਦੇ ਸੀ। ਪੰਜ ਸਾਲ ਰਾਸ਼ਟਰਪਤੀ ਰਹਿਣ ਮਗਰੋਂ 1967 ਵਿਚ ਰੀਟਾਇਰ ਹੋ ਕੇ ਬਹੁਤਾ ਸਮਾਂ ਆਪਣੇ ਜਨਮ ਸਥਾਨ ਉੱਪਰ ਹੀ ਗੁਜ਼ਾਰਿਆ। ਇਥੇ ਹੀ ਕੁਝ ਅਰਸਾ ਬੀਮਾਰ ਰਹਿਣ ਮਗਰੋਂ 17 ਅਪ੍ਰੈਲ, 1975 ਈ. ਨੂੰ ਇਨ੍ਹਾਂ ਦਾ ਅਕਾਲ ਚਲਾਣਾ ਹੋ ਗਿਆ ਡਾਕਟਰ ਰਾਧਾਕ੍ਰਿਸ਼ਨਨ ਦੀਆਂ ਕੁਝ ਹੋਰ ਰਚਨਾਵਾਂ ਦੀ ਸੂਚੀ ਇਸ ਪ੍ਰਕਾਰ ਹੈ : ਦੀ ਹਿੰਦੂ ਵੀਊ ਆਫ਼ ਲਾਈਫ' (1926), 'ਦੀ ਰਿਲੀਜਨ ਵੀ ਨੀਡ (1928)', 'ਦੀ ਫਿਊਚਰ ਆਫ਼ ਸਿਵਲੀਜ਼ੇਸ਼ਨ (1929)', 'ਈਸਟ ਐਂਡ ਵੈਸਟ ਇਨ ਰਿਲੀਜਨ' (1933), 'ਪ੍ਰੀਡਮ ਐਂਡ ਕਲਚਰ' (1936), 'ਦੀ ਹਾਰਟ ਆਫ਼ ਹਿੰਦੂਸਤਾਨ' (1936), 'ਮਾਈ ਸਰਚ ਫਾਰ ਟਰੁੱਥ' (1937), 'ਗੌਤਮ ਬੁੱਧ' (1938), 'ਈਸਟਰਨ ਰਿਲੀਜਨ ਐਂਡ ਵੈਸਟਰਨ ਥਾਟ' (1939), 'ਮਹਾਤਮਾ ਗਾਂਧੀ' (1939), ਇੰਡੀਆ ਐਂਡ ਚਾਈਨਾ"(1944), "ਐਜੂਕੇਸ਼ਨ ਪਾਲਿਟਿਕਸ ਐਂਡ ਵਾਰ' (1944), "ਦੀ ਰਿਲੀਜਨ ਐਂਡ ਸੋਸਾਇਟੀ (1947), 'ਦੀ ਭਾਗਵਦਗੀਤਾ"(1943), 'ਦੀ ਗਰੇਟ ਇੰਡੀਅਨਜ਼' (1949), 'ਦੀ ਰਿਲੀਜਨ ਆਫ਼ ਸਪਰਟ ਐਂਡ ਦੀ ਵਰਲਡਜ਼ ਨੀਡ' 'ਸਵੈ-ਬੀਤੀ' (1952)।

# ਦੇਸ਼ਵਾਸੀਆਂ ਨੂੰ ਝੂਠੇ ਸਬਜਬਾਗ ਵਿਖਾਉਣ ਤੋਂ ਇਲਾਵਾ ਕੇਂਦਰ ਸਰਕਾਰ ਨੇ ਕੁਝ ਨਹੀਂ ਕੀਤਾ - ਮਨੀਸ਼ ਤਿਵਾੜੀ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਕਾਂਗਰਸ ਪਾਰਟੀ ਲੋਕਹਿੱਤਾਂ ਲਈ ਹਮੇਸ਼ਾਂ ਤਿਆਰ ਬਰ ਤਿਆਰ ਰਹਿੰਦੀ ਅਤੇ ਵਿਧਾਨ ਸਭਾ ਹਲਕਾ ਬਲਾਚੌਰ ਵਿੱਚ ਵਿਕਾਸ ਕਾਰਜਾਂ ਦੀ ਗੱਡੀ ਲੀਹ ਤੋਂ ਉਤਰਨ ਨਹੀਂ ਦੇਵੇਗੀ। ਇਹਨਾ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਨੀਸ਼ ਤਿਵਾੜੀ ਨੇ ਪਾਰਟੀ ਦਫਤਰ ਵਿਖੇ ਕੀਤਾ। ਉਹ ਹਲਕਾ ਬਲਾਚੌਰ ਦੀਆਂ 6 ਪੰਚਾਇਤਾ ਨੂੰ 16 ਲੱਖ ਰੁਪਏ ਦੇ ਚੈਕ ਵੰਡਣ ਆਏ ਸਨ। ਸੰਸਦ ਮੈਂਬਰ ਮਨੀਸ਼ ਤਿਵਾੜੀ ਨੇ ਮੋਦੀ ਸਰਕਾਰ ਤੇ ਤ ਜ ਕੱਸਦਿਆ ਕਿਹਾ ਕਿ ਭਾਜਪਾ ਸਰਕਾਰ ਨੇ ਦੇਸ਼ ਵਾਸੀਆ ਨੂੰ ਸਬਜਬਾਗ ਦਿਖਾਉਣ ਦੇ ਸਿਵਾਏ ਕੁਝ ਨਹੀਂ ਕੀਤਾ ਜਦੋਂ ਕਿ ਕਾਂਗਰਸ ਦੇ ਰਾਜ ਭਾਗ ਵਿੱਚ ਦੇਸ਼ ਨੇ ਸਰਬਪੱਖੀ ਵਿਕਾਸ ਕੀਤਾ ਹੈ। ਉਹਨਾਂ ਸਾਬਕਾ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ ਦੀ ਤਾਰੀਫ ਕਰਦਿਆ ਕਿਹਾ ਕਿ ਬਤੌਰ ਵਿਧਾਇਕ ਚੌਧਰੀ ਨੇ ਹਲਕੇ ਦੀ ਵਿਕਾਸ ਨਾਲ ਕਾਇਆ ਪਲਟ ਕੀਤੀ। ਸਾਬਕਾ ਵਿਧਾਇਕ ਨੇ ਸੰਬੋਧਨ ਕਰਦਿਆ ਕਿਹਾ ਕਿ ਅਸੀਂ ਸ਼ੁਰੂ ਤੋਂ ਹੀ ਪਿੰਡਾਂ ਦੀਆਂ ਪੰਚਾਇਤਾ ਦੇ ਵਿਕਾਸ ਨੂੰ ਪਹਿਲ ਦਿੱਤੀ ਹੈ ਤੇ ਇਹ ਅੱਗੇ ਵੀ ਇਵੇਂ ਹੀ ਜਾਰੀ ਰਹੇਗੀ। ਜਿਲ੍ਹਾ ਪ੍ਰਧਾਨ ਅਜੈ ਮੰਗੂਪੁਰ ਨੇ ਸ ਸਦ ਮੈਂਬਰ ਮਨੀਸ਼ ਤਿਵਾੜੀ ਦਾ ਧੰਨਵਾਦ ਕਰਦਿਆ ਕਿਹਾ ਕਿ ਆਮ ਆਦਮੀ ਪਾਰਟੀ ਵਲੋਂ ਪੰਚਾਇਤਾਂ ਨੂੰ ਭੰਗ ਕਰ ਜੋ ਧੱਕੇਸ਼ਾਹੀ



ਦਾ ਪ੍ਰਦਰਸ਼ਨ ਕੀਤਾ ਹੈ । ਉਸ ਦਾ ਕਾਂਗਰਸ ਪਾਰਟੀ ਨੇ ਪੂਰੇ ਪੰਜਾਬ ਵਿੱਚ ਡੱਟ ਕੇ ਵਿਰੋਧ ਕੀਤਾ ਹੈ, ਜਿਸ ਦੇ ਨਤੀਜੇ ਵਜੋਂ ਪੰਚਾਇਤਾ ਨੂੰ ਮੁੜ ਬਹਾਲ ਕਰ ਦਿੱਤਾ ਗਿਆ। ਉਹਨਾਂ ਇਕੱਠੇ ਹੋਏ ਪੰਚਾਇਤਾ ਦੇ ਸਰਪੰਚਾ ਤੇ ਕਾਂਗਰਸੀ ਵਰਕਰਾ ਨੂੰ ਮੁੜ ਕਾਂਗਰਸ ਤੇ ਬਰੋਸਾ ਕਰ ਭਵਿੱਖ ਵਿੱਚ ਆਉਣ ਵਾਲੀਆਂ ਵੋਟਾਂ ਕਾਂਗਰਸ ਨੂੰ ਪਾਉਣ ਦੀ ਅਪੀਲ ਵੀ ਕੀਤੀ। ਉਹਨਾਂ ਆਖਿਆ ਕਿ ਕਾਂਗਰਸ ਦੇ ਰਾਜ ਵਿੱਚ ਹੀ ਪੰਚਾਇਤਾ ਦਾ ਵਿਕਾਸ ਸੰਭਵ ਹੈ। ਇਸ ਮੌਕੇ ਪਵਨ ਦੀਵਾਨ ਸਾਬਕਾ ਚੇਅਰਮੈਨ ਲਾਰਜ ਇੰਡਸਟ੍ਰੀਜ, ਧਰਮਪਾਲ ਚੇਅਰਮੈਨ ਬਲਾਕ ਸੰਮਤੀ ਬਲਾਚੌਰ ਅਤੇ ਮੈਂਬਰ ਡੀ ਸੀ ਸੀ, ਤਰਸੇਮ ਚੰਦਿਆਣੀ ਸਾਬਕਾ ਚੇਅਰਮੈਨ, ਮੋਹਣ ਲਾਲ ਸੰਧੂ ਬਲਾਕ ਪ੍ਰਧਾਨ ਬਲਾਚੌਰ, ਤਿਲਕ ਰਾਜ ਸੂਦ ਬਲਾਕ ਪ੍ਰਧਾਨ ਸੜੋਆ, ਰਾਜਿੰਦਰ ਸਿੰਘ ਸ਼ਿੰਦੀ ਦਫਤਰ ਸਕੱਤਰ ਜਿਲ੍ਹਾ ਕਾਂਗਰਸ, ਚੌਧਰੀ ਓਂਕਾਰ ਮੀਤ ਪ੍ਰਧਾਨ, ਦੇਸ਼ ਰਾਜ ਹਕਲਾ, ਹੀਰਾ ਖੇਪੜ ਸਰਪੰਚ ਮਝੋਟ, ਰਾਮ ਸਰਪੰਚ ਛੂਛੇਵਾਲ, ਅਵਤਾਰ ਸਿੰਘ ਚੇਅਰਮੈਨ ਓ ਬੀ ਸੀ ਸੈਲ ਬਲਾਕ ਬਲਾਚੌਰ, ਚੌਧਰੀ ਯਸਪਾਲ ਮੈਂਬਰ, ਵਿਜੈ ਕੁਮਾਰ ਸਰਪੰਚ ਜੱਟ ਮਾਜਰੀ, ਮਲਕੀਤ ਸਿੰਘ ਧੌਲ ਸਰਪੰਚ ਧੌਲ, ਬਿੰਦਰ ਕੁਮਾਰ ਸਰਪੰਚ ਚਾਂਦਪੁਰ ਰੁੜਕੀ ਕਲਾਂ, ਡਾ ਸੋਹਣ ਲਾਲ ਥੋਪੀਆ, ਰਿੱਕੀ ਬਜਾਜ ਖਜਾਨਚੀ, ਚੌਧਰੀ ਗਿਰਧਾਰੀ ਲਾਲ ਮੈਂਬਰ, ਡੀ ਐਸ ਪੀ ਚਮਨ ਲਾਲ ਭੂੰਬਲਾ, ਸੋਮਨਾਥ ਤਕਲਾ, ਬੇਬੀ ਰਾਣਾ ਕੌਂਸਲਰ ਆਦਿ ਹਾਜ਼ਰ ਸਨ। ਅਜੈ ਮੰਗੂਪੁਰ ਨੇ ਦੱਸਿਆ ਕਿ ਜਿਹਨਾਂ ਪੰਚਾਇਤਾ ਨੂੰ ਸੰਸਦ ਮੈਂਬਰ ਮਨੀਸ਼ ਤਿਵਾੜੀ ਵਲੋਂ ਚੈਕ ਦਿੱਤੇ ਗਏ ਉਹਨਾ ਵਿੱਚ ਜੱਟ ਮਾਜਰੀ, ਧੌਲ, ਚਾਂਦਪੁਰ ਰੁੜਕੀ ਕਲਾਂ, ਕਟਵਾਰਾ ਕਲਾਂ, ਆਲੋਵਾਲ ਤੋਂ ਇਲਾਵਾ ਥੋਪੀਆ ਦੀ ਵਿਸ਼ਵਕਰਮਾ ਸਭਾ ਨੂੰ ਵੀ ਚੈਕ ਦਿੱਤਾ ਗਿਆ।

# ਕਰਨਲ ਨਿਸ਼ਾਨ ਦਾ ਕੈਲੰਡਰ ਗਿਆਨ-1



ਸਰਵਜੀਤ ਸਿੰਘ ਸੈਕਰਾਮੈਂਟੋ

ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਵਾਲੇ ਦਿਨ,'ਗੁਰੂ ਲਾਧੋ ਰੇ',ਗੁਰੂ ਤੇਗ ਬਹਾਦਰ ਜੀ ਨਾਲ ਸਬੰਧਿਤ ਦਿਹਾੜਾ ਮਨਾਇਆ ਜਾਂਦਾ ਹੈ। ਹਰ ਸਾਲ ਇਸ ਪਾਵਨ ਅਸਥਾਨ ਤੇ ਸਾਵਣ ਦੀ ਪੁੰਨਿਆਵਾਲੇ ਦਿਨ ਬਹੁਤ ਭਾਰੀ ਇਕੱਠ ਹੁੰਦਾ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਧਾਰਮਿਕ ਦਿਵਾਨ ਲਾਏ ਜਾਂਦੇ ਹਨ ਅਤੇ ਸਿਆਸੀ ਪਾਰਟੀਆਂ ਵੱਲੋਂ ਕਾਨਫਰੰਸਾਂ ਵੀ ਕੀਤੀਆਂ ਜਾਦੀਆਂ ਹਨ। ਸਿੱਖ ਸੰਗਤਾਂ ਵੱਲੋਂ ਇਹ ਜੋੜ ਮੇਲਾ ਬਹੁਤ ਸ਼ਰਧਾ ਭਾਵਨਾਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ।ਰਵਾਇਤ ਮੁਤਾਬਕ ਇਸ ਦਿਨ ਮੱਖਣ ਸ਼ਾਹ ਲੁਬਾਣਾ ਨੇ ਗੁਰੂ ਤੇਗ ਬਹਾਦਰ ਜੀ ਨੂੰ, ਜੋ ਭੋਰੇ ਵਿੱਚ ਭਗਤੀ ਕਰ ਰਹੇ ਸਨ, ਪ੍ਰਗਟ ਕੀਤਾ ਸੀ। ਮੱਖਣ ਸ਼ਾਹ ਲੁਬਾਣਾ ਨਾਲ ਜੋੜੀ ਗਈ ਸਾਖੀ ਵੀ ਬੜੀ ਦਿਲਚਸਪ ਹੈ। ਕਈ ਇਤਿਹਾਸਕਾਰਾਂ ਨੇ ਇਹ ਤਾਰੀਖ 11 ਅਗਸਤ 1664 ਈ: (ਜੂਲੀਅਨ) ਲਿਖੀ ਹੈ। ਇਹ ਭਾਦੋਂ ਦੀ ਮੱਸਿਆ ਸੰਮਤ 1721 ਬਿ: ਬਣਦੀ ਹੈ। ਜੋ ਰੱਖੜ ਪੁੰਨਿਆ ਤੋਂ 15 ਦਿਨ ਪਿਛੋਂ ਆਉਂਦੀ ਹੈ। ਭੱਟ ਵਹੀ ਮੁਤਾਬਕ ਮੱਖਣਸ਼ਾਹ ਲੁਬਾਣਾ, "ਸਾਲ ਸਤਰਾਂ ਸੈ ਇਕਸੀ ਦਿਵਾਲੀ ਤੇ ਸ਼ਨੀਵਾਰ ਕੇ ਦਿਹੁੰ ਬਕਾਲੇ ਨਗਰ ਆਇਆ"।ਗਿਆਨੀ ਗਿਆਨ ਸਿੰਘ ਨੇ ਇਹ ਤਾਰੀਖ ਵੈਸਾਖ ਵਦੀ 13 ਸੰਮਤ 1721 ਬਿ: ਲਿਖੀ ਹੈ। ਪ੍ਰੋ: ਕਰਤਾਰ ਸਿੰਘ ਨੇ ਇਹ ਤਾਰੀਖ ਚੇਤ ਸੁਦੀ 14/23 ਚੇਤ ਸੰਮਤ 1722 ਬਿ: ਲਿਖੀ ਹੈ। ਪਰ ਅੱਜ ਸਾਡਾ ਵਿਸ਼ਾ ਇਸ ਦਿਨ ਦੇ ਇਤਿਹਾਸ ਦੀ ਪਰਖ-ਪੜਚੋਲ ਕਰਨਾ ਨਹੀਂ ਹੈ, ਸਗੋਂ ਸਾਡਾਵਿਸ਼ਾ ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਦੇ ਕੈਲੰਡਰ ਗਿਆਨ ਦੀ ਪਰਖ-ਪੜਚੋਲ ਕਰਨਾ ਹੈ। ਜੋ ਰੱਖੜ ਪੁੰਨਿਆ ਵਾਲੇ ਦਿਨ ਨਾਲ ਸਬੰਧਿਤ ਹੈ।

ਕਰਨਲ ਨਿਸ਼ਾਨ ਆਪਣੀ ਕਿਤਾਬ 'ਗੁਰਪੁਰਬ ਦਰਪਣ" ਵਿੱਚ ਆਪਣੇ ਸਵਾਲ-ਜਵਾਬ (ਨੰਬਰ 27) ਵਿੱਚ ਲਿਖਦੇ ਹਨ,

ਸੁਆਲ : ਜੇ ਕਰ ਕੋਈ ਗੁਰਪੁਰਬ ਮਲਮਾਸ ਵਿਚ ਆ ਜਾਏ



27) ਸੁਆਲ: ਜੇ ਕਰ ਕੋਈ ਗੁਰਪੁਰਬ ਮਲਮਾਸ ਵਿਚ ਆ ਜਾਏ ਤਾਂ ਕੀ ਉਹ ਗੁਰਪੁਰਬ ਨਹੀਂ ਮਣਾਇਆ ਜਾਣਾ ਚਾਹੀਦਾ ਜਾਂ ਕਿ ਇੱਕ ਮਹੀਨਾ ਲੇਟ ਮਣਾਇਆ ਚਾਹੀਦਾ ਹੈ?

ਜੁਆਬ: ਜਿਵੇਂ ਪਹਿਲਾਂ ਕਿਹਾ ਜਾ ਚੁਕਿਆ ਹੈ ਗੁਰਸਿੱਖ ਲਈ ਕੋਈ ਮਹੀਨਾ ਮਲਮਾਸ ਜਾਂ ਗੰਦਾ ਮਹੀਨਾ ਨਹੀਂ ਸਾਰੇ ਮਹੀਨੇ ਭਲੇ ਹਨ, "ਮਾਹ ਦਿਵਸ ਮੂਰਤ ਭਲੇ....."। ਇਸ ਲਈ ਇਤਿਹਾਸ ਮੁਤਾਬਿਕ ਹੀ ਸਾਰੇ ਗੁਰਪੁਰਬ ਅਗਲੇ ਪੰਨਿਆਂ ਤੇ ਦਿੱਤੇ ਗਏ ਹਨ। ਗੁਰਪੁਰਬਾਂ ਦੀਆਂ ਤਿੱਥਾਂ ਨਿਰਧਾਰਤ ਕਰਨ ਲਈ ਇਤਿਹਾਸ ਨੂੰ ਮੁੱਖ ਰੱਖਿਆ ਹੈ ਨਾ ਕਿ ਮਲ ਮਾਸ ਨੂੰ। ਇਤਿਹਾਸਿਕ ਘਟਨਾ ਨੂੰ ਕਿਸੇ ਮਲਮਾਸ ਦੇ ਭਰਮ ਭੁਲੇਖੇ ਕਾਰਨ ਅੱਗੇ ਪਿੱਛੇ ਨਹੀਂ ਕੀਤਾ ਜਾ ਸਕਦਾ।

ਤਾਂ ਕੀ ਉਹ ਗੁਰਪੁਰਬ ਨਹੀਂ ਮਣਾਇਆ ਜਾਣਾ ਚਾਹੀਦਾ ਜਾਂ ਕਿ ਇੱਕ ਮਹੀਨਾ ਲੇਟ ਮਣਾਇਆ ਚਾਹੀਦਾ ਹੈ?

ਜੁਆਬ: ਜਿਵੇਂ ਪਹਿਲਾਂ ਕਿਹਾ ਜਾ ਚੁਕਿਆ ਹੈ ਗੁਰਸਿੱਖ ਲਈ ਕੋਈ ਮਹੀਨਾ ਮਲਮਾਸ ਜਾਂ ਗੰਦਾ ਮਹੀਨਾ ਨਹੀਂ ਸਾਰੇ ਮਹੀਨੇ ਭਲੇ ਹਨ, "ਮਾਹ ਦਿਵਸ ਮੂਰਤ ਭਲੇ..."। ਇਸ ਲਈ ਇਤਿਹਾਸ ਮੁਤਾਬਿਕ ਹੀ ਸਾਰੇ ਗੁਰਪੁਰਬ ਅਗਲੇ ਪੰਨਿਆਂ ਤੇ ਦਿੱਤੇ ਗਏ ਹਨ। ਗੁਰਪੁਰਬਾਂ ਦੀਆਂ ਤਿੱਥਾਂ ਨਿਰਧਾਰਤ ਕਰਨ ਲਈ ਇਤਿਹਾਸ ਨੂੰ ਮੁੱਖ ਰੱਖਿਆ ਗਿਆ ਹੈ ਨਾ ਕਿ ਮਲਮਾਸ ਨੂੰ। ਇਤਿਹਾਸਿਕ ਘਟਨਾ ਨੂੰ ਕਿਸੇ ਮਲਮਾਸ ਦੇ ਭਰਮ ਭੁਲੇਖੇ ਕਾਰਨ ਅੱਗੇ ਪਿਛੇ ਨਹੀਂ ਕੀਤਾ ਜਾ ਸਕਦਾ"। (ਪੰਨਾ 35)

ਇਸ ਤੋਂ ਪਹਿਲਾ ਕਿ ਕਰਨਲ ਨਿਸ਼ਾਨ ਦੀ ਕਹਿਣੀ ਅਤੇ ਕਰਨੀ ਦੀ ਪਰਖ ਕੀਤੀ ਜਾਵੇ, ਮਲ ਮਾਸ ਨੂੰ ਸਮਝਣਾ ਬਹੁਤ ਜਰੂਰੀ ਹੈ।

ਕਰਤੇ ਦੇ ਨਿਯਮ ਅਨੁਸਾਰ, ਚੰਦ ਧਰਤੀ ਦੁਵਾਲੇ ਚੱਕਰ ਲਾਉਂਦਾ ਹੈ। ਇਹ ਚੱਕਰ 29.53 ਦਿਨਾਂ ਵਿੱਚ ਪੂਰਾ ਹੁੰਦਾ ਹੈ। ਇਸ ਨੂੰ ਚੰਦ ਦਾ ਇਕ ਮਹੀਨਾ ਕਿਹਾ ਜਾਂਦਾ ਹੈ। ਚੰਦ ਦੇ ਸਾਲ ਵਿੱਚ 12 ਮਹੀਨੇ (ਚੇਤ ਤੋਂ ਫੱਗਣ) ਹੁੰਦੇ ਹਨ। ਚੰਦ ਦੇ ਸਾਲ ਵਿੱਚ (29.53*12) 354.36 ਦਿਨ ਹੁੰਦੇ ਹਨ। ਇਹ ਸੂਰਜੀ ਸਾਲ ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ,ਇਕ ਸਾਲ ਵਿੱਚ 11 ਦਿਨ, ਦੋ ਸਾਲ ਵਿੱਚ 22 ਦਿਨ ਅਤੇ ਤਿੰਨ ਸਾਲ ਵਿੱਚ 33 ਦਿਨ ਪਿੱਛੇ ਰਹਿ ਜਾਂਦਾ ਹੈ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ, ਇਸ ਵਿੱਚ ਇਕ ਹੋਰ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਵਿਚ 13 ਮਹੀਨੇ ਅਤੇ 384 ਦਿਨ ਹੋ ਜਾਂਦੇ ਹਨ। ਅਜੇਹਾ 19 ਸਾਲਾਂ ਵਿੱਚ 7 ਵਾਰ ਕੀਤਾ ਜਾਂਦਾ ਹੈ।

ਮਲ ਮਾਸ ਕਿਹੜਾ ਹੋਵੇਗਾ? ਇਸ ਦੀ ਚੋਣ ਦਾ ਢੰਗ-ਤਰੀਕਾ ਇਹ ਹੈ ਕਿ ਜਦੋਂ ਮੱਸਿਆ ਤੋਂ ਮੱਸਿਆ ਦਰਮਿਆਨ ਸੰਗਰਾਂਦ ਨਾ ਆਵੇ ਭਾਵ ਸੂਰਜ ਰਾਸ਼ੀ ਨਾ ਬਦਲੇ, ਉਹ ਮਹੀਨਾ ਦੁਵਾਰਾ ਆ ਜਾਂਦਾ ਹੈ। ਇਸ ਸਾਲ (ਸੰਮਤ 2080 ਬਿਕ੍ਰਮੀ) ਵਿੱਚ ਸਾਵਣ ਦਾ ਮਹੀਨਾ ਮਲਮਾਸ ਹੈ। ਉੱਤਰੀ ਭਾਰਤ ਵਿੱਚ, ਚੰਦ ਦਾ ਮਹੀਨਾ ਪੂਰਨਮੰਤਾ ਹੈ। ਇਸ ਵਿੱਚ ਵਦੀ ਪੱਖ ਪਹਿਲਾ ਆਉਂਦਾ ਹੈ ਅਤੇ ਸੁਦੀ ਪੱਖ ਪਿੱਛੋਂ। ਇਸ ਸਾਲ ਸਾਵਣ ਦਾ ਮਹੀਨਾ (ਸਾਵਣ ਵਦੀ ਏਕਮ)4 ਜੁਲਾਈ ਨੂੰ ਆਰੰਭ ਹੋਇਆ ਸੀ। ਸਾਵਣ ਦੀ ਮੱਸਿਆ 17 ਜੁਲਾਈ ਨੂੰ ਆਈ ਸੀ। ਸਾਵਣ ਦੀ ਸੰਗਰਾਂਦ 16 ਜੁਲਾਈ ਨੂੰ ਆਈ ਸੀ। ਹੁਣ ਅਗਲੀ ਮੱਸਿਆ 16 ਅਗਸਤ ਨੂੰ ਆਈ ਸੀ। ਭਾਦੋਂ ਦੀ ਸੰਗਰਾਂਦ 17 ਅਗਸਤ ਨੂੰ ਆਈ ਸੀ। ਮੱਸਿਆ ਤੋਂ ਮੱਸਿਆ (16 ਜੁਲਾਈ ਤੋਂ 16 ਅਗਸਤ) ਦਰਮਿਆਨ ਸੰਗਰਾਂਦ ਨਾ ਆਉਣ ਕਰਕੇ ਸਾਵਣ ਦਾ ਮਹੀਨਾ ਦੁਬਾਰਾ ਆ ਗਿਆ। ਪਹਿਲੇ ਸਾਵਣ ਦਾ ਪਹਿਲਾ ਪੱਖ (ਵਦੀ ਪੱਖ) ਚੰਗਾ, ਪਹਿਲੇ ਸਾਵਣ ਦਾ ਦੂਜਾ ਪੱਖ (ਸੁਦੀ ਪੱਖ) ਮਾੜਾ, ਦੂਜੇ ਸਾਵਣ ਦਾ ਪਹਿਲਾ ਪੱਖ (ਵਦੀ ਪੱਖ) ਮਾੜਾ, ਦੂਜੇ ਸਾਵਣ ਦਾ ਦੂਜਾ ਪੱਖ (ਸੁਦੀ ਪੱਖ) ਚੰਗਾ। ਇਸ ਸਾਲ ਸਾਵਣ ਦਾ ਮਹੀਨਾ 4 ਜੁਲਾਈ ਨੂੰ ਆਰੰਭ ਹੋਇਆਂ ਸੀ, ਅਤੇ 31 ਅਗਸਤ ਨੂੰ ਖਤਮ ਹੋਇਆ ਸੀ। (59 ਦਿਨਾਂ ਦਾ ਮਹੀਨਾ) ਇਸ ਵਿੱਚ ਦੋ ਪੁੰਨਿਆਆਈਆਂ ਸਨ। ਪਹਿਲੀ ਪੁੰਨਿਆ1 ਅਗਸਤ ਨੂੰ ਆਈ ਸੀ ਇਹ ਮਲਮਾਸ ਸੀ, ਅਤੇ ਦੂਜੀ ਪੁੰਨਿਆ 31 ਅਗਸਤ ਨੂੰ ਆਈ ਸੀ ਇਹ ਸ਼ੁਭ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੈਲੰਡਰ ਵਿੱਚ ਵੀ 'ਜੋੜ ਮੇਲਾ ਬਾਬਾ ਬਕਾਲਾ' 15 ਭਾਦੋਂ (31 ਅਗਸਤ) ਦਾ ਹੀ ਦਰਜ ਹੈ।

ਕਰਨਲ ਨਿਸ਼ਾਨ ਵੱਲੋਂ ਆਪਣੀ ਕਿਤਾਬ ਵਿੱਚ"ਮੇਲਾ ਬਾਬਾ ਬਕਾਲਾ (ਰੱਖੜ ਪੁੰਨਿਆ) ਸਾਵਣ ਸੁਦੀ ਪੂਰਨਮਾਸ਼ੀ" ਦੇ ਸਿਰਲੇਖ ਹੇਠ 86 ਸਾਲਾਂ ਦੀਆਂ ਤਾਰੀਖਾਂ (2015 ਈ: ਤੋਂ 2100 ਈ:) ਦਿੱਤੀਆਂ ਹੋਈਆਂ ਹਨ। (ਪੰਨਾ 78) ਇਸ ਸਾਲ ਦੀ ਤਾਰੀਖ 31 ਅਗਸਤ 2023 ਈ: ਦਿਨ ਵੀਰਵਾਰ ਦਰਜ ਹੈ। ਇਹ ਤਾਰੀਖ ਦੂਜੇ ਸਾਵਣ ਦੇ ਸ਼ੁਧ ਸੁਦੀ ਪੱਖ ਵਿੱਚ ਆਈ ਪੁੰਨਿਆ ਦੀ ਹੈ। ਇਸ ਤੋਂ ਸਪੱਸ਼ਟ ਹੈ ਕਿ ਕਰਨਲ ਨਿਸ਼ਾਨ ਨੇ ਵੀ ਤਾਰੀਖਾਂ ਦਰਜ ਕਰਨ ਵੇਲੇ ਮਲਮਾਸ ਦਾ ਖਿਆਲ ਰੱਖਿਆ ਹੈ। ਜੋ ਕਿ ਬਿਕ੍ਰਮੀ ਕੈਲੰਡਰ ਮੁਤਾਬਕ ਤਕਨੀਕੀ ਤੌਰ ਤੇ ਠੀਕ ਹੈ ਪਰ,ਉਨ੍ਹਾਂਦੇ ਆਪਣੇ ਲਿਖੇ ਦੇ ਉਲਟ, "ਗੁਰਪੁਰਬਾਂ ਦੀਆਂ ਤਿੱਥਾਂ ਨਿਰਧਾਰਤ ਕਰਨ ਲਈ ਇਤਿਹਾਸ ਨੂੰ ਮੁੱਖ ਰੱਖਿਆ ਗਿਆ ਹੈ ਨਾ ਕਿ ਮਲਮਾਸ ਨੂੰ"। ਇਥੇ ਹੀ ਵੱਸ ਨਹੀਂ, ਚਲੋ ਮੰਨਿਆ ਕਿ ਕਿਤੇ ਕੋਈ ਗਲਤੀ ਲੱਗ ਸਕਦੀ ਹੈ। ਪਰ ਜੇ ਹਰ ਵਾਰ ਉਹੀ ਗਲਤੀ ਦੁਹਰਾਈ ਜਾਵੇ ਤਾਂ ਸੋਚਣਾ ਬਣਦਾ ਹੈ। 21ਵੀਂ ਸਦੀ ਵਿੱਚ ਦ੍ਰਿਕਗਿਣਤ ਸਿਧਾਂਤ ਮੁਤਾਬਕ ਕੁਲ 7 ਵਾਰ, ਸਾਵਣ ਦਾ ਮਹੀਨਾ ਦੋ ਵਾਰ ਆਵੇਗਾ। ਜਦੋਂ ਕਰਨਲ ਨਿਸ਼ਾਨ ਦੀਆਂ ਸਾਰੀਆਂ ਤਾਰੀਖਾਂ ਦੀ ਪੜਤਾਲ ਕੀਤੀ ਗਈ ਤਾਂ ਹਰ ਵਾਰ ਉਨ੍ਹਾਂ ਨੇ ਮਲਮਾਸ ਦੇ ਭਰਮ ਵਿੱਚ 'ਮੇਲਾ ਬਾਬਾ ਬਕਾਲਾ' ਦੂਜੀ ਪੁੰਨਿਆ ਭਾਵ ਸ਼ੁਧ ਪੁੰਨਿਆ ਦਾ ਹੀ ਦਰਜ ਕੀਤਾ ਹੈ। ਜਦੋਂ ਕਿ ਆਪ ਹੀ ਲਿਖਦੇ ਹਨ, "ਇਤਿਹਾਸਿਕ ਘਟਨਾ ਨੂੰ ਕਿਸੇ ਮਲਮਾਸ ਦੇ ਭਰਮ ਭੁਲੇਖੇ ਕਾਰਨ ਅੱਗੇ ਪਿਛੇ ਨਹੀਂ ਕੀਤਾ ਜਾ ਸਕਦਾ"।



78

ਮੇਲਾ ਬਾਬਾ ਬਕਾਲਾ (ਰੱਖੜ ਪੁੰਨਿਆਂ) ਸਾਵਣ ਸੁਦੀ ਪੂਰਨਮਾਸੀ

| ਥਿੱਤ | ਸੰਮਤ ਨਾਨਕਸ਼ਾਹੀ | ਵਾਰ | ਤਾਰੀਖ | ਸੰਮਤ ਨਾਨਕਸ਼ਾਹੀ | ਵਾਰ | ਤਾਰੀਖ |
|---|---|---|---|---|---|---|
| ਸਾਵਣ ਸੁਦੀ ਪੂ: | 547 | [illegible] | 29-08-2015 | 590 | [illegible] | 04-08-2058 |
| ਸਾਵਣ ਸੁਦੀ ਪੂ: | 548 | [illegible] | 18-08-2016 | 591 | [illegible] | 23-08-2059 |
| ਸਾਵਣ ਸੁਦੀ ਪੂ: | 549 | [illegible] | 07-08-2017 | 592 | [illegible] | 12-08-2060 |
| ਸਾਵਣ ਸੁਦੀ ਪੂ: | 550 | [illegible] | 26-08-2018 | 593 | [illegible] | 30-08-2061 |
| ਸਾਵਣ ਸੁਦੀ ਪੂ: | 551 | [illegible] | 15-08-2019 | 594 | [illegible] | 20-08-2062 |
| ਸਾਵਣ ਸੁਦੀ ਪੂ: | 552 | [illegible] | 03-08-2020 | 595 | [illegible] | 09-08-2063 |
| ਸਾਵਣ ਸੁਦੀ ਪੂ: | 553 | [illegible] | 22-08-2021 | 596 | [illegible] | 26-08-2064 |
| ਸਾਵਣ ਸੁਦੀ ਪੂ: | 554 | [illegible] | 12-08-2022 | 597 | [illegible] | 16-08-2065 |
| ਸਾਵਣ ਸੁਦੀ ਪੂ: | 555 | [illegible] | 31-08-2023 | 598 | [illegible] | 05-08-2066 |
| ਸਾਵਣ ਸੁਦੀ ਪੂ: | 556 | [illegible] | 19-08-2024 | 599 | [illegible] | 24-08-2067 |
| ਸਾਵਣ ਸੁਦੀ ਪੂ: | 557 | [illegible] | 09-08-2025 | 600 | [illegible] | 13-08-2068 |
| ਸਾਵਣ ਸੁਦੀ ਪੂ: | 558 | [illegible] | 28-08-2026 | 601 | [illegible] | 01-09-2069 |
| ਸਾਵਣ ਸੁਦੀ ਪੂ: | 559 | [illegible] | 17-08-2027 | 602 | [illegible] | 21-08-2070 |
| ਸਾਵਣ ਸੁਦੀ ਪੂ: | 560 | [illegible] | 05-08-2028 | 603 | [illegible] | 10-08-2071 |
| ਸਾਵਣ ਸੁਦੀ ਪੂ: | 561 | [illegible] | 23-08-2029 | 604 | [illegible] | 28-08-2072 |
| ਸਾਵਣ ਸੁਦੀ ਪੂ: | 562 | [illegible] | 13-08-2030 | 605 | [illegible] | 17-08-2073 |
| ਸਾਵਣ ਸੁਦੀ ਪੂ: | 563 | [illegible] | 03-08-2031 | 606 | [illegible] | 07-08-2074 |
| ਸਾਵਣ ਸੁਦੀ ਪੂ: | 564 | [illegible] | 21-08-2032 | 607 | [illegible] | 26-08-2075 |
| ਸਾਵਣ ਸੁਦੀ ਪੂ: | 565 | [illegible] | 10-08-2033 | 608 | [illegible] | 14-08-2076 |
| ਸਾਵਣ ਸੁਦੀ ਪੂ: | 566 | [illegible] | 29-08-2034 | 609 | [illegible] | 04-08-2077 |
| ਸਾਵਣ ਸੁਦੀ ਪੂ: | 567 | [illegible] | 18-08-2035 | 610 | [illegible] | 23-08-2078 |
| ਸਾਵਣ ਸੁਦੀ ਪੂ: | 568 | [illegible] | 06-08-2036 | 611 | [illegible] | 12-08-2079 |
| ਸਾਵਣ ਸੁਦੀ ਪੂ: | 569 | [illegible] | 25-08-2037 | 612 | [illegible] | 30-08-2080 |
| ਸਾਵਣ ਸੁਦੀ ਪੂ: | 570 | [illegible] | 14-08-2038 | 613 | [illegible] | 19-08-2081 |
| ਸਾਵਣ ਸੁਦੀ ਪੂ: | 571 | [illegible] | 04-08-2039 | 614 | [illegible] | 08-08-2082 |
| ਸਾਵਣ ਸੁਦੀ ਪੂ: | 572 | [illegible] | 22-08-2040 | 615 | [illegible] | 27-08-2083 |
| ਸਾਵਣ ਸੁਦੀ ਪੂ: | 573 | [illegible] | 12-08-2041 | 616 | [illegible] | 16-08-2084 |
| ਸਾਵਣ ਸੁਦੀ ਪੂ: | 574 | [illegible] | 31-08-2042 | 617 | [illegible] | 05-08-2085 |
| ਸਾਵਣ ਸੁਦੀ ਪੂ: | 575 | [illegible] | 20-08-2043 | 618 | [illegible] | 24-08-2086 |
| ਸਾਵਣ ਸੁਦੀ ਪੂ: | 576 | [illegible] | 08-08-2044 | 619 | [illegible] | 14-08-2087 |
| ਸਾਵਣ ਸੁਦੀ ਪੂ: | 577 | [illegible] | 27-08-2045 | 620 | [illegible] | 01-09-2088 |
| ਸਾਵਣ ਸੁਦੀ ਪੂ: | 578 | [illegible] | 16-08-2046 | 621 | [illegible] | 21-08-2089 |
| ਸਾਵਣ ਸੁਦੀ ਪੂ: | 579 | [illegible] | 05-08-2047 | 622 | [illegible] | 10-08-2090 |
| ਸਾਵਣ ਸੁਦੀ ਪੂ: | 580 | [illegible] | 23-08-2048 | 623 | [illegible] | 28-08-2091 |
| ਸਾਵਣ ਸੁਦੀ ਪੂ: | 581 | [illegible] | 13-08-2049 | 624 | [illegible] | 17-08-2092 |
| ਸਾਵਣ ਸੁਦੀ ਪੂ: | 582 | [illegible] | 01-09-2050 | 625 | [illegible] | 07-08-2093 |
| ਸਾਵਣ ਸੁਦੀ ਪੂ: | 583 | [illegible] | 22-08-2051 | 626 | [illegible] | 26-08-2094 |
| ਸਾਵਣ ਸੁਦੀ ਪੂ: | 584 | [illegible] | 10-08-2052 | 627 | [illegible] | 15-08-2095 |
| ਸਾਵਣ ਸੁਦੀ ਪੂ: | 585 | [illegible] | 29-08-2053 | 628 | [illegible] | 04-08-2096 |
| ਸਾਵਣ ਸੁਦੀ ਪੂ: | 586 | [illegible] | 18-08-2054 | 629 | [illegible] | 22-08-2097 |
| ਸਾਵਣ ਸੁਦੀ ਪੂ: | 587 | [illegible] | 07-08-2055 | 630 | [illegible] | 11-08-2098 |
| ਸਾਵਣ ਸੁਦੀ ਪੂ: | 588 | [illegible] | 25-08-2056 | 631 | [illegible] | 30-08-2099 |
| ਸਾਵਣ ਸੁਦੀ ਪੂ: | 589 | [illegible] | 14-08-2057 | 632 | [illegible] | 19-08-2100 |

ਹੁਣ 2042 ਈ: ਵਿੱਚ ਸਾਵਣ ਦਾ ਮਹੀਨਾ ਦੋ ਵਾਰ ਆਵੇਗਾ। ਇਸ ਵਿੱਚ ਦੋ ਪੁੰਨਿਆ ਹੋਣਗੀਆਂ। ਪਹਿਲੀ ਪੁੰਨਿਆ 1 ਅਗਸਤ ਦਿਨ ਸ਼ੁੱਕਰਵਾਰ ਨੂੰ ਆਵੇਗੀ ਜੋ ਅਸ਼ੁਭ ਹੋਵੇਗੀ ਅਤੇ ਦੂਜੀ 31 ਅਗਸਤ ਨੂੰ ਦਿਨ ਐਤਵਾਰ ਨੂੰ ਆਵੇਗੀ ਜੋ ਸ਼ੁਭ ਹੋਵੇਗੀ। ਨੱਥੀ ਕੀਤੇ ਪੰਨੇ (78) ਦੀ ਫ਼ੋਟੋ ਨੂੰ ਵੇਖੋ। 31/8/2042 ਈ: ਦਿਨ ਐਤਵਾਰ ਦਰਜ ਹੈ। ਇਸ ਤੋਂ ਅੱਗੇ 2061 ਈ:, 2069 ਈ:, 2080 ਈ:, 2088 ਈ: ਅਤੇ 2099 ਈ: ਵਿੱਚ ਸਾਵਣ ਦੋ ਵਾਰ ਆਵੇਗਾ। ਇਨ੍ਹਾਂ ਸਾਲਾਂ ਦੀ ਪੜਤਾਲ ਕਰਨ ਤੇ ਵੇਖਿਆ ਗਿਆ ਹੈ ਕਿ ਹਰ ਸਾਲ 'ਮੇਲਾ ਬਾਬਾ ਬਕਾਲਾ' ਸ਼ੁਭ-ਅਸ਼ੁਭ ਦਾ ਪੂਰਾ ਖਿਆਲ ਰੱਖ ਕੇ, ਸ਼ੁਭ ਪੁੰਨਿਆ ਦਾ ਹੀ ਦਰਜ ਕੀਤਾ ਗਿਆ ਹੈ। ਜਦੋਂ ਕਿ ਆਪ ਹੀ ਲਿਖਦੇ ਹਨ, "ਜਿਵੇਂ ਪਹਿਲਾਂ ਕਿਹਾ ਜਾ ਚੁਕਿਆ ਹੈ ਗੁਰਸਿੱਖ ਲਈ ਕੋਈ ਮਹੀਨਾ ਮਲਮਾਸ ਜਾਂ ਗੰਦਾ ਮਹੀਨਾ ਨਹੀਂ ਸਾਰੇ ਮਹੀਨੇ ਭਲੇ ਹਨ, "ਮਾਹ ਦਿਵਸ ਮੂਰਤ ਭਲੇ..."। ਇਸ ਲਈ ਇਤਿਹਾਸ ਮੁਤਾਬਿਕ ਹੀ ਸਾਰੇ ਗੁਰਪੁਰਬ ਅਗਲੇ ਪੰਨਿਆਂ ਤੇ ਦਿੱਤੇ ਗਏ ਹਨ। ਗੁਰਪੁਰਬਾਂ ਦੀਆਂ ਤਿੱਥਾਂ ਨਿਰਧਾਰਤ ਕਰਨ ਲਈ ਇਤਿਹਾਸ ਨੂੰ ਮੁੱਖ ਰੱਖਿਆ ਗਿਆ ਹੈ ਨਾ ਕਿ ਮਲਮਾਸ ਨੂੰ। ਇਤਿਹਾਸਿਕ ਘਟਨਾ ਨੂੰ ਕਿਸੇ ਮਲਮਾਸ ਦੇ ਭਰਮ ਭੁਲੇਖੇ ਕਾਰਨ ਅੱਗੇ ਪਿਛੇ ਨਹੀਂ ਕੀਤਾ ਜਾ ਸਕਦਾ" (ਪੰਨਾ 35)

### ਆਓ ਹੁਣ ਕਰਨਲ ਨਿਸ਼ਾਨ ਵੱਲੋਂ ਨਕਲ ਮਾਰ ਕੇ ਲਿਖੀਆਂ ਗਈਆਂ ਤਾਰੀਖਾਂ ਦੀ ਪੜਤਾਲ ਕਰੀਏ

ਕਰਨਲ ਨਿਸ਼ਾਨ ਮੁਤਾਬਕ ਸੰਮਤ 2086 ਬਿਕ੍ਰਮੀ ਵਿੱਚ ਸਾਵਣ ਦੀ ਪੁੰਨਿਆ 23 ਅਗਸਤ 2029 ਈ: ਨੂੰ ਆਵੇਗੀ। 23 ਅਗਸਤ ਦਿਨ ਵੀਰਵਾਰ ਨੂੰ ਪੁੰਨਿਆ, ਸੂਰਜੀ ਸਿਧਾਂਤ ਮੁਤਾਬਕ ਆਵੇਗੀ। ਜਦੋਂ ਕਿ ਆਪਣੇ ਖਿੱਤੇ ਵਿੱਚ ਨਵੰਬਰ 1964 ਈ: ਦੀ ਸੋਧ ਤੋਂ ਪਿਛੋਂ ਦ੍ਰਿਕਗਿਣਤ ਸਿਧਾਂਤ ਲਾਗੂ ਹੈ। ਜਿਸ ਮੁਤਾਬਕ ਸਾਵਣ ਦੀ ਪੁੰਨਿਆ 24 ਅਗਸਤ ਦਿਨ ਸ਼ੁੱਕਰਵਾਰ ਨੂੰ ਆਵੇਗੀ। ਇਥੇ ਹੀ ਵੱਸ ਨਹੀਂ, 1/9/2050 ਦਿਨ ਵੀਰਵਾਰ ਨੂੰ ਧਿਆਨ ਨਾਲ ਵੇਖੋ। ਸੂਰਜੀ ਸਿਧਾਂਤ ਮੁਤਾਬਕ ਸੰਮਤ 2107 ਬਿਕ੍ਰਮੀ ਵਿੱਚ ਸਾਵਣ ਦਾ ਮਹੀਨਾ ਮਲਮਾਸ ਹੋਵੇਗਾ। ਇਸ ਸਾਲ ਸਾਵਣ ਦੀਆਂ ਦੋ ਪੁੰਨਿਆ ਹੋਣਗੀਆਂ। ਪਹਿਲੀ 3 ਅਗਸਤ ਨੂੰ (ਅਸ਼ੁਭ) ਅਤੇ ਦੂਜੀ 1 ਸਤੰਬਰ ਨੂੰ (ਸ਼ੁਭ)।ਇਥੇ ਵੀ ਕਰਨਲ ਨਿਸ਼ਾਨ ਨੇ ਸ਼ੁਭ-ਅਸ਼ੁਭ ਦਾ ਪੂਰਾ ਖਿਆਲ ਰੱਖ ਕੇ, ਸਾਵਣ ਦੀ ਦੂਜੀ ਪੁੰਨਿਆ ਭਾਵ 1/9/2050 ਦੀ ਰੱਖੜ ਪੁੰਨਿਆ ਦਰਜ ਕੀਤੀ ਹੈ। ਪਰ ਦ੍ਰਿਕਗਿਣਤ ਸਿਧਾਂਤ ਮੁਤਾਬਕ ਸਾਵਣ ਦਾ ਮਹੀਨ ਮਲ ਮਾਸ ਹੈ ਹੀ ਨਹੀਂ। ਦ੍ਰਿਕਗਿਣਤ ਸਿਧਾਂਤ ਮੁਤਾਬਕ ਤਾਂ ਭਾਦੋਂ ਦਾ ਮਹੀਨਾ ਮਲਮਾਸ ਹੈ। ਦ੍ਰਿਕਗਿਣਤ ਸਿਧਾਂਤ ਸੰਮਤ 2107 ਬਿ: ਵਿੱਚ ਤਾਂ ਰੱਖੜ ਪੁੰਨਿਆ 3/8/2050 ਦਿਨ ਬੁੱਧਵਾਰ ਨੂੰ ਆਵੇਗੀ। ਕਰਨਲ ਨਿਸ਼ਾਨ ਦੀ ਇਹ ਤਾਰੀਖ ਵੀ ਇਕ ਮਹੀਨੇ ਦੇ ਫਰਕ ਨਾਲ ਗਲਤ ਹੈ।

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### ਕਾਂਸੀ ਰਾਮ ਚੰਨ ਦਾ 'ਚੰਨ ਟੀ.ਵੀ'

ਉਸਤਾਦ ਘੁੱਲੇ ਸ਼ਾਹ ਨੇ ਕਿਹਾ ਕਿ ਫੈਂਸ਼ਨ ਦੌਰ ਵਿੱਚ ਦਰਸ਼ਕ ਹਾਸੇ ਦੀ ਖੁਰਾਕ ਮੰਗਦੇ ਨੇ ਤਾਂ ਸ਼ਗਿਰਦ ਕਾਂਸੀ ਰਾਮ ਚੰਨ ਨੇ ਬਿਨ ਦੇਰ ਲਾਏ 'ਚੰਨ ਟੀ.ਵੀ.' ਸ਼ੁਰੂ ਕੀਤਾ। 'ਬਾਪੂ ਵੇਚਣਾ' 'ਲਾਡਲਾ ਨੌਕਰ' ਹਾਸੇ ਵਾਲੀਆਂ ਲਘੂ ਫ਼ਿਓਮਪ;ਲਮਾਂ ਨੇ ਚੈਨਲ ਲੋਕ ਪ੍ਰਿਅਤਾ ਵੱਲ ਮੋੜ ਦਿੱਤਾ ਹੈ। ਚੰਨੀ, ਅਮਰ ਨਿਮਾਣਾ, ਸ਼ਨੀਆ ਤੇ ਸੁਰਿੰਦਰ ਫ਼ਰਿਸ਼ਤਾ ਸਾਰੇ ਕਾਂਸੀ ਰਾਮ ਚੰਨ



ਦੇ 'ਚੰਨ ਟੀ.ਵੀ.' ਲਈ ਹਾਜ਼ਿਰ ਹਨ। ਦਰਸ਼ਕਾਂ ਨੂੰ ਮਨੋਰੰਜਨ ਮਿਲ ਰਿਹਾ ਹੈ। ਹਾਂ ਹੁਣ ਚੰਨ ਨੂੰ ਪਾਲੀਵੁੱਡ ਦਾ 'ਚੰਨ' ਬਣਨ ਚਮਕਣਾ ਚਾਹੀਦਾ ਹੈ।

### ਅਮਾਇਰਾ ਦਸਤੂਰ ਦੇ ਦਸਤੂਰ

'ਬੁਰਾਹ' 'ਰੋਮਿਉ ਰਾਂਝਾ' ਫ਼ਿਲਮਾਂ ਦੀ ਹੀਰੋਇਨ ਅਮਾਇਰਾ ਦਸਤੂਰ ਦੀ ਪੰਜਾਬੀ ਫ਼ਿਲਮਾਂ ਤੋਂ ਅਜ ਕੱਲ ਦੂਰੀ ਹੈ। ਅਮਾਇਰਾ ਨੇ ਹੁਣ 'ਸ਼ੋਅ ਬਿਜ਼' ਵਿੱਚ ਰਹਿਣਾ ਹੈ, ਚਰਚਾ ਲੈਣੀ ਹੈ । ਰੋਟੀ ਖਾਣੀ ਹੈ ਤੇ ਉਸਨੇ ਹੁਣ ਮੈਗਜ਼ੀਨਾਂ ਲਈ ਅਰਧ-ਨਗਨ ਪਹਿਰਾਵੇ ਨਾਲ ਫੋਟੋ ਦੇਣੇ ਸ਼ੁਰੂ ਕੀਤੇ ਹਨ । ਅਮਾਇਰਾ ਦਾ ਇਹ ਨਵਾਂ ਦਸਤੂਰ ਹੈ ਤਾਂ ਬੁਰਾ ਪਰ ਕੰਮ ਲਈ ਸਭ ਕਰਨਾ ਪੈਂਦਾ ਹੈ।

### ਬੀ.ਕੇ. ਸਿੰਘ ਰੱਖਣਾ ਹਾਜ਼ਿਰ ਹੋ

40 ਦੇ ਕਰੀਬ ਫ਼ਿਲਮਾਂ ਕਰ ਚੁੱਕੇ ਅਦਾਕਰਾ ਬੀ.ਕੇ. ਸਿੰਘ ਰੱਖੜਾ ਦੀ ਨਵੀਂ ਫ਼ਿਲਮ 'ਪਿੰਡ ਅਮਰੀਕਾ' ਆਏਗੀ। ਅੰਗਰੇਜ਼ੀ ਫ਼ਿਲਮ 'ਆਫਟਰਨੂਨ ਟੀ' ਲਈ ਸਨਮਾਨਿਤ ਰੱਖੜਾ ਨੇ 'ਜਿੰਦੂਆ' 'ਬਾਬੇ ਭੰਗੜਾ ਪਾਉਂਦੇ ਨੇ' 'ਜੰਨਤਾ' 'ਨਿਸ਼ਾਨਾ' ਵੀ ਕੀਤੀਆਂ ਹਨ । 'ਪਿੰਡ ਅਮਰੀਕਾ' 'ਚ ਉਹਨਾਂ ਦਾ ਕਿਰਦਾਰ ਉਹਨਾਂ ਨੂੰ ਬਾਲੀਵੁੱਡ ਤੇ ਪਾਲੀਵੁੱਡ ਵਿੱਚ ਮਸ਼ਹੂਰ ਕਰੇਗਾ, ਇਹ





ਗੱਲ ਪੱਕੀ ਹੈ ਸਮਝੋ ਹੋ ਗਈ।

### 'ਤਬਾਹੀ' ਲਿਆਏਗਾ ਦਲੇਰ ਮਹਿਤਾ

'ਮਸੰਦ' ਫ਼ਿਲਮ ਤੋਂ ਬਾਅਦ ਦਲੇਰ ਮਹਿਤਾ ਦੀ ਨਵੀਂ ਫ਼ਿਲਮ 'ਤਬਾਹੀ ਰੀਲੋਡਿਡ' ਆ ਰਹੀ ਹੈ । ਬਲਬੀਰ ਟਾਂਡਾ ਨੌਰਵੇ ਦੀ ਇਸ ਫ਼ਿਲਮ 'ਚ ਦਲੇਰਾ ਮਹਿਤਾ ਦਾ ਕਿਰਦਾਰ ਵੱਡਾ ਤੇ ਪ੍ਰਭਾਵਸ਼ਾਲੀ ਹੈ। 'ਸਟਾਰ ਐਵਾਰਡ' ਪ੍ਰਾਪਤ ਕਰਨ ਵਾਲੇ ਦਲੇਰ ਮਹਿਤਾ ਨੂੰ 'ਰੰਗਬੇਰੰਗੀ' 'ਆਖਿਰੀ ਗਾਂਵ' ਵੈਬ ਸ਼ੀਰੀਜ਼ ਵੀ ਮਿਲੀਆਂ ਹਨ । ਪਰ 'ਤਬਾਹੀ' ਫ਼ਿਲਮ ਨਾਲ ਉਹ ਪੱਕਾ 'ਸਟਾਰ ਕਲਾਕਾਰ' ਬਣੇਗਾ।






### ਯੋਗਰਾਜ ਸਿੰਘ ਸੇਵਾ-ਸਿਵਰਨ ਵੱਲ

ਫ਼ਿਲਮਾਂ ਤਾਂ ਕਿੱਤਾ ਹੈ, ਕਰਨੀਆਂ ਹਨ, ਖੇਡ ਕ੍ਰਿਕਟ ਸਿਖਾਉਣੀ ਹੈ ਪਰ ਸਮਾਂ ਮਿਲਦੇ ਹੀ ਗੁਰਬਾਣੀ ਪਾਠ, ਧਿਆਨ, ਚੌਕੜੀ, ਗੁਰੂ ਘਰਾਂ ਦੇ ਦਰਸ਼ਨ ਯੋਗਰਾਜ ਸਿੰਘ ਕਰ ਰਹੇ ਹਨ । ਹਜ਼ੂਰ ਸਾਹਿਬ ਤੋਂ ਮਿਲੀ ਦਸਤਾਰ



ਤੇ 'ਕੜਾ' ਪਹਿਨ ਕਿ ਉਹ ਸੰਨਭਾਗ ਆਪਣੇ ਸਮਝ ਰਹੇ ਹਨ । 'ਸੇਰਾਂ ਦੀ ਕੌਮ ਪੰਜਾਬੀ' ਫ਼ਿਲਮ 'ਚ ਉਹਨਾਂ ਦਾ ਕਿਰਦਾਰ ਵੀ ਕੁਝ ਅਜਿਹਾ ਹੀ ਹੈ। ਖ਼ੂਬ ਧਾਰਮਿਕ ਰੰਗ ਚੜ੍ਹ ਚੁੱਕਾ ਹੈ, ਯੋਗਰਾਜ ਸਿੰਘ ਤੇ।

### ਐਚ.ਆਰ.ਡੀ. ਸਿੰਘ 'ਜਹਾਂ ਚਾਂਦ ਰਹਤਾ ਹੈ'

ਅਭਿਨੇਤਾ ਐਚ.ਆਰ.ਡੀ. ਸਿੰਘ ਅੱਜ ਕੱਲ ਦੂਰਦਰਸ਼ਨ ਨੈਸ਼ਨਲ ਤੇ 'ਜਹਾਂ ਚਾਂਦ ਰਹਤਾ ਹੈ' ਸੀਰੀਅਲ 'ਚ ਨਜ਼ਰ ਆ ਰਹੇ ਹਨ। 'ਬਾਬਲ ਦਾ ਵਿਹੜਾ' 'ਹਨੀ ਮੂਨ' ਫ਼ਿਲਮਾਂ ਕਰ ਚੁੱਕੇ ਐਚ.ਆਰ.ਡੀ. ਸਿੰਘ ਨੇ 'ਨਾਨਕ ਨਾਮ ਜ਼ਹਾਜ਼' 'ਚ ਵੀ ਕੰਮ ਕੀਤਾ ਹੈ। 'ਅੰਨੀ ਦਿਆ ਮਜ਼ਾਕ ਏ' ਉਹਨਾਂ ਐਮੀ ਵਿਰਕ ਨਾਲ ਕੀਤੀ ਹੈ ਤੇ ਅਮਰੀਕ ਵਿਖੇ 'ਸੰਤ ਸਿਪਾਹੀ' ਨਾਟਕ ਦਾ ਮੰਚਨ ਵੀ ਕੀਤਾ ਹੈ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**

**WASH, LUBE, BRAKES**

Call:

650-642-0697

## 3525 Highway 99, West Corning, CA 96021

Across the Street from TA Truck Stop



# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust